# ਅਜੋਕੀ ਸਿੱਖਿਆ ਪ੍ਰਣਾਲੀ

ਸੰਪਾਦਕ : ਡਾ: ਇੰਦਰਜੀਤ ਕੌਰ

*ਪ੍ਰਕਾਸ਼ਕ :*

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.)**

ਅੰਮ੍ਰਿਤਸਰ ।

**ਅਜੋਕੀ ਸਿੱਖਿਆ ਪ੍ਰਣਾਲੀ**

ਸੰਪਾਦਕ : ਡਾ. ਇੰਦਰਜੀਤ ਕੌਰ

ਜੁਲਾਈ 2019 ਨੂੰ ਛਪੀ 5,000

ਪ੍ਰਕਾਸ਼ਕ :

ਡਾ. ਇੰਦਰਜੀਤ ਕੌਰ, ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ।

ਟੈਲੀਫ਼ੋਨ ਨੰ: 0183-2584713, 2584586

website: www.pingalwara.org

Email: pingalwara57@gmail.com

ਛਾਪਕ : ਪੂਰਨ ਪ੍ਰਿੰਟਿੰਗ ਪ੍ਰੈਸ,

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਜੀ.ਟੀ.ਰੋਡ, ਅੰਮ੍ਰਿਤਸਰ ।

# ਤਤਕਰਾ


**ਕ੍ਰਮ ਅੰਕ: ਲੇਖ ਪੰਨਾ ਨੰ:**

* **ਮੁੱਖ ਬੰਦ** ਡਾ: ਸਰਬਜੀਤ ਸਿੰਘ ਛੀਨਾ 6

1. ਸਕੂਲਾਂ ਵਿੱਚ ਫ਼ਸਟ ਏਡ ਕਿਉਂ ਜ਼ਰੂਰੀ ?
ਕਾਕਾ ਰਾਮ ਵਰਮਾ 9
2. ਖ਼ੁਦਕੁਸ਼ੀਆਂ ਦਾ 'ਸੈਂਟਰ' ਕਿਉਂ ਬਣ ਗਿਆ ਹੈ ਕੋਟਾ?
ਪਰਮਜੀਤ ਕੌਰ ਸਰਾਂ 13
3. ਸਿੱਖਿਆ 'ਚ ਵੀ ਨਜ਼ਰ ਆਉਣ ਲੱਗਾ ਅਮੀਰ-ਗ਼ਰੀਬ ਦਾ ਪਾੜਾ
ਪ੍ਰਿੰ: ਵਿਜੈ ਕੁਮਾਰ 16
4. ਉਦੇਸ਼ਾਂ ਤੋਂ ਭਟਕ ਗਈ ਹੈ ਅਜੋਕੀ ਸਿੱਖਿਆ-ਪ੍ਰਣਾਲੀ
ਗੁਰਚਰਨ ਸਿੰਘ ਨੂਰਪੁਰ 19
5. ਲਾਜ਼ਮੀ ਸਿੱਖਿਆ ਨਾਲੋਂ ਵਧੇਰੇ ਲੋੜ ਹੈ ਸਹੀ ਸਿੱਖਿਆ ਦੀ
ਡਾ: ਸ. ਸ. ਛੀਨਾ 24
6. ਕਿਵੇਂ ਦੂਰ ਹੋਵੇਗਾ ਸਿੱਖਿਆ ਵਿਚਲਾ ਨਿਘਾਰ ?
ਮੋਹਨ ਸ਼ਰਮਾ 28
7. ਸਿੱਖਿਆ ਤੇ ਸਿਆਸਤ 'ਚ ਸੁਧਾਰ ਲਈ ਨੌਜਵਾਨ ਨਿਭਾਉਣ ਅਹਿਮ ਭੂਮਿਕਾ
ਜਸਪ੍ਰੀਤ ਸਿੰਘ ਸੈਣੀ 32
8. ਸਕੂਲ 'ਚ ਸਫ਼ਾਈ ਕਰਨਾ ਕੋਈ ਗੁਨਾਹ ਨਹੀਂ
ਲੋਕ ਨਾਥ ਸ਼ਰਮਾ 35
9. ਸਕੂਲ ਸਿੱਖਿਆ ਬੋਰਡ ਦਾ ਕੱਚ-ਸੱਚ
ਸੁੱਚਾ ਸਿੰਘ ਖੱਟੜਾ 38
10. ਉਹ ਅਧਿਆਪਕ ਦਿਵਸ ਕਦੋਂ ਆਵੇਗਾ?
ਪ੍ਰਿੰਸੀਪਲ ਵਿਜੈ ਕੁਮਾਰ 42
11. ਅਜੋਕੀ ਸਿੱਖਿਆ-ਪ੍ਰਣਾਲੀ
ਕੁਲਵਿੰਦਰ ਚਾਨੀ 45
12. ਮਾਤ-ਭਾਸ਼ਾ ਵਿੱਚ ਸਿੱਖਿਆ ਕਿਉਂ ਜ਼ਰੂਰੀ ਹੈ?
ਡਾ: ਧਰਮ ਪਾਲ ਸਾਹਿਲ 49





13. ਵਿਦਿਆਰਥੀਆਂ 'ਚ ਆਚਰਣ ਉਸਾਰੀ ਤੇ ਨੈਤਿਕ ਵਿਕਾਸ ਕਿਵੇਂ ਕਰੀਏ?
ਲਵਜੀਤ ਕੌਰ ਮਾਨ 55
14. ਸਕੂਲਾਂ ਵਿੱਚ ਕਿਸ਼ੋਰ ਸਿੱਖਿਆ ਸਮੇਂ ਦੀ ਮੰਗ
ਪ੍ਰਿੰ: ਵਿਜੈ ਕੁਮਾਰ 57
15. ਵਿੱਦਿਅਕ ਅਦਾਰਿਆਂ ਨੂੰ ਲੜਾਈ ਦੇ ਮੈਦਾਨ ਨਾ ਬਣਾਉ
ਬਖ਼ਸ਼ੀਸ਼ ਸਿੰਘ ਸਭਰਾ 60
16. ਮਨੁੱਖ ਨੂੰ ਸੱਭਿਅਕ ਬਣਾਉਂਦੀ ਹੈ ਸਿੱਖਿਆ
ਡਾ: ਰਾਜਿੰਦਰ ਸਿੰਘ ਕੁਰਾਲੀ 63
17. ਸਿਰਫ਼ ਅਮੀਰਾਂ ਤਕ ਸੀਮਿਤ ਹੁੰਦੀ ਜਾ ਰਹੀ ਮਿਆਰੀ ਸਿੱਖਿਆ
ਪ੍ਰਿੰ: ਵਿਜੈ ਕੁਮਾਰ 67
18. ਲਾਜ਼ਮੀ ਦੇ ਨਾਲ-ਨਾਲ ਮਿਆਰੀ ਹੋਣੀ ਵੀ ਜ਼ਰੂਰੀ ਹੈ ਸਿੱਖਿਆ
ਪ੍ਰਿੰ: ਵਿਜੈ ਕੁਮਾਰ 71
19. ਸਿੱਖਿਆ ਦਾ ਗੁਣਾਤਮਿਕ ਪੱਖ ਹੋ ਰਿਹਾ ਹੈ ਮਨਫ਼ੀ
ਪ੍ਰਿੰ: ਵਿਜੈ ਕੁਮਾਰ 74
20. ਸਕੂਲ ਸਿੱਖਿਆ ਦਾ ਕੱਲ੍ਹ, ਅੱਜ ਤੇ ਭਲਕ
ਪ੍ਰੋ: ਹਮਦਰਦਵੀਰ ਨੌਸ਼ਹਿਰਵੀ 77
21. ਮਾਨਵੀ ਕੀਮਤਾਂ ਵਿਹੂਣੀ ਸਿੱਖਿਆ ਦਾ ਸੰਤਾਪ
ਹਰਜੀਤ ਕੌਰ ਵਿਰਕ 81
22. ਮਹਿੰਗੀ ਸਿੱਖਿਆ ਦਾ ਪਰਛਾਵਾਂ
ਬਖਸ਼ੀਸ਼ ਸਿੰਘ ਸਭਰਾ 83
23. ਸਿੱਖਿਆ ਖੇਤਰ ਨੂੰ ਦਰਪੇਸ਼ ਚੁਣੌਤੀਆਂ
ਪ੍ਰਿੰ: ਤਰਸੇਮ ਬਾਹੀਆ 86
24. ਸਕੂਲੀ ਸਿੱਖਿਆ ਚੌਰਾਹੇ 'ਤੇ 90
25. ਕਿਹੋ ਜਿਹੀ ਸਥਿਤੀ ਹੈ ਸਾਡੀ ਸਿੱਖਿਆ ਵਿਵਸਥਾ ਦੀ?
ਪੂਰਨ ਚੰਦ ਸਰੀਨ 92
26. ਬੰਦ ਕਿਉਂ ਕੀਤੇ ਜਾ ਰਹੇ ਹਨ ਸਰਕਾਰੀ ਸਕੂਲ?
ਡਾ: ਅਜੀਤਪਾਲ ਸਿੰਘ ਐਮ.ਡੀ. 96

27. ਉੱਚ ਸਿੱਖਿਆ ਦੀਆਂ ਸਮੱਸਿਆਵਾਂ
ਡਾ: ਸਰਬਜੀਤ ਕੌਰ ਸੋਹਲ 102
28. ਨੰਬਰਾਂ ਨਾਲ ਪਰਖਣ ਵਾਲਾ ਵਿੱਦਿਅਕ ਢਾਂਚਾ ਬਦਲਣ ਦੀ ਲੋੜ
ਇਕਵਾਕ ਸਿੰਘ ਪੱਟੀ 106
29. ਸਕੂਲੀ ਸਿੱਖਿਆ ਦਾ ਡਿੱਗਦਾ ਮਿਆਰ : ਕੁਝ ਅਣਗੌਲੇ ਪੱਖ
ਹੇਮਜੀਤ ਸਿੰਘ (ਪ੍ਰਿੰ:) 109
30. ਜਦੋਂ ਸਿੱਖਿਆ ਦਾ ਉਦੇਸ਼ ਸੀ ਜੀਵਨ ਬਾਰੇ ਤਿਆਰੀ
ਜੋਧ ਸਿੰਘ ਜੋਗਾ 113
31. ਸਰਕਾਰਾਂ ਸਿੱਖਿਆ ਸੰਬੰਧੀ ਆਪਣੀਆਂ ਨੀਤੀਆਂ ’ਤੇ
ਮੁੜ ਵਿਚਾਰ ਕਰਨ
ਸਤਨਾਮ ਸਿੰਘ ਮਾਣਕ 116
32. ਦੇਸ਼ ਨੂੰ ਕੌਮੀ ਸਿੱਖਿਆ ਨੀਤੀ ਦੀ ਲੋੜ
ਪ੍ਰੋ: ਲਕਸ਼ਮੀ ਕਾਂਤ ਚਾਵਲਾ 121
33. ਸਿੱਖਿਆ ਦੇ ਮਿਆਰ ਇਹੀ ਰਹੇ ਤਾਂ ਵਿਕਾਸ ਕਿਵੇਂ ਹੋਵੇਗਾ?
ਟੀ. ਜੇ. ਐਸ. ਜਾਰਜ 125
34. ਹਰ ਵਰਗ ਨੂੰ ਮਿਲੇ ਮਿਆਰੀ ਵਿੱਦਿਆ
ਗੁਰਿੰਦਰ ਸਿੰਘ 129
35. ਕਿਉਂ ਖੋਹਿਆ ਜਾ ਰਿਹੈ ਸਿੱਖਿਆ ਦਾ ਅਧਿਕਾਰ
ਕੰਵਲਜੀਤ ਖੰਨਾ 133
36. ਕੱਚੇ ਪ੍ਰੋਫ਼ੈਸਰਾਂ ਦੀ ਦਾਸਤਾਨ
ਵਿਨੋਦ ਮਿੱਤਲ (ਡਾ.) 138
37. ਵਿੱਦਿਆ-ਤੀਜਾ ਨੇਤਰ (ਕਵਿਤਾ)
ਜੈ ਸਿੰਘ ‘ਜੱਸਾ’ 143
38. ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ 145



# ਮੁੱਖ ਬੰਦ

“ਅਜੋਕੀ ਸਿੱਖਿਆ-ਪ੍ਰਣਾਲੀ” ਇਹ ਉਹ ਪੁਸਤਕ ਹੈ ਜਿਸ ਵਿੱਚ 37 ਵੱਖ-ਵੱਖ ਲੇਖਾਂ ਵਿੱਚ ਲੇਖਕਾਂ ਨੇ ਅਜੋਕੀ ਸਿੱਖਿਆ ਦਾ ਸ਼ਾਇਦ ਹੀ ਕੋਈ ਪਹਿਲੂ ਛੱਡਿਆ ਹੋਵੇ ਅਤੇ ਪਾਠਕਾਂ ਨੂੰ ਸਿੱਖਿਆ ਦੀ ਵਰਤਮਾਨ ਸਥਿਤੀ, ਊਣਤਾਈਆਂ ਅਤੇ ਆਉਣ ਵਾਲੇ ਸਮੇਂ ਲਈ ਉਹਨਾਂ ਲੋੜਾਂ ਦੀ ਵਿਆਖਿਆ ਕੀਤੀ ਹੈ ਜਿਸ ਨਾਲ ਵਿੱਦਿਆ ਰਾਹੀਂ, ਮਨੁੱਖੀ ਸਾਧਨਾਂ ਦੇ ਵਿਕਾਸ ਰਾਹੀਂ ਉੱਚੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਣ । ਭਾਰਤ ਦਾ ਸੰਵਿਧਾਨ ਹਰ ਇਕ ਲਈ ਬਰਾਬਰ ਮੌਕਿਆਂ ਦੀ ਵਿਵਸਥਾ ਕਰਦਾ ਹੈ ਜਿਸ ਦਾ ਵੱਡਾ ਅਧਾਰ ਵਿੱਦਿਆ ਹੈ । ਇਸ ਲਈ ਭਾਰਤ ਦੇ ਹਰ ਸ਼ਹਿਰੀ ਨੂੰ ਜੇ ਵਿੱਦਿਆ ਦੇ ਬਰਾਬਰ ਮੌਕੇ ਮਿਲਦੇ ਹਨ ਤਾਂ ਹੀ ਉਹ ਆਪਣੇ ਭਵਿੱਖ ਵਿੱਚ ਮਿਲਣ ਵਾਲੇ ਬਰਾਬਰ ਮੌਕਿਆਂ ਦਾ ਲਾਭ ਪ੍ਰਾਪਤ ਕਰ ਸਕਦਾ ਹੈ ।

ਵਰਤਮਾਨ ਸਿੱਖਿਆ ਦੀ ਸਥਿਤੀ ’ਤੇ ਨਜ਼ਰ ਮਾਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਾਰਤ ਦੀ ਸੁਤੰਤਰਤਾ ਤੋਂ 72 ਸਾਲ ਬਾਅਦ ਵੀ ਅਜੇ ਸਾਖਰਤਾ ਦੀ ਦਰ 72 ਫੀ ਸਦੀ ਹੈ, ਜਿਸ ਦਾ ਅਰਥ ਹੈ ਕਿ 100 ਵਿੱਚੋਂ 28 ਬੱਚੇ ਅਠਵੀਂ ਜਮਾਤ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਜਾਂਦੇ ਹਨ ਅਤੇ ਇਹ ਬੱਚੇ ਸਕੂਲ ਛੱਡ ਕੇ ਘਰਾਂ ਵਿੱਚ ਨਹੀਂ ਰਹਿੰਦੇ, ਸਗੋਂ ਉਹ ਆਪਣੀ ਉਸ ਉਮਰ ਵਿੱਚ ਵੀ ਕਿਰਤ ਕਰਨ ਲਈ ਮਜ਼ਬੂਰ ਹਨ ਅਤੇ ਉਹ ਭੱਠਿਆਂ, ਫੈਕਟਰੀਆਂ, ਢਾਬਿਆਂ, ਖੇਤਾਂ ਅਤੇ ਘਰਾਂ ਵਿੱਚ ਕਿਰਤ ਕਰਦੇ ਹਨ ਅਤੇ ਉਹਨਾਂ ਦੇ ਮਾਂ-ਬਾਪ ਉਹਨਾਂ ਨੂੰ ਬਹੁਤ ਸਵੇਰੇ ਉਠਾ ਕੇ ਹੋਰ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਲਈ ਭੇਜ ਦਿੰਦੇ ਹਨ, ਫਿਰ ਇਹ ਕਿਸ ਤਰ੍ਹਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਬੱਚੇ ਵੀ ਬਰਾਬਰ ਦੇ ਮੌਕਿਆਂ ਦਾ ਲਾਭ ਉਠਾ ਸਕਣਗੇ । ਇੱਥੇ ਕਈ ਸਵਾਲ ਪੈਦਾ ਹੁੰਦੇ ਹਨ ਕਿ ਜਦੋਂ 14 ਸਾਲ ਤਕ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦੀ ਵਿਵਸਥਾ ਹੈ ਫਿਰ ਉਹ ਕੀ ਕਾਰਣ ਹਨ ਕਿ ਇਹ ਬੱਚੇ, ਉਸ ਉਮਰ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ, ਇਸ ਦੀ ਜੜ੍ਹ ਉਹ ਆਰਥਿਕ ਨਾ ਬਰਾਬਰੀ ਹੈ ਜਿਹੜੀ ਨਾ ਸਿਰਫ਼ ਵਿੱਦਿਆ ਵਿੱਚ ਹੀ ਰੁਕਾਵਟ ਨਹੀਂ ਬਣਦੀ ਬਲਕਿ ਹੋਰ ਵੀ ਅਨੇਕਾਂ ਸਮਾਜਿਕ ਬੁਰਾਈਆਂ ਪੈਦਾ ਕਰਦੀ ਹੈ ।

1991 ਤੋਂ ਬਾਅਦ ਜਿਹੜੀ ਨੀਤੀ ਅਪਣਾਈ ਗਈ ਸੀ ਉਸ ਵਿੱਚ ਵਿੱਦਿਅਕ ਖੇਤਰ ਵਿੱਚ ਨਿੱਜੀਕਰਣ ਨੂੰ ਉਤਸ਼ਾਹਿਤ ਕੀਤਾ ਗਿਆ। ਪਹਿਲਾਂ ਸਕੂਲਾਂ, ਕਾਲਜਾਂ ਦੀ ਵਿੱਦਿਆ ਵਿੱਚ ਨਿੱਜੀਕਰਣ, ਫਿਰ ਯੂਨੀਵਰਸਿਟੀਆਂ

ਵਿੱਚ ਵੀ ਹੋ ਗਿਆ । ਇੱਥੇ ਇਕ ਅਜੀਬ ਤੱਥ ਸਾਹਮਣੇ ਆਇਆ ਕਿ ਪਹਿਲਾਂ ਵਿਸ਼ੇਸ਼ ਯੂਨੀਵਰਸਿਟੀਆਂ ਬਣਾਈਆਂ ਗਈਆਂ ਸਨ; ਜਿਵੇਂ ਖੇਤੀਬਾੜੀ ਯੂਨੀਵਰਸਿਟੀ, ਟੈਕਨੀਕਲ ਯੂਨੀਵਰਸਿਟੀ, ਹੈਲਥ ਯੂਨੀਵਰਸਿਟੀ ਆਦਿ । ਪਰ ਇਨ੍ਹਾਂ ਨਿੱਜੀ ਯੂਨੀਵਰਸਿਟੀਆਂ ਨੂੰ ਹਰ ਪ੍ਰਕਾਰ ਦੇ ਕੋਰਸ ਚਲਾਉਣ ਦੀ ਆਗਿਆ ਦੇ ਦਿੱਤੀ ਗਈ; ਜਿਵੇਂ ਇਕ ਹੀ ਨਿੱਜੀ ਯੂਨੀਵਰਸਿਟੀ, ਕਾਨੂੰਨ, ਨਰਸਿੰਗ, ਲਾਅ, ਇੰਜੀਨੀਅਰਿੰਗ, ਖੇਡਾਂ ਅਤੇ ਵਿੱਦਿਆ ਆਦਿ ਸਭ ਤਰ੍ਹਾਂ ਦੇ ਕੋਰਸ ਸ਼ੁਰੂ ਕਰ ਸਕਦੀ ਹੈ। ਫਿਰ ਪਤਾ ਨਹੀਂ ਕਿ ਵਿਸ਼ੇਸ਼ ਯੂਨੀਵਰਸਿਟੀਆਂ ਦਾ ਸਿਧਾਂਤ ਠੀਕ ਸੀ ਜਾਂ ਫਿਰ ਨਿੱਜੀ ਯੂਨੀਵਰਸਿਟੀਆਂ ਦਾ ਬਹੁ ਫੈਕਲਟੀ ਵਾਲਾ ਮਾਡਲ ਠੀਕ ਹੈ ? ਤਿੰਨ ਤਰ੍ਹਾਂ ਦੀਆਂ ਯੂਨੀਵਰਸਿਟੀਆਂ ਹੁੰਦੀਆਂ ਹਨ—ਇਕ ਹਨ ਕੇਂਦਰੀ ਯੂਨੀਵਰਸਿਟੀਆਂ ਜਿਹੜੀਆਂ ਕੇਂਦਰੀ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਹਨ; ਉਹਨਾਂ ਵਿੱਚ ਫ਼ੀਸਾਂ ਬਹੁਤ ਘੱਟ ਹੁੰਦੀਆਂ ਹਨ। ਦੂਜੀਆਂ ਹਨ ਸਟੇਟ ਯੂਨੀਵਰਸਿਟੀਆਂ ਜਿਨ੍ਹਾਂ ਨੂੰ ਪ੍ਰਾਂਤ ਦੀ ਸਰਕਾਰ ਚਲਾਉਂਦੀ ਹੈ; ਉਹਨਾਂ ਵਿੱਚ ਵਿੱਦਿਆ ਕੁਝ ਮਹਿੰਗੀ ਹੁੰਦੀ ਹੈ। ਤੀਸਰੀਆਂ ਹਨ ਨਿੱਜੀ ਯੂਨੀਵਰਸਿਟੀਆਂ, ਜਿਨ੍ਹਾਂ ਵਿੱਚ ਨਿੱਜੀ ਸੰਸਥਾਵਾਂ ਵੱਲੋਂ ਵੱਧ ਤੋਂ ਵੱਧ ਫ਼ੀਸਾਂ ਲਈਆਂ ਜਾਂਦੀਆਂ ਹਨ, ਜਿਹੜੀਆਂ ਫ਼ੀਸਾਂ ਸਾਧਾਰਣ ਪਰਿਵਾਰਾਂ ਦੇ ਬੱਚਿਆਂ ਲਈ ਦੇਣੀਆਂ ਮੁਸ਼ਕਲ ਹੁੰਦੀਆਂ ਹਨ। ਯੂਨੀਵਰਸਿਟੀਆਂ ਵਿੱਚ ਤਿੰਨ ਤਰ੍ਹਾਂ ਦੇ ਕਾਰਜ ਕੀਤੇ ਜਾਂਦੇ ਹਨ—ਇਕ ਹੈ ਵਿਦਿਆ ਦੇਣੀ, ਦੂਸਰਾ ਖੋਜ ਅਤੇ ਤੀਸਰਾ ਪ੍ਰਸਾਰ ਸੇਵਾ । ਇਨ੍ਹਾਂ ਦਾ ਕੰਮ ਹੈ ਉਸ ਖੋਜ ਨੂੰ ਲੋਕਾਂ ਦੇ ਲਾਭ ਲਈ ਲੋਕਾਂ ਤਕ ਪਹੁੰਚਾਇਆ ਜਾਵੇ, ਪਰ ਨਿੱਜੀ ਯੂਨੀਵਰਸਿਟੀਆਂ ਸਿਰਫ਼ ਪਹਿਲੇ ਕੰਮ ਜਾਂ ਵਿੱਦਿਆ ਦੇਣ ਤਕ ਹੀ ਸੀਮਿਤ ਹੁੰਦੀਆਂ ਹਨ ।

ਇਸੇ ਤਰ੍ਹਾਂ ਹੀ ਕਾਲਜ ਅਤੇ ਸਕੂਲ ਵੀ ਸਰਕਾਰੀ ਜਾਂ ਨਿੱਜੀ ਹਨ । ਸਰਕਾਰੀ ਕਾਲਜ ਸਕੂਲ ਸਸਤੇ ਹਨ ਜਦੋਂ ਕਿ ਨਿੱਜੀ ਕਾਲਜ ਸਕੂਲ ਮਹਿੰਗੇ ਹਨ। ਵਿੱਦਿਆ ਦੇਣਾ ਸਰਕਾਰ ਦਾ ਪਹਿਲਾ ਫ਼ਰਜ਼ ਹੈ। ਇਸ ਨੂੰ ਨਿੱਜੀ ਅਦਾਰਿਆਂ 'ਤੇ ਨਹੀਂ ਛੱਡਿਆ ਜਾਣਾ ਚਾਹੀਦਾ। ਇਹ ਵੀ ਇਕ ਸਵਾਲ ਪੈਦਾ ਕਰਦਾ ਹੈ ਕਿ ਕੀ ਨਿੱਜੀ ਕਾਲਜ, ਯੂਨੀਵਰਸਿਟੀਆਂ ਆਪਣੇ ਕੋਲੋਂ ਪੈਸੇ ਪਾ ਕੇ ਉਹਨਾਂ ਅਦਾਰਿਆਂ ਨੂੰ ਚਲਾਉਂਦੇ ਹਨ ਜਾਂ ਖੁੱਲ੍ਹੇ ਖ਼ਰਚ ਕਰਕੇ ਹੀ ਉਹਨਾਂ ਨੂੰ ਅਸਾਨੀ ਨਾਲ ਚਲਾ ਲੈਂਦੇ ਹਨ ? ਇਹ ਜ਼ਿੰਮੇਵਾਰੀ ਸਰਕਾਰੀ ਪ੍ਰਬੰਧ ਆਪਣੇ ਸਿਰ ਕਿਉਂ ਨਹੀਂ ਲੈ ਸਕਦਾ ?

ਕਿਸੇ ਲੋਕਤੰਤਰ ਦੀ ਸਫਲਤਾ ਦੀਆਂ ਦੋ ਮੁੱਢਲੀਆਂ ਸ਼ਰਤਾਂ ਹਨ—ਪਹਿਲੀ ਪੂਰਣ ਸਾਖਰਤਾ ਅਤੇ ਦੂਸਰੀ ਖੁਸ਼ਹਾਲੀ; ਖੁਸ਼ਹਾਲੀ ਵੀ ਸਾਖਰਤਾ 'ਤੇ ਨਿਰਭਰ ਕਰਦੀ ਹੈ। ਇਹ ਯਕੀਨੀ ਬਣਨਾ ਚਾਹੀਦਾ ਹੈ ਕਿ ਪੂਰਣ



ਸਾਖਰਤਾ ਦੀ ਵਿਵਸਥਾ ਬਣੇ । ਫਿਰ ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਸਾਰੀ ਵਿੱਦਿਆ ਭਾਵੇਂ ਉਹ ਸਕੂਲ ਦੀ ਹੋਵੇ ਜਾਂ ਯੂਨੀਵਰਸਿਟੀਆਂ ਦੀ, ਉਹ ਮੁਫ਼ਤ ਜਾਂ ਘੱਟੋ-ਘੱਟ ਲਾਗਤ 'ਤੇ ਮਿਲਣੀ ਚਾਹੀਦੀ ਹੈ ।

ਕਿਉਂ ਜੋ ਅੱਜਕੱਲ੍ਹ ਜਿਹੜੇ ਬੱਚੇ 8ਵੀਂ ਤੋਂ ਪਹਿਲਾਂ ਵਿੱਦਿਆ ਛੱਡ ਕੇ ਕਿਰਤ ਕਰਣ ਲੱਗ ਪੈਂਦੇ ਹਨ ਉਹਨਾਂ ਸਾਹਮਣੇ ਉਹ ਬੱਚੇ ਵੀ ਇਕ ਉਦਾਹਰਣ ਹੁੰਦੇ ਹਨ ਕਿ ਜਿਹੜੇ 8ਵੀਂ ਤੋਂ ਬਾਅਦ 12ਵੀਂ ਤਕ ਪੜ੍ਹ ਕੇ ਫਿਰ ਯੂਨੀਵਰਸਿਟੀਆਂ ਅਤੇ ਪੇਸ਼ਾਵਰ ਕਾਲਜਾਂ ਵਿੱਚ ਇਸ ਕਰਕੇ ਨਹੀਂ ਪੜ੍ਹਦੇ ਕਿ ਉਹ ਉਹਨਾਂ ਦੀ ਫ਼ੀਸ ਦੇਣ ਦੇ ਸਮਰਥ ਨਹੀਂ ਹੁੰਦੇ ।

ਵਿੱਦਿਆ ਵਿੱਚ ਵਿਵਹਾਰਿਕ ਪਹੁੰਚ ਅਪਣਾਉਣੀ ਚਾਹੀਦੀ ਹੈ। ਭਾਵੇਂ ਕਿ ਮੁੱਢਲੀ ਵਿੱਦਿਆ ਆਪਣੀ ਮਾਂ-ਬੋਲੀ ਵਿੱਚ ਹੀ ਹੋਵੇ; ਪਰ ਅੰਗਰੇਜ਼ੀ ਨੂੰ ਵੀ ਇਸ ਲਈ ਪੜ੍ਹਿਆ ਜਾਣਾ ਚਾਹੀਦਾ ਹੈ ਕਿ ਅੰਤਰ-ਰਾਸ਼ਟਰੀ ਬੋਲੀ ਹੋਣ ਕਰਕੇ ਇਸਦਾ ਗਿਆਨ ਹੋਣਾ ਵੀ ਜ਼ਰੂਰੀ ਬਣ ਜਾਂਦਾ ਹੈ। ਬੱਚਿਆਂ ਨੂੰ ਖੇਡਾਂ ਅਤੇ ਹੋਰ ਸੱਭਿਆਚਾਰਕ ਕਾਰਵਾਈਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ । ਬੱਚਿਆਂ ਵਿੱਚ ਘਰ ਆ ਕੇ ਕੰਮ ਕਰਣ ਦੀ ਰੁਚੀ ਨੂੰ ਵੀ ਸਲਾਹਿਆ ਜਾਣਾ ਚਾਹੀਦਾ ਹੈ । ਪਿੱਛੇ ਜਿਹੇ ਇਕ ਸਕੂਲ ਦੇ ਬੱਚਿਆਂ ਕੋਲੋਂ ਸਕੂਲ ਵਿੱਚ ਸਫ਼ਾਈ ਕਰਵਾਈ ਗਈ ਸੀ ਤਾਂ ਉਹ ਅਖ਼ਬਾਰਾਂ ਦੀ ਵੱਡੀ ਖ਼ਬਰ ਬਣ ਗਈ ਸੀ । ਇਹ ਕੋਈ ਵਿਵਾਹਾਰਿਕ ਪਹੁੰਚ ਨਹੀਂ ਲਗਦੀ ।

ਮੈ ਪਿੰਗਲਵਾੜਾ ਸੰਸਥਾ ਦੇ ਇਸ ਯਤਨ ਦੀ ਵੱਡੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਵੱਲੋਂ ਇਸ ਵੱਡੇ ਮੁੱਦੇ 'ਤੇ ਧਿਆਨ ਦੇ ਕੇ ਵਿੱਦਿਆ ਨਾਲ ਸੰਬੰਧਿਤ ਹਰ ਪੱਖ ਨੂੰ ਆਮ ਲੋਕਾਂ ਦੇ ਸਾਹਮਣੇ ਲਿਆਂਦਾ ਗਿਆ ਹੈ, ਜਿਹੜਾ ਸਮਾਜ ਭਲਾਈ ਲਈ ਵੱਡੀ ਲੋੜ ਹੈ । ਇਸ ਪੁਸਤਕ ਦੇ ਸਾਰਥਿਕ ਲਾਭ ਲੈਣ ਲਈ ਇਸ ਨੂੰ ਦੇਸ਼ ਦੀਆਂ ਸਾਰੀਆਂ ਲਾਇਬ੍ਰੇਰੀਆਂ ਦਾ ਹਿੱਸਾ ਬਣਨਾ ਚਾਹੀਦਾ ਹੈ ਅਤੇ ਨੀਤੀਵਾਨਾਂ ਨੂੰ ਇਸ ਪੁਸਤਕ ਨੂੰ ਪੜ੍ਹਨ ਲਈ ਜ਼ਰੂਰ ਪ੍ਰੇਰਿਤ ਕਰਨਾ ਚਾਹੀਦਾ ਹੈ, ਤਾਂਕਿ ਮਨੁੱਖੀ ਵਿਕਾਸ ਲਈ ਵਿੱਦਿਆ ਦੀ ਭੂਮਿਕਾ ਨੂੰ ਸਮਝ ਕੇ ਇਸ ਲਈ ਯੋਗ ਨੀਤੀ ਤਿਆਰ ਵੀ ਹੋਵੇ ਅਤੇ ਲਾਗੂ ਵੀ ਕੀਤੀ ਜਾਵੇ ।

ਡਾ: ਸਰਬਜੀਤ ਸਿੰਘ ਛੀਨਾ
ਸੀਨੀਅਰ ਫੈਲੋ,
ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼
ਨਵੀਂ ਦਿੱਲੀ
ਸੰਪਰਕ: 98551-70335

# ਸਕੂਲਾਂ ਵਿੱਚ ਫ਼ਸਟ ਏਡ ਕਿਉਂ ਜ਼ਰੂਰੀ ?

**ਕਾਕਾ ਰਾਮ ਵਰਮਾ**

ਕੁਝ ਸਾਲ ਪਹਿਲਾਂ ਮੈਂ ਲੁਧਿਆਣਾ ਦੇ ਇੱਕ ਕਾਲਜ ’ਚ ਬੇਸਿਕ ਫ਼ਸਟ ਏਡ, ਬੇਹੋਸ਼ ਤੇ ਦੌਰਾ ਪਏ ਇਨਸਾਨ ਦੀ ਸੇਵਾ-ਸੰਭਾਲ, ਮਰ ਰਹੇ ਇਨਸਾਨ ਦੀ ਠੀਕ ਫ਼ਸਟ ਏਡ ਕਰਕੇ ਮਰਨ ਤੋਂ ਬਚਾਉਂਦੇ ਹੋਏ ਹਸਪਤਾਲ ਤਕ ਲੈ ਕੇ ਜਾਣ, ਸੀ.ਪੀ.ਆਰ., ਬਣਾਉਟੀ ਸਾਹ ਕਿਰਿਆ ਆਦਿ ਬਾਰੇ ਸਿਖਲਾਈ ਦੇਣ ਗਿਆ। ਮੇਰੇ ਲੈਕਚਰ ਅਤੇ ਪ੍ਰੈਕਟੀਕਲ ਟਰੇਨਿੰਗ ਮਗਰੋਂ ਇਕ ਔਰਤ ਪ੍ਰਿੰਸੀਪਲ ਕੋਲ ਪਹੁੰਚੀ ਅਤੇ ਕੁਝ ਕਹਿਣ ਦੀ ਇਜਾਜ਼ਤ ਮੰਗੀ। ਉਸਨੇ ਸਟੇਜ ਉੱਤੇ ਆ ਕੇ 250 ਵਿਦਿਆਰਥੀਆਂ ਸਾਹਮਣੇ ਦੱਸਿਆ ਕਿ 6 ਮਹੀਨੇ ਪਹਿਲਾਂ ਉਸਦੇ ਪਤੀ ਨੂੰ ਰਾਤ ਨੌਂ ਕੁ ਵਜੇ ਦਿਲ ਦਾ ਦੌਰਾ ਪੈ ਗਿਆ। ਉਸ ਨੂੰ ਤੜਫ਼ਦਾ ਵੇਖ ਕੇ ਉਸ ਲੜਕੀ ਨੇ ਉਸਨੂੰ ਪਾਣੀ ਪਿਆਇਆ, ਹੱਥ ਪੈਰ ਰਗੜੇ, ਪੱਖਾ ਕੀਤਾ। 15-20 ਮਿੰਟ ਤਕ ਉਹ ਠੀਕ ਨਾ ਹੋਏ, ਸਗੋਂ ਕੁਝ ਦੇਰ ਮਗਰੋਂ ਬੇਹੋਸ਼ ਜਿਹੇ ਹੋ ਕੇ ਡਿੱਗ ਪਏ। ਉਸਨੇ ਗੁਆਂਢੀਆਂ, ਰਿਸ਼ਤੇਦਾਰਾਂ ਰਾਹੀਂ ਆਪਣੇ ਪਤੀ ਨੂੰ ਹਸਪਤਾਲ ਪਹੁੰਚਾਇਆ। ਹਸਪਤਾਲ ਪਹੁੰਚ ਕੇ ਪਤਾ ਲੱਗਾ ਕਿ ਦਿਲ ਰੁਕਣ ਕਰਕੇ ਉਸਦੀ ਮੌਤ ਹੋ ਚੁੱਕੀ ਸੀ। ਫਿਰ ਉਸ ਬੇਟੀ ਨੇ ਅੱਖਾਂ ਪੂੰਝਦਿਆਂ ਕਿਹਾ ਕਿ ਉਹ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹੀ ਹੈ ਪਰ ਕਿਸੇ ਵੀ ਕਦੇ ਵੀ ਫ਼ਸਟ ਏਡ, ਸੀ.ਪੀ.ਆਰ., ਬਣਾਉਟੀ ਸਾਹ ਕਿਰਿਆ ਸੰਬੰਧੀ ਸਿਖਲਾਈ ਪ੍ਰੋਗਰਾਮ ਨਹੀਂ ਕਰਵਾਇਆ। ਜੇਕਰ ਸਕੂਲ, ਕਾਲਜ ਵਿਖੇ ਇਹ ਸਿਖਲਾਈ ਕੈਂਪ ਲੱਗਦਾ ਤਾਂ ਉਹ ਆਪਣੇ ਪਤੀ ਨੂੰ ਫ਼ਸਟ ਏਡ ਦੇ ਕੇ ਬਚਾ ਸਕਦੀ ਸੀ।

ਦੂਜੀ ਘਟਨਾ ਸਾਡੇ ਮਾਣਯੋਗ ਸਾਬਕਾ ਰਾਸ਼ਟਰਪਤੀ ਡਾ: ਕਲਾਮ ਜੀ ਦੀ ਹੈ ਜੋ ਇਕ ਕਾਲਜ ਵਿਖੇ ਮੁੱਖ ਮਹਿਮਾਨ ਬਣ ਕੇ ਗਏ ਸੀ ਅਤੇ ਲੈਕਚਰ ਦਿੰਦੇ-ਦਿੰਦੇ ਬੇਹੋਸ਼ ਹੋ ਕੇ ਡਿੱਗ ਪਏ। ਪ੍ਰਬੰਧਕਾਂ ਨੇ ਚੁੱਕ ਕੇ ਉਨ੍ਹਾਂ ਨੂੰ ਸੋਫ਼ੇ ਉੱਤੇ ਲਿਟਾ ਦਿੱਤਾ। ਪ੍ਰਬੰਧਕਾਂ ਨੇ ਮਾਈਕ ਉੱਤੇ ਅਪੀਲ ਕੀਤੀ ਕਿ ਜੇਕਰ ਹਾਲ ਵਿੱਚ ਕੋਈ ਡਾਕਟਰ ਹੈ ਤਾਂ ਅੱਗੇ ਆ ਜਾਵੇ। ਪਰ ਡਾਕਟਰ ਆਪਣਾ ਕੰਮ ਛੱਡ ਕੇ ਅਜਿਹੇ ਸਮਾਗਮਾਂ ਵਿੱਚ ਘੱਟ ਹੀ ਪਹੁੰਚਦੇ ਹਨ। ਫਿਰ ਅਪੀਲ ਕੀਤੀ ਕਿ ਜੇਕਰ ਕੋਈ ਫ਼ਸਟ ਏਡ ਜਾਣਦਾ ਹੈ ਤਾਂ ਅੱਗੇ ਆ ਜਾਉ, ਪਰ ਕੋਈ ਨਹੀਂ ਆਇਆ। ਪ੍ਰਬੰਧਕ ਉਨ੍ਹਾਂ ਦੇ ਹੱਥ ਪੈਰ ਮਲਦੇ ਰਹੇ, ਪਾਣੀ ਪਿਆਉਂਦੇ ਰਹੇ, ਮੂੰਹ ’ਤੇ ਪਾਣੀ ਦੇ ਛਿੱਟੇ ਮਾਰਦੇ ਰਹੇ, ਫਿਰ ਹਸਪਤਾਲ ਲੈ ਗਏ। ਡਾਕਟਰ ਨੇ ਦੱਸਿਆ ਕਿ ਉਹ ਮਰ ਚੁੱਕੇ ਸਨ ਪਰ ਫਿਰ ਵੀ ਉਨ੍ਹਾਂ



ਨੇ 15-20 ਮਿੰਟ ਤਕ ਸੀ.ਪੀ.ਆਰ. ਕਰਕੇ ਯਤਨ ਕੀਤੇ ਕਿ ਮੁੜ ਦਿਲ ਕੰਮ ਕਰਨ ਲੱਗ ਜਾਵੇ। ਮਗਰੋਂ ਉਨ੍ਹਾਂ ਨੇ ਮੌਤ ਬਾਰੇ ਦੱਸਦੇ ਹੋਏ ਲਿਖਿਆ ਸੀ ਕਿ ਜੇਕਰ ਕਲਾਮ ਜੀ ਨੂੰ ਡਿੱਗਣ ਸਮੇਂ ਏ.ਬੀ.ਸੀ.ਡੀ. ਕਰ ਕੇ ਰਿਕਵਰੀ ਪੁਜ਼ੀਸ਼ਨ ਵਿੱਚ ਲਿਟਾ ਦਿੱਤਾ ਜਾਂਦਾ ਅਤੇ ਜ਼ਰੂਰਤ ਪੈਣ ’ਤੇ ਸੀ.ਪੀ.ਆਰ. ਕਰ ਦਿੱਤਾ ਜਾਂਦਾ ਤਾਂ ਉਹ 100 ਫ਼ੀਸਦੀ ਬਚ ਸਕਦੇ ਸਨ।

ਇਕ ਸ਼ਹਿਰ ਦੇ ਪ੍ਰਿੰਸੀਪਲ ਨੇ ਮੈਨੂੰ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਸੱਦਿਆ ਅਤੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀ ਇਕ ਪੰਜਵੀਂ ’ਚ ਪੜ੍ਹਦੀ ਬੱਚੀ ਜਮਾਤ ਵਿੱਚ ਬੇਹੋਸ਼ ਹੋ ਕੇ ਡਿੱਗ ਪਈ ਤਾਂ ਸਟਾਫ਼ ਨੇ ਉਸਨੂੰ ਪਾਣੀ ਪਿਆਇਆ, ਹੱਥ ਪੈਰ ਰਗੜੇ, ਛਿੱਟੇ ਮਾਰੇ ਪਰ ਕੁਝ ਨਾ ਹੋਇਆ। ਜਦੋਂ ਮਾਪੇ ਬੱਚੀ ਨੂੰ ਹਸਪਤਾਲ ਲੈ ਕੇ ਗਏ ਤਾਂ ਉੱਥੇ ਜਾ ਕੇ ਪਤਾ ਲੱਗਾ ਕਿ ਬੱਚੀ ਦਾ ਸਾਹ ਬੰਦ ਹੋਣ ਕਰਕੇ ਮੌਤ ਹੋ ਗਈ ਸੀ, ਕਿਉਂਕਿ ਬੱਚੀ ਦੇ ਗਲੇ ਵਿੱਚ ਟਾਫ਼ੀ ਫਸੀ ਹੋਈ ਸੀ। ਸ਼ਹਿਰ ਅੰਦਰ ਕਾਫ਼ੀ ਹੰਗਾਮਾ ਵੀ ਹੋਇਆ ਸੀ। ਪਟਿਆਲਾ ਵਿਖੇ ਇਕ ਸਰਕਾਰੀ ਸਕੂਲ ਵਿੱਚ 10 ਅਗਸਤ 2016 ਨੂੰ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਸਮੇਂ 17 ਸਾਲ ਦਾ ਮੁੰਡਾ ਕਬੱਡੀ ਖੇਡਦੇ ਸਮੇਂ ਬੇਹੋਸ਼ ਹੋ ਕੇ ਡਿੱਗ ਪਿਆ। ਕਿਸੇ ਅਧਿਆਪਕ ਨੇ ਕੋਈ ਮਦਦ ਨਾ ਕੀਤੀ ਤੇ ਉਸ ਰਾਸ਼ਟਰੀ ਖਿਡਾਰੀ ਦੀ ਮੌਤ ਹੋ ਗਈ।

ਅਜਿਹੀਆਂ ਬੇਹੱਦ ਦਰਦਨਾਕ ਘਟਨਾਵਾਂ ਸਭ ਦੇ ਸਾਹਮਣੇ ਵਾਪਰਦੀਆਂ ਹਨ ਕਿ ਰਿਸ਼ਤੇਦਾਰ, ਮਿੱਤਰ, ਕੰਮ ਵਾਲੀ ਥਾਂ ਜਾਂ ਸੜਕ ਹਾਦਸੇ ਨਾਲ ਕਿਸੇ ਦੀ ਮੌਤ ਹੋਈ, ਪਰ ਕਿਸੇ ਨੇ ਠੀਕ ਫ਼ਸਟ ਏਡ ਨਾ ਦਿੱਤੀ। ਜੇਕਰ ਠੀਕ ਫ਼ਸਟ ਏਡ ਹੋ ਜਾਵੇ ਤਾਂ 60-70 ਫ਼ੀ ਸਦੀ ਜ਼ਿੰਦਗੀਆਂ ਹਸਪਤਾਲ ਤਕ ਜਿਉਂਦੀਆਂ ਪਹੁੰਚਾ ਕੇ ਬਚਾਈਆਂ ਜਾ ਸਕਦੀਆਂ ਹਨ। ਪਰ ਜ਼ਿਆਦਾਤਰ ਲੋਕ ਫ਼ਸਟ ਏਡ ਨਹੀਂ ਜਾਣਦੇ।

ਭਾਰਤ ਦੀ ਸੁਪਰੀਮ ਕੋਰਟ ਵੱਲੋਂ 2012 ਵਿੱਚ ਇਕ ਕਮੇਟੀ ਬਣਾਈ ਗਈ ਸੀ ਕਿ ਸੜਕ ਹਾਦਸੇ ਕਿਵੇਂ ਰੋਕੇ ਜਾਣ ਅਤੇ ਮਰਦੇ ਲੋਕਾਂ ਨੂੰ ਕਿਵੇਂ ਬਚਾਇਆ ਜਾਵੇ? 2013 ਵਿੱਚ ਕਮੇਟੀ ਦੀ ਰਿਪੋਰਟ ’ਤੇ ਸੁਪਰੀਮ ਕੋਰਟ ਨੇ ‘**ਸੁਰੱਖਿਅਤ ਸਕੂਲ ਵਾਹਨ**’ ਨੀਤੀ ਬਣਾ ਕੇ ਸਰਕਾਰਾਂ ਨੂੰ ਦਿੱਤੀ, ਜਿਸ ਵਿੱਚ ਇਹ ਹੁਕਮ ਦਿੱਤੇ ਕਿ ਹਰ ਸਕੂਲ ਅੰਦਰ ਸਾਲ ਵਿੱਚ ਦੋ ਵਾਰ ਫ਼ਸਟ ਏਡ, ਰੋਡ ਸੇਫ਼ਟੀ, ਫ਼ਾਇਰ ਸੇਫ਼ਟੀ ਤੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਦੀ ਸਿਖਲਾਈ ਪੰਜਵੀਂ ਤੋਂ 12ਵੀਂ ਤਕ ਦੀਆਂ ਜਮਾਤਾਂ ਨੂੰ ਜ਼ਰੂਰ ਹੋਵੇ, ਤਾਂਕਿ ਜਦੋਂ ਵਿਦਿਆਰਥੀ ਸਕੂਲ ਛੱਡ ਕੇ ਬਾਲਗ ਬਣ ਕੇ ਗੱਡੀ ਚਲਾਵੇ ਤਾਂ ਉਸ

ਕੋਲ ਆਪਣੀ ਤੇ ਦੂਜਿਆਂ ਦੀ ਜ਼ਿੰਦਗੀ ਬਚਾਉਣ ਬਾਰੇ ਸੋਚ ਤੇ ਸਿਖਲਾਈ ਹੋਵੇ। ਇਸ ਲਈ ਹਰ ਸਕੂਲ ਅੰਦਰ ਸੁਰੱਖਿਅਤ ਸਕੂਲ ਕਮੇਟੀ ਦਾ ਗਠਨ ਕੀਤਾ ਗਿਆ ਸੀ। ਪਰ ਮੈਨੂੰ ਲਿਖਦੇ ਹੋਏ ਦੁੱਖ ਹੋ ਰਿਹਾ ਹੈ ਕਿ ਚਾਰ ਸਾਲਾਂ ਵਿੱਚ ਅੱਜ ਵੀ 80 ਫ਼ੀ ਸਦੀ ਸਕੂਲਾਂ ਅੰਦਰ ਇਹ ਕਮੇਟੀਆਂ ਨਹੀਂ ਬਣੀਆਂ ਅਤੇ ਨਾ ਕੋਈ ਸਿਖਲਾਈ ਹੀ ਸਕੂਲਾਂ ਵੱਲੋਂ ਦਿੱਤੀ ਜਾ ਰਹੀ ਹੈ।

ਅਨੇਕਾਂ ਸਕੂਲ ਮੁਖੀਆਂ ਦਾ ਵਿਚਾਰ ਹੈ ਕਿ ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਹੋਰ ਕੁਝ ਨਹੀਂ ਦੱਸਣਾ ਚਾਹੀਦਾ—ਸਰਕਾਰਾਂ ਤੇ ਅਦਾਲਤਾਂ ਨਵੇਂ-ਨਵੇਂ ਹੁਕਮ ਦੇ ਕੇ ਪੜ੍ਹਾਈ ਖ਼ਰਾਬ ਕਰ ਰਹੀਆਂ ਹਨ। ਅਨੇਕਾਂ ਪ੍ਰਿੰਸੀਪਲ ਸਰਕਾਰ ਵਿਰੁੱਧ ਬੋਲਦੇ ਹਨ; ਪਰ ਕਈ ਪ੍ਰਿੰਸੀਪਲ ਇਸ ਸਿਖਲਾਈ ਦੀ ਮਹੱਤਤਾ ਸਮਝਦੇ ਹੋਏ ਸਿਖਲਾਈ ਕਰਵਾ ਵੀ ਰਹੇ ਹਨ ਤੇ ਪ੍ਰਸ਼ੰਸਾ ਵੀ ਬਟੋਰ ਰਹੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸਿੱਖਣ ਦੀ ਉਮਰ ਤੇ ਸਥਾਨ ਸਿਰਫ਼ ਸਕੂਲ ਹੀ ਹਨ ਅਤੇ ਬਚਪਨ ਵਿੱਚ ਮਿਲੀ ਸਿੱਖਿਆ ਸਾਰੀ ਜ਼ਿੰਦਗੀ ਯਾਦ ਰਹਿੰਦੀ ਹੈ।

ਕਿਸੇ ਇਨਸਾਨ ਦੀ ਮੌਤ ਦੇ ਪੰਜ ਕਾਰਨ ਹੁੰਦੇ ਹਨ; ਜਿਵੇਂ—ਸਾਹ ਬੰਦ ਹੋਣਾ, ਦਿਲ ਰੁਕਣਾ, ਦਿਮਾਗ਼ ਰੁਕਣਾ, ਵੱਧ ਖ਼ੂਨ ਨਿਕਲਣਾ, ਬਲੱਡ-ਪ੍ਰੈਸ਼ਰ ਤੇ ਸ਼ੂਗਰ ਦਾ ਕਾਫ਼ੀ ਘੱਟ ਹੋਣਾ, ਨਬਜ਼ ਜਾਂ ਦਿਲ ਦੀ ਧੜਕਣ 30 ਪ੍ਰਤੀ ਮਿੰਟ ਤੋਂ ਘੱਟ ਰਹਿ ਜਾਵੇ ਜਾਂ ਅੱਖਾਂ ਦੀ ਹਿਲਜੁਲ ਬੰਦ ਹੋ ਜਾਵੇ। ਅਜਿਹੇ ਸਮੇਂ ਫ਼ਸਟ ਏਡ ਦੀ ਏ.ਬੀ.ਸੀ.ਡੀ. ਕਰ ਕੇ ਮਰ ਰਹੇ ਇਨਸਾਨ ਨੂੰ ਬਚਾਇਆ ਜਾ ਸਕਦਾ ਹੈ। ਜਿਸ ਵਿਅਕਤੀ ਦੀ ਨਬਜ਼ ਜਾਂ ਦਿਲ ਦੀ ਧੜਕਣ ਬੰਦ ਹੋ ਜਾਵੇ, ਅੱਖਾਂ ਰੁਕ ਜਾਣ ਤਾਂ ਸੀ.ਪੀ.ਆਰ. ਕਰਕੇ ਮੁੜ ਦਿਲ ਸੁਰਜੀਤ ਕਰਕੇ ਬਚਾ ਸਕਦੇ ਹਾਂ।

ਪੰਜਾਬੀ ਯੂਨੀਵਰਸਿਟੀ ਵੱਲੋਂ ਐਨ.ਐਸ.ਐਸ. ਵਿਦਿਆਰਥੀਆਂ, ਐਨ.ਸੀ.ਸੀ. ਕੈਡਿਟਜ਼, ਨਹਿਰੂ ਯੁਵਕ ਕੇਂਦਰ ਵੱਲੋਂ ਆਪਣੇ ਵਲੰਟੀਅਰਜ਼ ਲਈ ਸਿਖਲਾਈ ਕੈਂਪ ਦੌਰਾਨ ਇਹ ਜ਼ਿੰਦਗੀ ਬਚਾਉਣ ਦੀ ਸਿਖਲਾਈ ਕਰਵਾਉਣਾ ਲਾਜ਼ਮੀ ਕੀਤਾ ਗਿਆ ਹੈ।

ਦੇਸ਼ ਦੀ ਸਮੱਸਿਆ ਹੈ ਕਿ ਸਿੱਖਿਆ ਅਧਿਕਾਰੀ, ਪ੍ਰਿੰਸੀਪਲ, ਜ਼ਿੰਦਗੀ ਬਚਾਉ ਸਿਖਲਾਈ ਦੀ ਮਹੱਤਤਾ ਹੀ ਨਹੀਂ ਸਮਝ ਰਹੇ। ਸਕੂਲਾਂ ਅੰਦਰ ਜੇਕਰ ਪ੍ਰਿੰਸੀਪਲ ਨੂੰ ਕੋਈ ਤੋਹਫ਼ਾ ਦੇ ਦੇਵੇ ਤਾਂ ਉਹ ਡਾਂਸ ਵੀ ਕਰਵਾ ਲੈਂਦੇ ਹਨ, ਗੀਤ ਵੀ ਗਾਇਨ ਕਰਵਾ ਲੈਂਦੇ ਹਨ, ਜਾਦੂ ਦੇ ਸ਼ੋਅ ਡਰਾਮਾ ਵੀ ਕਰਵਾ ਲੈਂਦੇ ਹਨ, ਵਪਾਰਕ ਸੰਸਥਾਵਾਂ ਦੇ ਲੈਕਚਰ ਕਰਵਾ ਲੈਂਦੇ ਹਨ; ਪਰ



ਸੁਪਰੀਮ ਕੋਰਟ, ਪੰਜਾਬ ਹਰਿਆਣਾ ਹਾਈ ਕੋਰਟ, ਕੇਂਦਰੀ ਸਰਕਾਰ, ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਸਮੇਂ ਉਹ ਬੱਚਿਆਂ ਦੀ ਪੜ੍ਹਾਈ ਖ਼ਰਾਬ ਹੋਣ ਦਾ ਬਹਾਨਾ ਬਣਾ ਕੇ ਫ਼ਸਟ ਏਡ, ਰੋਡ ਸੇਫ਼ਟੀ, ਫ਼ਾਇਰ ਸੇਫ਼ਟੀ, ਜ਼ਖ਼ਮੀਆਂ ਦੀ ਸੇਵਾ-ਸੰਭਾਲ ਦੀ ਸਿਖਲਾਈ ਨੂੰ ਫਾਲਤੂ ਸਮਝਦੇ ਹਨ। ਇਸ ਕਰਕੇ ਦੇਸ਼ ਅੰਦਰ ਸਿਹਤ, ਸੁਰੱਖਿਆ, ਬਚਾਅ, ਮਦਦ ਦਾ ਕੋਈ ਗਿਆਨ ਕਿਸੇ ਨੂੰ ਨਹੀਂ—ਬੱਚੇ, ਨੌਜਵਾਨ, ਬਜ਼ੁਰਗ, ਬੇਮੌਤ ਮਰ ਰਹੇ ਹਨ। ਦੂਜੇ ਪਾਸੇ ਅਨੇਕਾਂ ਦੇਸ਼ਾਂ ਅੰਦਰ ਇਹ ਸਿਖਲਾਈ ਪੰਜਵੀਂ ਜਮਾਤ ਤੋਂ ਕਾਲਜ ਤਕ ਲਾਜ਼ਮੀ ਹੈ ਅਤੇ ਕਿਸੇ ਵੀ ਨੌਕਰੀ ਵਿੱਚ ਜਾਣ ਸਮੇਂ ਦੋ ਮਹੀਨੇ ਦੀ ਸਿਖਲਾਈ ਫਿਰ ਕਰਵਾਈ ਜਾਂਦੀ ਹੈ, ਪਰ ਸਾਡੇ ਦੇਸ਼ ਅੰਦਰ ਮਨੋਰੰਜਨ, ਮੁਆਵਜ਼ਾ, ਰਾਹਤ ਲਈ ਸਰਕਾਰੀ ਪੈਸਾ ਹੈ ਪਰ ਜ਼ਿੰਦਗੀ ਬਚਾਉਣ ਦੀ ਸਿਖਲਾਈ ਲਈ ਨਾ ਕੋਈ ਪੈਸਾ ਹੈ, ਨਾ ਸਮਾਂ ਅਤੇ ਨਾ ਪੱਕੀਆਂ ਹਦਾਇਤਾਂ।

ਮੈਂ ਅਕਸਰ ਸਕੂਲਾਂ, ਕਾਲਜਾਂ ਵਿਖੇ ਫ਼ਸਟ ਏਡ, ਰੋਡ ਸੇਫ਼ਟੀ, ਫ਼ਾਇਰ ਸੇਫਟੀ, ਸਿਹਤ ਸੰਭਾਲ ਦੀ ਸਿਖਲਾਈ, ਸੀ.ਪੀ.ਆਰ., ਬਣਾਉਟੀ ਸਾਹ ਦੇਣ ਬਾਰੇ ਸਿਖਲਾਈ ਦਿੰਦਾ ਹਾਂ, ਤਾਂ 80 ਫ਼ੀ ਸਦੀ ਪ੍ਰਿੰਸੀਪਲ ਇਸ ਸਿਖਲਾਈ ਦੇ ਹੱਕ ਵਿੱਚ ਹੀ ਨਹੀਂ ਹੁੰਦੇ ਜਦ ਕਿ ਉਹ ਆਪਣੀਆਂ ਤਨਖ਼ਾਹਾਂ, ਭੱਤਿਆਂ, ਛੁੱਟੀਆਂ, ਸਹੂਲਤਾਂ ਬਾਰੇ ਹਮੇਸ਼ਾਂ ਰਲ ਕੇ ਸਰਕਾਰ ਨੂੰ ਕੋਸਦੇ ਹਨ। ਪਰ ਬੱਚਿਆਂ, ਜਿਨ੍ਹਾਂ ਕਰਕੇ ਸਕੂਲ ਹਨ, ਅਧਿਆਪਕ ਹਨ ਨੌਕਰੀ ਹੈ, ਆਪਣੇ ਪਰਿਵਾਰ ਵਧੀਆ ਤਰੀਕੇ ਨਾਲ ਪਾਲ ਰਹੇ ਹਨ ਉਨ੍ਹਾਂ ਪ੍ਰਤੀ ਨਫ਼ਰਤ ਹੈ। ਬੱਚਿਆਂ ਦੀ ਸੁਰੱਖਿਆ, ਬਚਾਅ, ਫ਼ਸਟ ਏਡ, ਸਿਹਤ ਹਿੱਤ ਜੋ ਸਰਕਾਰੀ ਜ਼ਿੰਮੇਵਾਰੀਆਂ ਹਨ ਉਹ ਇਨ੍ਹਾਂ ਨੂੰ ਬੋਝ ਲੱਗਦੀਆਂ ਹਨ। 20 ਫ਼ੀਸਦੀ ਪ੍ਰਿੰਸੀਪਲ ਅਤੇ ਅਧਿਆਪਕ ਅਸਲੀ ਸਵਾਮੀ ਵਿਵੇਕਾਨੰਦ, ਡਾ: ਰਾਧਾ ਕ੍ਰਿਸ਼ਨਨ, ਕਲਾਮ ਜੀ ਹਨ ਜਿਨ੍ਹਾਂ ਕਰਕੇ ਵਧੀਆ ਨਤੀਜੇ ਤੇ ਬੱਚਿਆਂ ਅੰਦਰ ਨਿਖਾਰ ਆਉਂਦਾ ਹੈ। ਇਸੇ ਕਰਕੇ ਹੁਣ ਨਿੱਜੀ ਖੇਤਰ ਦਾ ਕੰਮ ਵਧ ਰਿਹਾ ਹੈ ਅਤੇ ਸਰਕਾਰੀ ਸਹੂਲਤਾਂ, ਸੁਰੱਖਿਆ ਘਟ ਰਹੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਪ੍ਰਿੰਸੀਪਲ ਸਰਕਾਰ ਅਤੇ ਅਦਾਲਤ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ। ਅਜਿਹਾ ਨਾ ਹੋਵੇ ਕਿ ਆਰ.ਟੀ.ਆਈ. ਰਾਹੀਂ ਮੰਗੀ ਗਈ ਜਾਣਕਾਰੀ ਰਾਹੀਂ ਕੋਰਟ ਵਿੱਚ ਇਹ ਸਿੱਧ ਕਰ ਦਿੱਤਾ ਜਾਵੇ ਕਿ ਪ੍ਰਿੰਸੀਪਲ ਕੋਰਟ ਦੇ ਹੁਕਮਾਂ ਦੀ ਕੋਈ ਪਾਲਣਾ ਨਹੀਂ ਕਰ ਰਹੇ।

ਸੰਪਰਕ : 98786-11620

(ਰੋ: ਸਪੋਕਸਮੈਨ 12-10-2017 ਵਿੱਚੋਂ ਧੰਨਵਾਦ ਸਹਿਤ !)

# ਖ਼ੁਦਕੁਸ਼ੀਆਂ ਦਾ 'ਸੈਂਟਰ' ਕਿਉਂ ਬਣ ਗਿਆ ਹੈ ਕੋਟਾ?

**ਪਰਮਜੀਤ ਕੌਰ ਸਰਾਂ**

ਅੱਜ ਤੋਂ 15-20 ਸਾਲ ਪਹਿਲਾਂ ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਕੰਮ ਕਰਦੇ ਇੰਜੀਨੀਅਰਾਂ ਦਾ ਕਾਰੋਬਾਰ ਠੱਪ ਹੋ ਗਿਆ ਤਾਂ ਉਨ੍ਹਾਂ ਨੇ ਇੱਥੇ ਇੰਜੀਨੀਅਰ/ਡਾਕਟਰੀ ਦੀ ਟਿਊਸ਼ਨ ਸ਼ੁਰੂ ਕਰ ਦਿੱਤੀ। ਹੌਲੀ-ਹੌਲੀ ਇਹ ਸ਼ਹਿਰ ਇੰਜੀਨੀਅਰ/ਡਾਕਟਰੀ ਦੀ ਪੜ੍ਹਾਈ ਦੀ ਗਾਰੰਟੀ ਦੇਣ ਵਾਲਾ ਸ਼ਹਿਰ ਬਣ ਗਿਆ। ਇੱਥੇ ਦੇਸ਼ ਭਰ ਤੋਂ ਲੋਕ ਮੈਡੀਕਲ ਅਤੇ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਆਉਣ ਲੱਗੇ ਹਨ। ਕੋਟਾ ਇਨ੍ਹਾਂ ਕੋਰਸਾਂ ਦੇ ਟੈਸਟਾਂ ਦੀ ਤਿਆਰੀ ਦਾ ਭਾਰਤ ਦਾ ਗੜ੍ਹ ਬਣ ਗਿਆ ਹੈ। ਇੱਥੋਂ ਤਕ ਕਿ ਇੱਥੇ ਮੁੰਬਈ, ਦਿੱਲੀ ਅਤੇ ਦੱਖਣੀ ਕੋਰੀਆ ਦੀਆਂ ਕਈ ਸੰਸਥਾਵਾਂ ਵੀ ਆਪਣੇ ਸੈਂਟਰ ਖੋਲ੍ਹ ਰਹੀਆਂ ਹਨ। ਰੇਲ ਗੱਡੀ ਤੋਂ ਉਤਰਦਿਆਂ ਹੀ ਇਸ ਸ਼ਹਿਰ ਦੇ ਹਰ ਕੋਨੇ 'ਤੇ ਕੋਚਿੰਗ ਸੈਂਟਰਾਂ ਦੇ ਬੋਰਡ ਦਿੱਸਣ ਲੱਗਦੇ ਹਨ। ਅੱਜ ਏਥੇ 50 ਦੇ ਕਰੀਬ ਸੈਂਟਰ ਖੁੱਲ੍ਹ ਚੁੱਕੇ ਹਨ। ਇਹ ਸੈਂਟਰ 10ਵੀਂ ਅਤੇ 12ਵੀਂ ਜਮਾਤ ਦੇ ਬਾਅਦ ਟੈਸਟ ਲੈ ਕੇ ਦਾਖ਼ਲਾ ਦਿੰਦੇ ਹਨ। ਪੰਜਾਬ ਵਿੱਚ ਇਹ ਟੈਸਟ ਚੰਡੀਗੜ੍ਹ ਲਿਆ ਜਾਂਦਾ ਹੈ। ਦਾਖ਼ਲੇ ਦੇ ਬਾਅਦ ਹਰ ਤੀਜੇ ਹਫ਼ਤੇ ਇਕ ਟੈਸਟ ਲਿਆ ਜਾਂਦਾ ਹੈ। ਇਸ ਦੇ ਨਤੀਜੇ ਅਨੁਸਾਰ ਬੈਚ ਮਿਲਦਾ ਹੈ। ਨਤੀਜਾ ਬੋਰਡ 'ਤੇ ਲਾਇਆ ਜਾਂਦਾ ਹੈ। ਘੱਟ ਰੈਂਕ ਵਾਲੇ ਬੱਚਿਆਂ ਨੂੰ ਅਲੱਗ ਬਿਠਾਇਆ ਜਾਂਦਾ ਹੈ। ਟਾਪਰਜ਼ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਕਿਤਾਬਾਂ ਦਾ ਢੇਰ, ਦੀਵਾਲੀ ਤੋਂ ਬਿਨਾਂ ਕੋਈ ਛੁੱਟੀ ਨਾ ਹੋਣਾ, ਇੱਥੋਂ ਦੀ ਰੁਟੀਨ ਹੈ। ਇੱਥੋਂ ਤਕ ਕਿ ਐਤਵਾਰ ਨੂੰ ਵੀ ਟੈਸਟ ਲਏ ਜਾਂਦੇ ਹਨ। ਜੇ ਬੱਚੇ ਦੀ ਇੱਕ ਵੀ ਕਲਾਸ ਛੁੱਟ ਜਾਵੇ ਤਾਂ ਉਹ ਪਿੱਛੇ ਰਹਿ ਜਾਂਦਾ ਹੈ। ਹਰ ਸਾਲ 1.50 ਲੱਖ ਦੇ ਕਰੀਬ ਵਿਦਿਆਰਥੀ ਇੱਥੇ ਪੜ੍ਹਨ ਆਉਂਦੇ ਹਨ। ਹਰ ਵਿਦਿਆਰਥੀ ਇੱਕ ਲੱਖ ਰੁਪਏ ਸਲਾਨਾ ਦੇ ਕਰੀਬ ਫ਼ੀਸ ਭਰਦਾ ਹੈ ਅਤੇ 1.50 ਲੱਖ ਦੇ ਕਰੀਬ ਰਹਿਣ ਦਾ ਖ਼ਰਚਾ ਕਰਦਾ ਹੈ। ਇਨ੍ਹਾਂ ਸੈਂਟਰਾਂ ਨੂੰ ਅਰਬਾਂ ਰੁਪਏ ਦੀ ਕਮਾਈ ਹੁੰਦੀ ਹੈ। ਹੋਸਟਲਾਂ ਵਾਲੇ ਵੀ ਖੂਬ ਲੁੱਟ ਕਰਦੇ ਹਨ। ਇੱਥੇ ਤਿਆਰੀ ਕਰਨ ਵਾਲੇ 40 ਫ਼ੀਸਦੀ ਵਿਦਿਆਰਥੀ ਸਫਲ ਹੁੰਦੇ ਹਨ। ਦੇਸ਼ ਦੇ ਟਾਪਰ ਵਿਦਿਆਰਥੀਆਂ ਵਿੱਚੋਂ ਪੰਜ-ਸੱਤ ਇਸੇ ਸ਼ਹਿਰ ਦੇ ਸੈਂਟਰਾਂ ਦੇ ਹੁੰਦੇ ਹਨ। ਸਫਲਤਾ ਦੀ ਵੱਡੀ ਵਜ੍ਹਾ ਇੱਥੋਂ ਦੇ ਮਾਹਰ ਅਧਿਆਪਕ ਵੀ ਹਨ।

ਪਰ ਕੋਟੇ ਦਾ ਦੂਜਾ ਸੱਚ ਵੀ ਬੜਾ ਭਿਆਨਕ ਹੈ। ਇੱਥੇ ਇੱਕ ਵੱਡੀ ਗਿਣਤੀ ਉਨ੍ਹਾਂ ਵਿਦਿਆਰਥੀਆਂ ਦੀ ਵੀ ਹੈ ਜੋ ਕਾਮਯਾਬ ਨਾ ਹੋਣ ਕਾਰਨ ਜਾਂ



ਤਾਂ ਨਿਰਾਸ਼ਾ ਦੇ ਆਲਮ ਵਿੱਚ ਚਲੇ ਜਾਂਦੇ ਹਨ ਤੇ ਜਾਂ ਖ਼ੁਦਕੁਸ਼ੀ ਕਰ ਲੈਂਦੇ ਹਨ। ਜੋ ਬੱਚੇ ਸਕੂਲ ਵਿੱਚ ਕਮਜ਼ੋਰ ਰਹੇ ਹੁੰਦੇ ਹਨ ਉਹ ਇੱਥੇ ਕਾਮਯਾਬ ਨਹੀਂ ਹੁੰਦੇ। ਉਨ੍ਹਾਂ ਵਿੱਚੋਂ ਜ਼ਿਆਦਾਤਰ ਕਿਸੇ ਪਾਸੇ ਦੇ ਨਹੀਂ ਰਹਿੰਦੇ। ਮਾਤਾ-ਪਿਤਾ ਇਕ ਦੂਜੇ ਦੀ ਦੇਖਾ-ਦੇਖੀ ਬੱਚੇ ਨੂੰ ਇੱਥੇ ਭੇਜ ਦਿੰਦੇ ਹਨ। ਏਨਾ ਹੀ ਨਹੀਂ ਸਮਾਂ ਬਚਾਉਣ ਲਈ ਕਈ ਮਾਪੇ ਬੱਚਿਆਂ ਨੂੰ ਨੌਵੀਂ-ਦਸਵੀਂ ਜਮਾਤ ਵਿੱਚ ਹੀ ਏਥੇ ਦਾਖ਼ਲਾ ਦਿਵਾ ਕੇ ਇਨ੍ਹਾਂ ਕੋਰਸਾਂ ਦੇ ਨਾਲ-ਨਾਲ ਜਮਾਤ ਦੀ ਪੜ੍ਹਾਈ ਲਈ ਡੰਮੀ ਦਾਖ਼ਲਾ ਦੁਆਉਂਦੇ ਹਨ, ਪਰ ਕਮਜ਼ੋਰ ਵਿਦਿਆਰਥੀ ਪੜ੍ਹਾਈ ਦੇ ਬੋਝ ਥੱਲੇ ਦੱਬ ਜਾਂਦੇ ਹਨ। ਕਈ ਭਾਵਾਤਮਿਕ ਜਾਂ ਕਮਜ਼ੋਰ ਬੱਚੇ ਜੋ ਮਾਪਿਆਂ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰ ਸਕਦੇ ਉਹ ਹੀਣ-ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ।

ਪਿਛਲੇ ਕੁਝ ਸਾਲਾਂ ਤੋਂ ਇੱਥੇ ਖ਼ੁਦਕੁਸ਼ੀ ਕਰਨ ਵਾਲੇ ਬੱਚਿਆਂ ਦਾ ਅੰਕੜਾ ਵਧਦਾ ਹੀ ਜਾ ਰਿਹਾ ਹੈ। ਹੁਣ ਤਕ 50 ਦੇ ਕਰੀਬ ਬੱਚੇ ਇੱਥੇ ਖ਼ੁਦਕੁਸ਼ੀ ਕਰ ਚੁੱਕੇ ਹਨ। ਮੱਧ ਪ੍ਰਦੇਸ਼ ਦੇ ਯੋਗੇਸ਼ ਦੀ ਮੌਤ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ, ਜਿਸਨੇ ਆਪਣੇ ਕਮਰੇ ਵਿੱਚ ਖ਼ੁਦ ਨੂੰ ਅੱਗ ਲਾ ਲਈ ਸੀ। ਉੱਤਰ ਪ੍ਰਦੇਸ਼ ਦੀ ਦਿਪਾਂਸ਼ੀ ਨੂੰ ਉਸਦੇ ਪਿਤਾ ਨੇ ਉਸਦੇ ਹੋਸਟਲ ਦੇ ਕਮਰੇ ਵਿੱਚ ਇਸ ਲਈ ਗਲ ਘੁੱਟ ਕੇ ਮਾਰ ਦਿੱਤਾ ਕਿਉਂਕਿ ਉਹ ਉਸਦਾ ਖ਼ਰਚਾ ਚੁੱਕਣ ਤੋਂ ਅਸਮਰਥ ਹੋ ਗਿਆ ਸੀ। ਬੀਤੇ ਦਿਨੀਂ ਖ਼ੁਦਕੁਸ਼ੀ ਕਰਨ ਵਾਲੇ ਅਮਨ ਗੁਪਤਾ ਨੇ ਪਹਿਲਾਂ ਰੋਂਦੇ ਹੋਏ ਆਪਣੀ ਵੀਡੀਓ ਬਣਾਈ। ਉਸਦੀ ਖ਼ੁਦਕੁਸ਼ੀ ਦਾ ਕਾਰਨ ਇਹ ਸੀ ਕਿ ਉਹ ਆਪਣੇ ਮਾਪਿਆਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਸੀ ਉੱਤਰ ਸਕਿਆ। 29 ਅਪ੍ਰੈਲ ਨੂੰ ਗਾਜ਼ੀਆਬਾਦ ਦੀ ਕੀਰਤੀ ਨੇ ਖ਼ੁਦਕੁਸ਼ੀ ਤੋਂ ਪਹਿਲਾਂ ਸਾਬਕਾ ਸਿੱਖਿਆ-ਮੰਤਰੀ ਸ੍ਰੀਮਤੀ ਸਿਮ੍ਰਿਤੀ ਈਰਾਨੀ ਦੇ ਨਾਂ ਇੱਕ ਪੱਤਰ ਲਿਖ ਕੇ ਇਨ੍ਹਾਂ ਸੈਂਟਰਾਂ ਨੂੰ ਬੰਦ ਕਰਨ ਦੀ ਅਪੀਲ ਕੀਤੀ ਸੀ। ਉਸਨੇ ਆਪਣੇ ਮਾਪਿਆਂ ਨੂੰ ਵੀ ਇਸਦਾ ਜ਼ਿੰਮੇਵਾਰ ਦੱਸਿਆ ਸੀ, ਜਿਨ੍ਹਾਂ ਨੇ ਉਸਦੀ ਸਾਹਿਤ ਵਿੱਚ ਦਿਲਚਸਪੀ ਹੋਣ ਨੂੰ ਅੱਖੋਂ-ਪਰੋਖੇ ਕਰਕੇ ਵਿਗਿਆਨ ਵਰਗਾ ਵਿਸ਼ਾ ਲੈਣ ਲਈ ਮਜ਼ਬੂਰ ਕੀਤਾ।

ਇਸ ਸਾਰੇ ਕੁਝ ਵਿੱਚ ਕਸੂਰ ਇਨ੍ਹਾਂ ਸੈਂਟਰਾਂ ਦਾ ਘੱਟ ਪਰ ਸਾਡੀ ਸਿੱਖਿਆ-ਪ੍ਰਣਾਲੀ ਦਾ ਵਧੇਰੇ ਹੈ। ਮਾਪੇ ਵੀ ਘੱਟ ਕਸੂਰਵਾਰ ਨਹੀਂ ਹਨ। ਬੀ.ਟੈੱਕ. ਵਰਗੇ ਕੋਰਸਾਂ ਦਾ ਰੁਝਾਨ ਦਿਨੋ-ਦਿਨ ਵਧ ਰਿਹਾ ਹੈ। ਪੰਜਾਬ ਦੇ ਵਿਦਿਆਰਥੀਆਂ ਨੇ ਵੀ ਇਨ੍ਹਾਂ ਸੈਂਟਰਾਂ ਵੱਲ ਵਹੀਰਾਂ ਘੱਤ ਲਈਆਂ ਹਨ, ਜਿੱਥੇ ਜਾ ਕੇ ਉਹ ਮੋਟੀਆਂ ਫ਼ੀਸਾਂ ਤਾਂ ਭਰਦੇ ਹੀ ਹਨ ਪਰ ਨਾਲ ਹੀ ਆਪਣੀ

ਬੋਲੀ ਅਤੇ ਆਪਣੇ ਸੱਭਿਅਚਾਰ ਦੀ ਕੁਰਬਾਨੀ ਦੇਣ ਲਈ ਮਜਬੂਰ ਹੋਣਾ ਪੈਂਦਾ ਹੈ। ਇੰਜੀਨੀਅਰਿੰਗ ਦੇ ਕੋਰਸ ਕਰ ਰਹੇ ਵਿਦਿਆਰਥੀਆਂ ਦੇ ਆਖਰੀ ਸਾਲ ਤੋਂ ਪਹਿਲਾਂ ਹੀ ਵੱਖ-ਵੱਖ ਪਲੇਸਮੈਂਟ ਕੰਪਨੀਆਂ ਦੇ ਨੁਮਾਇੰਦੇ ਚੰਗੇ ਇੰਜੀਨੀਅਰਾਂ ਨੂੰ ਪਰਖਦੇ ਹਨ ਤੇ 40-50 ਲੱਖ ਦਾ ਪੈਕੇਜ ਦਿੰਦੇ ਹਨ। ਭਾਰਤ ਵਿੱਚੋਂ ਉਨ੍ਹਾਂ ਨੂੰ ਇਹ ਮਜ਼ਦੂਰ ਰੂਪੀ ਇੰਜੀਨੀਅਰ ਸਸਤੇ ਮਿਲ ਜਾਂਦੇ ਹਨ ਤੇ ਕੰਪਨੀਆਂ ਵਾਲੇ ਇਨ੍ਹਾਂ ਨੂੰ ਆਪਣੇ ਹੱਥਾਂ ਦੀ ਕਠਪੁਤਲੀ ਬਣਾ ਕੇ ਕੰਮ ਲੈਂਦੇ ਹਨ ਤੇ ਇਹ 'ਫੁੱਟ ਲੂਜ਼ ਲੇਬਰ' ਇਸੇ ਗੱਲ ਵਿੱਚ ਮਾਣ ਮਹਿਸੂਸ ਕਰਦੀ ਹੈ। ਪਰ ਇੱਥੇ ਕੋਰਸ ਕਰਨ ਤੋਂ ਬਾਅਦ ਜਿਹੜੇ ਵਿਦਿਆਰਥੀਆਂ ਤੋਂ ਆਈ.ਆਈ.ਟੀ./ਮੈਡੀਕਲ ਵਰਗੇ ਟੈਸਟ ਪਾਸ ਨਹੀਂ ਹੁੰਦੇ ਜਾਂ ਘੱਟ ਮੈਰਿਟ ਹੋਣ ਕਾਰਨ ਚੰਗੇ ਕਾਲਜ ਵਿੱਚ ਦਾਖ਼ਲਾ ਨਹੀਂ ਮਿਲਦਾ ਉਹ ਨਾ ਘਰ ਦੇ ਰਹਿੰਦੇ ਹਨ ਨਾ ਘਾਟ ਦੇ। ਨਾ ਆਪਣੇ ਦੇਸ਼ ਵਿੱਚ ਪੱਕਾ ਰੁਜ਼ਗਾਰ ਮਿਲਦਾ ਹੈ ਤੇ ਨਾ ਵਿਦੇਸ਼ ਵਿੱਚ ਇੱਧਰੋਂ ਕੀਤੀ ਡਿਗਰੀ ਦੀ ਕਦਰ ਪੈਂਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੇ ਦਿਮਾਗ਼ੀ ਪੱਧਰ ਅਤੇ ਉਸ ਦੀ ਰੁਚੀ ਦੇਖ ਕੇ ਫ਼ੈਸਲਾ ਕਰਨ ਤਾਂ ਜੋ ਚੜ੍ਹਦੀ ਉਮਰੇ ਪੜ੍ਹਾਈ ਦੇ ਬੋਝ ਕਾਰਨ ਉਨ੍ਹਾਂ ਨੂੰ ਆਪਣੇ ਬੱਚੇ ਨਾ ਗੁਆਉਣੇ ਪੈਣ।

ਫ਼ੋਨ : 89688-92929

(ਰੋ: ਅਜੀਤ, 24-10-2016 'ਚੋਂ ਧੰਨਵਾਦ ਸਹਿਤ !)



# ਸਿੱਖਿਆ 'ਚ ਵੀ ਨਜ਼ਰ ਆਉਣ ਲੱਗਾ ਅਮੀਰ-ਗ਼ਰੀਬ ਦਾ ਪਾੜਾ

**ਪ੍ਰਿੰ: ਵਿਜੈ ਕੁਮਾਰ**

ਦੁਨੀਆਂ ਦੇ ਬਹੁਤ ਸਾਰੇ ਸਿੱਖਿਆ- ਸ਼ਾਸਤਰੀਆਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਜਿਸ ਦੇਸ਼ ਦੀ ਸਿੱਖਿਆ ਦਾ ਢਾਂਚਾ ਯੋਜਨਾਬੱਧ ਢੰਗ ਨਾਲ ਸਿਰਜਿਆ ਗਿਆ ਹੋਵੇ, ਜਿਸ ਦੇ ਲੋਕਾਂ ਨੂੰ ਤਰੱਕੀ ਕਰਨ ਲਈ ਸਿੱਖਿਆ ਪ੍ਰਾਪਤੀ ਦੇ ਬਰਾਬਰ ਮੌਕੇ ਮਿਲਦੇ ਹੋਣ ਅਤੇ ਜਿਸ ਦੀਆਂ ਸਰਕਾਰਾਂ ਸਿੱਖਿਆ ਨੂੰ ਪਹਿਲ ਦਿੰਦੀਆਂ ਹੋਣ, ਉਸ ਦੇਸ਼ ਨੂੰ ਤਰੱਕੀ ਕਰਨ ਤੋਂ ਕੋਈ ਰੋਕ ਨਹੀਂ ਸਕਦਾ। ਉਨ੍ਹਾਂ ਸਿੱਖਿਆ-ਸ਼ਾਸਤਰੀਆਂ ਦੇ ਇਸ ਕਥਨ ਅਤੇ ਸੁਪਨੇ ਨੂੰ ਜੇਕਰ ਆਪਣੇ ਦੇਸ਼ ਦੇ ਮੌਜੂਦਾ ਢਾਂਚੇ ਨਾਲ ਨਾਪ ਤੋਲ ਕੇ ਵੇਖਿਆ ਜਾਵੇ ਤਾਂ ਸਾਨੂੰ ਸਭ ਨੂੰ ਆਪਣੇ ਦੇਸ਼ ਦੀ ਸਿੱਖਿਆ ਦੀ ਤਸਵੀਰ ਬਹੁਤ ਹੀ ਘਸਮੈਲੀ ਨਜ਼ਰ ਆਵੇਗੀ। ਇੱਕ ਪਾਸੇ ਉਨ੍ਹਾਂ ਲੋਕਾਂ ਲਈ ਸਿੱਖਿਆ ਦਾ ਪ੍ਰਬੰਧ ਹੈ ਜਿਨ੍ਹਾਂ ਦੇ ਬੱਚੇ ਉਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਦੇ ਹਨ ਜਿਨ੍ਹਾਂ ਦੀ ਪੜ੍ਹਾਈ ਦੇ ਪ੍ਰਬੰਧ ਅਤੇ ਪੱਧਰ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਹੁੰਦੀਆਂ ਹਨ, ਉਨ੍ਹਾਂ ਸਕੂਲਾਂ ਦੇ ਬੱਚਿਆਂ ਦੀ ਸਿੱਖਿਆ ਯੋਜਨਾਬੱਧ ਹੁੰਦੀ ਹੈ। ਉਨ੍ਹਾਂ ਸਕੂਲਾਂ ਦੇ ਬੱਚਿਆਂ ਦੇ ਸਰਬਪੱਖੀ ਵਿਕਾਸ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਂਦਾ ਹੈ। ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਿੱਖਿਆ ਪ੍ਰਾਪਤੀ ਦੇ ਉਦੇਸ਼ਾਂ ਦੀ ਜਾਣਕਾਰੀ ਵੀ ਹੁੰਦੀ ਹੈ, ਪਰ ਇਨ੍ਹਾਂ ਸਕੂਲਾਂ ਵਿੱਚ ਉਨ੍ਹਾਂ ਪਰਿਵਾਰਾਂ ਦੇ ਬੱਚੇ ਹੀ ਪੜ੍ਹ ਸਕਦੇ ਹਨ ਜਿਨ੍ਹਾਂ ਦੀਆਂ ਜੇਬਾਂ ਨੋਟਾਂ ਨਾਲ ਭਰੀਆਂ ਹੁੰਦੀਆਂ ਹਨ। ਗ਼ਰੀਬਾਂ ਦੇ ਬੱਚੇ ਤਾਂ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਨ ਦਾ ਸੁਪਨਾ ਤਕ ਨਹੀਂ ਵੇਖ ਸਕਦੇ। ਦੂਜੇ ਪਾਸੇ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਲਈ ਸਿੱਖਿਆ ਦਾ ਉਹ ਢਾਂਚਾ ਹੈ, ਜਿਸ ਦੇ ਅਧੀਨ ਸਰਕਾਰੀ ਸਕੂਲ ਆਉਂਦੇ ਹਨ।

ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਮਾਪੇ ਏਨੇ ਵਿੱਚ ਹੀ ਸੰਤੁਸ਼ਟ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਮੁਫ਼ਤ ਅਤੇ ਸਸਤੀ ਸਿੱਖਿਆ ਮਿਲ ਰਹੀ ਹੈ। ਉਨ੍ਹਾਂ ਨੂੰ ਕਿਤਾਬਾਂ, ਖਾਣਾ, ਵਰਦੀਆਂ, ਸਾਈਕਲ ਅਤੇ ਹੋਰ ਸਹੂਲਤਾਂ ਮਿਲ ਰਹੀਆਂ ਹਨ। ਉਹ ਅਤੇ ਉਨ੍ਹਾਂ ਦੇ ਬੱਚੇ ਸਿੱਖਿਆ ਦੇ ਪੱਧਰ ਅਤੇ ਉਦੇਸ਼ਾਂ ਦੀ ਜਾਣਕਾਰੀ ਤੋਂ ਲੱਖਾਂ ਕੋਹਾਂ ਦੂਰ ਹਨ। ਉਹ ਕੇਵਲ ਏਨਾ ਹੀ ਜਾਣਦੇ ਹਨ ਕਿ ਉਨ੍ਹਾਂ ਦੇ ਬੱਚੇ ਪੜ੍ਹਦੇ ਹਨ, ਪਰ ਇਹ ਨਹੀਂ ਜਾਣਦੇ ਕਿ

ਕਿਸ ਪੱਧਰ ਦੇ ਸਕੂਲਾਂ ਵਿੱਚ ਪੜ੍ਹਦੇ ਹਨ। ਸਿੱਖਿਆ ਦੇ ਇਸ ਢਾਂਚੇ ਨੂੰ ਵੇਖ ਕੇ ਸਾਡੇ ਮਨਾਂ ਵਿੱਚ ਇਹ ਸਵਾਲ ਜ਼ਰੂਰ ਖੜ੍ਹਾ ਹੁੰਦਾ ਹੈ ਕਿ ਸਾਡੀ ਸਿੱਖਿਆ ਦਾ ਢਾਂਚਾ ਇਹੋ ਜਿਹਾ ਕਿਉਂ ਨਹੀਂ ਬਣਾ ਦਿੱਤਾ ਜਾਂਦਾ ਜੋ ਸਾਰੇ ਬੱਚਿਆਂ ਨੂੰ ਇੱਕੋ ਜਿਹੇ ਪੱਧਰ ਦੀ ਸਿੱਖਿਆ ਮੁਹੱਈਆ ਕਰਵਾਏ? ਕੀ ਦੇਸ਼ ਦੇ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਅਮੀਰ ਪਰਿਵਾਰਾਂ ਦੇ ਬੱਚਿਆਂ ਵਾਂਗ ਉੱਚ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਮਿਲ ਰਹੇ ਹਨ? ਆਜ਼ਾਦੀ ਦੇ 69 ਵਰ੍ਹਿਆਂ ਬਾਅਦ ਸਰਕਾਰੀ ਸਕੂਲਾਂ ਦੇ ਸਾਰੇ ਬੱਚੇ ਸਾਇੰਸ ਅਤੇ ਕਾਮਰਸ ਦੀ ਪੜ੍ਹਾਈ ਕਰਨ ਦੇ ਬਰਾਬਰ ਮੌਕੇ ਪ੍ਰਾਪਤ ਕਿਉਂ ਨਹੀਂ ਕਰ ਸਕੇ? ਇਹ ਸਵਾਲ ਵੀ ਆਪਣੇ ਆਪ ਵਿੱਚ ਫ਼ਿਕਰਮੰਦੀ ਪੈਦਾ ਕਰਦਾ ਹੈ। ਪ੍ਰਾਈਵੇਟ ਅਤੇ ਮਾਡਲ ਸਕੂਲਾਂ ਵਿਚਕਾਰਲੀ ਵਿੱਥ ਕਿਉਂ ਵਧਦੀ ਜਾ ਰਹੀ ਹੈ? ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਇਕ ਪਾਸੇ ਅਸੀਂ ਆਪਣੇ ਦੇਸ਼ ਦੀ ਗਿਣਤੀ ਤਰੱਕੀ ਯਾਫ਼ਤਾ ਮੁਲਕਾਂ ਵਿੱਚ ਕਰ ਰਹੇ ਹਾਂ, ਦੂਜੇ ਪਾਸੇ ਅਸੀਂ ਆਪਣੀ ਸਿੱਖਿਆ ਦਾ ਤੋਰਾ ਤੋਰਨ ਲਈ ਵਿਸ਼ਵ ਬੈਂਕ ਦੀ ਆਰਥਿਕ ਸਹਾਇਤਾ ਉੱਤੇ ਨਿਰਭਰ ਕਰ ਰਹੇ ਹਾਂ। ਉਸ ਆਰਥਿਕ ਸਹਾਇਤਾ ਦੀ ਆੜ ਵਿੱਚ ਸਾਡੀ ਸਿੱਖਿਆ ਆਪਣੇ ਉਦੇਸ਼ਾਂ ਤੋਂ ਭਟਕਦੀ ਜਾ ਰਹੀ ਹੈ। ਕੀ ਅਜਿਹੀ ਸਥਿਤੀ ਵਿੱਚ ਸਾਡੇ ਦੇਸ਼ 'ਚ ਤਰੱਕੀ ਦਾ ਸੂਰਜ ਚੜ੍ਹ ਸਕੇਗਾ?

ਹੁਣ ਦੇਸ਼ ਦੀ ਉੱਚ-ਸਿੱਖਿਆ ਦੀ ਸਥਿਤੀ 'ਤੇ ਝਾਤ ਮਾਰ ਲੈਂਦੇ ਹਾਂ। ਅਸੀਂ ਆਪਣੇ ਵੱਲੋਂ ਤਕਨੀਕੀ ਸਿੱਖਿਆ ਦਾ ਪ੍ਰਸਾਰ ਕਰਨ ਲਈ ਥਾਂ-ਥਾਂ ਧੜਾਧੜ ਇੰਜੀਨੀਅਰਿੰਗ, ਪੋਲੀਟੈਕਨਿਕ, ਆਈ.ਟੀ.ਆਈ. ਸੰਸਥਾਵਾਂ ਤਾਂ ਖੋਲ੍ਹ ਦਿੱਤੀਆਂ ਹਨ ਪਰ ਇਸ ਗੱਲ ਦਾ ਧਿਆਨ ਰੱਖਣਾ ਭੁੱਲ ਹੀ ਗਏ ਕਿ ਇਨ੍ਹਾਂ ਤਕਨੀਕੀ ਸੰਸਥਾਵਾਂ ਵਿੱਚ ਪੜ੍ਹਾਈ ਦਾ ਪੱਧਰ ਕਿਹੋ ਜਿਹਾ ਹੈ। ਇਨ੍ਹਾਂ ਤਕਨੀਕੀ ਸੰਸਥਾਵਾਂ ਦਾ ਪ੍ਰਬੰਧ ਬਹੁਤਾ ਕਰਕੇ ਵਪਾਰੀ ਲੋਕਾਂ ਦੇ ਹੱਥਾਂ ਵਿੱਚ ਚਲਾ ਗਿਆ ਹੈ, ਜਿਨ੍ਹਾਂ ਦਾ ਉਦੇਸ਼ ਮਿਆਰੀ ਤਕਨੀਕੀ ਸਿੱਖਿਆ ਦੇਣਾ ਨਹੀਂ ਸਗੋਂ ਪੈਸਾ ਕਮਾਉਣਾ ਹੈ। ਅਜਿਹੀਆਂ ਸੰਸਥਾਵਾਂ ਵਿੱਚੋਂ ਇੰਜੀਨੀਅਰ ਬਣ ਕੇ ਨਿਕਲਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਵਿਹਲੇ ਘੁੰਮ ਰਹੇ ਹਨ। ਉਨ੍ਹਾਂ ਪੱਲੇ ਨਾ ਤਕਨੀਕੀ ਗਿਆਨ ਹੈ ਤੇ ਨਾ ਹੀ ਯੋਗਤਾ। ਪ੍ਰਾਈਵੇਟ ਕੰਪਨੀਆਂ ਉਨ੍ਹਾਂ ਨੂੰ 5-10 ਹਜ਼ਾਰ ਰੁਪਏ ਦੀ ਨੌਕਰੀ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਇਨ੍ਹਾਂ ਤਕਨੀਕੀ ਸੰਸਥਾਵਾਂ ਦੀ ਬਹੁਗਿਣਤੀ ਅਤੇ ਯੋਜਨਾਹੀਣਤਾ ਹੋਣ ਕਾਰਨ ਇਨ੍ਹਾਂ ਦੇ ਬੰਦ ਹੋਣ ਦੀ ਨੌਬਤ ਪੈਦਾ ਹੋ ਚੁੱਕੀ ਹੈ। ਤਕਨੀਕੀ ਸੰਸਥਾਵਾਂ ਵਿੱਚ ਦਿਨ-ਪ੍ਰਤੀ-ਦਿਨ ਵਿਦਿਆਰਥੀਆਂ ਦਾ ਦਾਖ਼ਲਾ ਘਟਦਾ ਜਾ ਰਿਹਾ



ਹੈ। ਇਹੋ ਜਿਹੀ ਸਥਿਤੀ ਪੈਦਾ ਹੋਣ ਦਾ ਕਾਰਨ ਸਾਡੀ ਉੱਚ-ਸਿੱਖਿਆ ਦਾ ਯੋਜਨਾਹੀਣ ਹੋਣਾ ਹੈ।

ਕਿੱਤਾ ਪ੍ਰਬੀਨਤਾ ਨਾਂ ਦੀ ਸਿੱਖਿਆ ਅਧੀਨ ਤਕਨੀਕੀ ਸੰਸਥਾਵਾਂ ਕੇਂਦਰੀ ਸਰਕਾਰਾਂ ਤੋਂ ਕਰੋੜਾਂ ਰੁਪਏ ਕਮਾ ਰਹੀਆਂ ਹਨ। ਗ਼ਰੀਬ ਪਰਿਵਾਰਾਂ ਦੇ ਬੱਚੇ ਆਈ.ਆਈ.ਟੀ., ਆਈ.ਆਈ.ਐੱਮ., ਥਾਪਰ, ਵੀ.ਆਈ.ਟੀ. ਵਿਲੋਰ ਅਤੇ ਮੈਡੀਕਲ ਕਾਲਜਾਂ ਵਿੱਚ ਉੱਚ-ਸਿੱਖਿਆ ਪ੍ਰਾਪਤ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦੇ, ਕਿਉਂਕਿ ਉਨ੍ਹਾਂ ਦੇ ਮਾਪਿਆਂ ਕੋਲ ਇਨ੍ਹਾਂ ਕਾਲਜਾਂ ਵਿੱਚ ਦਾਖ਼ਲਾ ਲੈਣ ਲਈ ਕੋਚਿੰਗ ਲੈਣ ਵਾਸਤੇ ਲੱਖਾਂ ਰੁਪਏ ਨਹੀਂ ਹੁੰਦੇ। ਗ਼ਰੀਬ ਮਾਪਿਆਂ ਦੇ ਬੱਚੇ ਤਾਂ ਇਨ੍ਹਾਂ ਕਾਲਜਾਂ ਦੇ ਪ੍ਰਾਸਪੈਕਟਸ ਅਤੇ 12ਵੀਂ ਜਮਾਤ ਦੇ ਸਾਇੰਸ ਗਰੁੱਪ ਦੀਆਂ ਕਿਤਾਬਾਂ ਵੀ ਨਹੀਂ ਖ਼ਰੀਦ ਸਕਦੇ। ਟਿਊਸ਼ਨਾਂ ਲਈ ਹਜ਼ਾਰਾਂ ਰੁਪਏ ਖ਼ਰਚਣ ਦੀ ਉਨ੍ਹਾਂ ਵਿੱਚ ਹਿੰਮਤ ਨਹੀਂ ਹੁੰਦੀ। ਭਾਵੇਂ ਸਰਕਾਰਾਂ ਵੱਲੋਂ ਉੱਚ-ਸਿੱਖਿਆ ਲਈ ਵਜ਼ੀਫ਼ਿਆਂ ਦੀ ਵਿਵਸਥਾ ਵੀ ਕੀਤੀ ਗਈ ਹੈ ਪਰ ਉਹ ਆਟੇ ਵਿੱਚ ਲੂਣ ਦੇ ਬਰਾਬਰ ਹੈ। ਉੱਚ ਸਿੱਖਿਆ ਦੀ ਇਹੋ ਜਿਹੀ ਪ੍ਰਣਾਲੀ ਗ਼ਰੀਬ ਅਤੇ ਅਮੀਰ ਬੱਚਿਆਂ ਲਈ ਸਿੱਖਿਆ ਦੇ ਇੱਕੋ ਜਿਹੇ ਮੌਕੇ ਕਿਵੇਂ ਮੁਹੱਈਆ ਕਰਵਾ ਸਕਦੀ ਹੈ? ਸਕੂਲੀ ਸਿੱਖਿਆ ਦੇ ਨਾਲ-ਨਾਲ ਉੱਚ ਸਿੱਖਿਆ ਵੀ ਸਸਤੀ ਹੋਣੀ ਚਾਹੀਦੀ ਹੈ। ਸਿੱਖਿਆ ਦੀ ਉਲਝੀ ਹੋਈ ਤਾਣੀ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ ਜੋ ਕਿ ਸਮੇਂ ਦੀ ਵੱਡੀ ਜ਼ਰੂਰਤ ਹੈ।

-ਮਾਧਵ ਨਗਰ, ਨੰਗਲ ਟਾਊਨਸ਼ਿਪ, ਰੋਪੜ

(ਰੋਜ਼ਾਨਾ ਅਜੀਤ 20-07-2016 'ਚੋਂ ਧੰਨਵਾਦ ਸਹਿਤ !)

# ਉਦੇਸ਼ਾਂ ਤੋਂ ਭਟਕ ਗਈ ਹੈ ਅਜੋਕੀ ਸਿੱਖਿਆ-ਪ੍ਰਣਾਲੀ

**ਗੁਰਚਰਨ ਸਿੰਘ ਨੂਰਪੁਰ**

ਸਿੱਖਿਆ ਨੂੰ ਇੱਕ ਸਿਸਟਮ ਅਨੁਸਾਰ ਚਲਾਉਣ ਦੀ ਸ਼ੁਰੂਆਤ ਯੂਨਾਨ ਦੇ ਦਾਰਸ਼ਨਿਕ ਪਲੈਟੋ ਨੇ ਲਗਪਗ 400 ਈਸਵੀ ਪੂਰਵ ਯਾਨੀ ਅੱਜ ਤੋਂ ਚੌਵੀ ਸੌ ਸਾਲ ਪਹਿਲਾਂ ਯੂਨਾਨ ਵਿੱਚ ਕੀਤੀ। ਪਲੈਟੋ ਨੇ ਰਵਾਇਤੀ ਸਿੱਖਿਆ ਨੂੰ ਤਿੰਨ ਭਾਗਾਂ ਵਿੱਚ ਵੰਡਿਆ: ਪ੍ਰਾਇਮਰੀ ਸਿੱਖਿਆ, ਮਾਧਿਅਮ (Medium) ਸਿੱਖਿਆ ਅਤੇ ਉੱਚ ਸਿੱਖਿਆ। ਪਲੈਟੋ ਹੀ ਸੀ ਜਿਸ ਨੇ ਪਹਿਲੀ ਵਾਰ ਮਰਦਾਂ ਦੇ ਨਾਲ ਇਸਤਰੀ ਨੂੰ ਸਿੱਖਿਅਤ ਕਰਨ ਦਾ ਸਮਰਥਨ ਕੀਤਾ। ਪਲੈਟੋ ਜਿਸ ਨੂੰ ਅਫਲਾਤੂਨ ਵੀ ਕਿਹਾ ਜਾਂਦਾ ਹੈ, ਅਨੁਸਾਰ ਰਾਸ਼ਟਰ-ਨਿਰਮਾਣ ਵਿੱਚ ਇਸਤਰੀ ਦਾ ਵੀ ਓਨਾ ਹੀ ਯੋਗਦਾਨ ਹੈ ਜਿੰਨਾ ਕਿ ਪੁਰਸ਼ ਦਾ। ਇਸੇ ਲਈ ਉਸ ਨੇ ਪੁਰਸ਼ਾਂ ਅਤੇ ਇਸਤਰੀਆਂ ਨੂੰ ਬਰਾਬਰ ਦੀ ਸਿੱਖਿਆ ਦੇਣ ਦੀ ਵਕਾਲਤ ਕੀਤੀ। ਪਲੈਟੋ ਦਾ ਸਿੱਖਿਆ ਸ਼ਾਸਤਰ ਜਿਸ ਦੀ ਵਕਾਲਤ ਉਹ ਆਪਣੇ ਗ੍ਰੰਥ 'ਰੀਪਬਲਿਕ' ਵਿੱਚ ਕਰਦਾ ਹੈ, ਦਾ ਵੱਡਾ ਦੋਸ਼ ਇਹ ਸੀ ਕਿ ਉਹ ਉਤਪਾਦਕਾਂ ਜਿਵੇਂ ਕਾਰੀਗਰ, ਕਿਸਾਨ ਅਤੇ ਮਜ਼ਦੂਰਾਂ ਦੀ ਸਿੱਖਿਆ ਦੇ ਹੱਕ ਵਿੱਚ ਨਹੀਂ ਸੀ। ਇਸ ਕਰਕੇ ਪਲੈਟੋ ਦੀ ਆਲੋਚਨਾ ਵੀ ਹੁੰਦੀ ਰਹੀ ਹੈ। ਅਜੋਕੀ ਸਿੱਖਿਆ ਦੀ ਸ਼ੁਰੂਆਤ ਪਲੈਟੋ ਦੀ ਸਭ ਤੋਂ ਪਹਿਲੀ ਉਸ ਅਕੈਡਮੀ ਤੋਂ ਹੋਈ ਮੰਨੀ ਜਾਂਦੀ ਹੈ ਜੋ ਉਸਨੇ ਏਥਨਜ਼ ਦੇ ਨਜ਼ਦੀਕ ਬਣਾਈ। ਅਰਸਤੂ ਵਰਗੇ ਦਾਰਸ਼ਨਿਕ ਇਸੇ ਅਕੈਡਮੀ ਦੇ ਵਿਦਿਆਰਥੀ ਸਨ। ਪਲੈਟੋ ਦੇ ਸਿੱਖਿਆ ਸ਼ਾਸਤਰ ਅਨੁਸਾਰ ਸਿੱਖਿਆ ਦਾ ਉਦੇਸ਼ ਉੱਤਮ ਨਾਗਰਿਕ ਪੈਦਾ ਕਰਨਾ ਹੈ। ਉਹ ਮੰਨਦਾ ਸੀ ਕਿ ਸਿੱਖਿਆ ਰਾਜ ਦੁਆਰਾ ਦਿੱਤੀ ਜਾਣੀ ਚਾਹੀਦੀ ਹੈ। ਪਲੈਟੋ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਹ ਸਮਝਦਾ ਸੀ ਕਿ ਸਿੱਖਿਆ ਦੁਆਰਾ ਯੋਗ ਵਿਅਕਤੀ, ਵਿਦਵਾਨ ਸ਼ਾਸਕ ਅਰਥਾਤ 'ਦਾਰਸ਼ਨਿਕ ਰਾਜੇ' ਤਿਆਰ ਕੀਤੇ ਜਾਣ। ਉਹਦਾ ਮੰਨਣਾ ਸੀ ਕਿ ਜਿੰਨੀ ਦੇਰ ਰਾਜੇ ਦਾਰਸ਼ਨਿਕ ਨਹੀਂ ਹੋਣਗੇ ਓਨੀ ਦੇਰ ਵਿਸ਼ਵ ਦੀਆਂ ਸਮੱਸਿਆਵਾਂ ਕਿਸੇ ਵੀ ਹਾਲਤ ਵਿੱਚ ਖ਼ਤਮ ਨਹੀਂ ਹੋ ਸਕਣਗੀਆਂ। ਪਲੈਟੋ ਦੀ ਸਿੱਖਿਆ-ਪ੍ਰਣਾਲੀ ਵਿੱਚ ਖੇਡਾਂ 'ਤੇ ਜ਼ੋਰ ਦਿੱਤਾ ਜਾਂਦਾ ਸੀ। ਹਿਸਾਬ, ਭੂਗੋਲ, ਇਤਿਹਾਸ, ਨਾਗਰਿਕ ਸ਼ਾਸਤਰ ਅਤੇ ਗਿਆਨ ਵਿਗਿਆਨ ਦੀ ਸਿੱਖਿਆ ਤੋਂ ਇਲਾਵਾ ਹੋਰ ਵੀ ਵਿਸ਼ਿਆਂ ਨੂੰ ਪੜ੍ਹਾਇਆ ਜਾਂਦਾ ਸੀ। ਸਿੱਖਿਆ ਮਨੁੱਖ ਦੇ ਚਰਿੱਤਰ ਨਿਰਮਾਣ, ਸਰੀਰਕ ਤੰਦਰੁਸਤੀ ਅਤੇ ਬੌਧਿਕ ਵਿਕਾਸ ਲਈ ਦਿੱਤੀ ਜਾਂਦੀ ਸੀ।



ਉਹ ਸਿੱਖਿਆ ਪ੍ਰਣਾਲੀ ਜੋ ਮਨੁੱਖ ਦੇ ਚਰਿੱਤਰ, ਬੌਧਿਕ ਵਿਕਾਸ ਅਤੇ ਸਰੀਰਕ ਵਿਕਾਸ ਤੋਂ ਸ਼ੁਰੂ ਹੋਈ, ਅੱਜ ਕਿੱਥੇ ਖੜ੍ਹੀ ਹੈ? ਜਿੱਥੇ ਅੱਜ ਸਿੱਖਿਆ ਦੇ ਖੇਤਰ ਵਿੱਚ ਬਹੁਤ ਕੁਝ ਚੰਗਾ ਵਾਪਰਿਆ ਹੈ, ਉੱਥੇ ਸਿੱਖਿਆ ਬੜੀ ਤੇਜ਼ੀ ਨਾਲ ਬਹੁਤ ਵੱਡਾ ਕਾਰੋਬਾਰ ਬਣ ਗਈ ਹੈ। ਸਿੱਖਿਆ ਦਾ ਮਨੋਰਥ ਕੇਵਲ ਚੰਗੇ ਇਨਸਾਨ ਪੈਦਾ ਕਰਨਾ ਨਹੀਂ ਰਿਹਾ। ਅਸੀਂ ਉਸ ਪਾਸੇ ਵੱਲ ਵਧ ਰਹੇ ਹਾਂ ਕਿ ਸਿੱਖਿਆ ਰਾਹੀਂ ਚੰਗੇ ਉਪਭੋਗਤਾਵਾਦੀ ਪੈਦਾ ਕੀਤੇ ਜਾਣ। ਸਿੱਖਿਆ ਵਿੱਚ ਕੁਝ ਖ਼ਾਸ ਤਰ੍ਹਾਂ ਦੀਆਂ ਤਰਜੀਹਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਤਾਂ ਕਿ ਇਸ ਰਾਹੀਂ ਪਦਾਰਥਕ ਲੋੜਾਂ ਦੀ ਪੂਰਤੀ ਕਰਨ ਵਾਲੇ ਅਤੇ ਵਸਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਵਾਲੇ ਨਾਗਰਿਕ ਪੈਦਾ ਕੀਤੇ ਜਾਣ। ਅਜੋਕੀ ਸਿੱਖਿਆ ਦਾ ਵੱਡਾ ਦੋਸ਼ ਇਹ ਹੈ ਕਿ ਇਸ ਨੂੰ ਗ੍ਰਹਿਣ ਕਰਕੇ ਮਨੁੱਖ ਅੰਦਰਲੀ ਨਿਰਛਲਤਾ, ਭ੍ਰਿਸ਼ਟਤਾ ਘਟਣ ਦੀ ਬਜਾਏ ਵਧਦੀ ਹੈ। ਬਹੁਗਿਣਤੀ ਪੜ੍ਹਿਆ-ਲਿਖਿਆ ਵਰਗ ਭ੍ਰਿਸ਼ਟ ਢੰਗਾਂ ਨਾਲ ਵੱਧ ਤੋਂ ਵੱਧ ਕਮਾਉਣ ਨੂੰ ਆਪਣੀ ਪ੍ਰਾਪਤੀ ਮੰਨਣ ਲੱਗ ਪਿਆ ਹੈ। ਉੱਚ ਸਿੱਖਿਆ ਗ੍ਰਹਿਣ ਕਰਕੇ ਬਣੇ ਸਰਜਨ ਵੱਲੋਂ ਬਿਨਾਂ ਲੋੜ ਤੋਂ ਓਪਰੇਸ਼ਨ ਕਰਨ ਵਰਗੇ ਵਰਤਾਰੇ ਆਮ ਹੋ ਗਏ ਹਨ। ਦੂਜਿਆਂ ਤੋਂ ਚਲਾਕੀ ਨਾਲ ਵੱਧ ਤੋਂ ਵੱਧ ਧਨ ਇਕੱਠਾ ਕਰਨ ਵਾਲੇ 'ਜੈਂਟਲਮੈਨ' ਸਤਿਕਾਰਯੋਗ ਹਨ। ਅਸੀਂ ਪੜ੍ਹਦੇ ਹਾਂ ਕਿ ਪੇਂਡੂ ਅਤੇ ਘੱਟ ਪੜ੍ਹੇ ਇਲਾਕਿਆਂ ਦੇ ਮੁਕਾਬਲੇ ਸਿੱਖਿਅਤ ਇਲਾਕਿਆਂ ਵਿੱਚ ਭਰੂਣ ਹੱਤਿਆ ਵਧੇਰੇ ਹੁੰਦੀ ਹੈ। ਅਸੀਂ ਜਦੋਂ ਦੇਖਦੇ ਹਾਂ ਕਿ ਸੱਤਾ, ਤਾਕਤ, ਪ੍ਰਸ਼ਾਸਨਿਕ ਵਿਵਸਥਾ ਸੁਰੱਖਿਆ ਬਲਾਂ ਦੇ ਜ਼ੋਰ 'ਤੇ ਕਿਸੇ ਇਲਾਕੇ ਵਿੱਚ ਜਲ, ਜੰਗਲ ਅਤੇ ਜ਼ਮੀਨਾਂ ਨੂੰ ਤਬਾਹ ਕਰਕੇ ਉੱਥੋਂ ਦੇ ਬਾਸ਼ਿੰਦਿਆਂ ਨੂੰ ਹਾਸ਼ੀਆ ਗ੍ਰਸਤ ਕਰਦੀ ਹੈ। ਸਥਾਨਕ ਲੋਕ ਪੜ੍ਹੇ-ਲਿਖੇ ਨਹੀਂ ਹੁੰਦੇ ਜਾਂ ਘੱਟ ਪੜ੍ਹੇ-ਲਿਖੇ ਹੁੰਦੇ ਹਨ, ਅਜਿਹਾ ਸਭ ਕੁਝ ਰੋਕਣ ਲਈ ਲੜਦੇ ਹਨ, ਮਰਦੇ ਹਨ, ਤਬਾਹ ਕਰ ਦਿੱਤੇ ਜਾਂਦੇ ਹਨ। ਸਾਧਨ ਸੰਪੰਨ ਲੋਕ ਭਾਵੇਂ ਪਹਿਲਾਂ ਵੀ ਅਜਿਹਾ ਕਰਦੇ ਸਨ ਪਰ ਵਿਗਿਆਨਿਕ ਤਕਨੀਕ ਨੇ ਇਸ ਅਮਲ ਨੂੰ ਬੇਤਹਾਸ਼ਾ ਵਧਾ ਦਿੱਤਾ ਹੈ।

ਧਰਮ, ਰਾਜਨੀਤੀ, ਸੱਭਿਆਚਾਰ ਅਤੇ ਸਿੱਖਿਆ, ਇਹ ਚਾਰੇ ਤਰਜੀਹਾਂ, ਜੋ ਸਮਾਜ ਲਈ ਚੰਗਾ-ਮਾੜਾ ਸਿਰਜਣ ਦੀ ਤਾਕਤ ਰੱਖਦੀਆਂ ਹਨ, ਬਾਜ਼ਾਰ ਦੇ ਪ੍ਰਭਾਵ ਹੇਠ ਹਨ। ਬਜ਼ਾਰ ਇਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸੰਚਾਲਤ ਕਰ ਰਿਹਾ ਹੈ। ਬਜ਼ਾਰ ਅਤੇ ਮੰਡੀ ਦੇ ਇਸ ਯੁੱਗ ਵਿੱਚ ਮਨੁੱਖ ਨੂੰ ਇੱਕ ਇਨਸਾਨ ਨਹੀਂ ਬਲਕਿ ਮੰਡੀ ਦੀ ਜਿਣਸ ਸਮਝਿਆ ਜਾਣ ਲੱਗਿਆ

ਹੈ। ਸਿੱਖਿਆ ਦੇ ਖੇਤਰ ਵਿੱਚ ਬਜ਼ਾਰਮੁਖੀ ਤਰਜੀਹਾਂ ਨੂੰ ਅੱਗੇ ਵਧਾਉਣ ਲਈ ਵੇਖਿਆ ਜਾ ਰਿਹਾ ਹੈ ਕਿ ਕਿੱਥੋਂ ਕਿੰਨਾ-ਕਿੰਨਾ ਕਿਵੇਂ ਕਮਾਇਆ ਜਾ ਸਕਦਾ ਹੈ।

ਸਾਡੀ ਸਿੱਖਿਆ ਮਨੁੱਖ ਦੇ ਬੁਨਿਆਦੀ ਮਸਲਿਆਂ ਨੂੰ ਸੰਬੋਧਿਤ ਨਹੀਂ ਹੈ। ਸਾਡੀਆਂ ਮੁਸ਼ਕਲਾਂ ਸਮੱਸਿਆਵਾਂ ਕੁਝ ਹੋਰ ਹਨ, ਸਾਨੂੰ ਦੱਸਿਆ ਕੁਝ ਹੋਰ ਜਾ ਰਿਹਾ ਹੈ। ਅਜਿਹੇ ਧੁੰਦਲਕੇ ਵਾਲੀ ਸਥਿਤੀ ਵਿੱਚ ਅਧਿਆਪਕ ਦੇ ਫ਼ਰਜ਼ਾਂ ਦਾ ਦਾਇਰਾ ਬੜਾ ਵਿਸ਼ਾਲ ਹੋ ਜਾਂਦਾ ਹੈ। ਅੱਜ ਲੋੜ ਹੈ ਕਿ ਅਧਿਆਪਕ ਸਮਾਜ ਵਿੱਚ ਇਕ ਨਾਇਕ ਦੀ ਭੂਮਿਕਾ ਨਿਭਾਉਣ ਲਈ ਅੱਗੇ ਆਵੇ। ਉਸਨੂੰ ਆਪਣੇ ਬੌਧਿਕ ਵਿਕਾਸ ਲਈ ਲਗਾਤਾਰ ਕਿਤਾਬਾਂ ਨਾਲ ਜੁੜਨਾ ਪਵੇਗਾ। ਅਧਿਆਪਕ ਨੂੰ ਰੂਸੀ ਨਾਵਲ 'ਪਹਿਲਾ ਅਧਿਆਪਕ' ਦੇ ਨਾਇਕ 'ਦੂਈਸ਼ੇਨ' ਵਰਗੀ ਭੂਮਿਕਾ ਨਿਭਾਉਣੀ ਪਵੇਗੀ। ਜਿਵੇਂ ਪਹਿਲਾਂ ਵਿਦਿਆਰਥੀ ਆਪਣੇ ਆਲੇ ਦੁਆਲੇ ਅਤੇ ਸਮਾਜ ਤੋਂ ਸਿੱਖਦੇ ਸਨ ਅੱਜ ਅਜਿਹਾ ਨਹੀਂ ਹੈ। ਉਸ ਕੋਲ ਸਿੱਖਣ ਦੇ ਹੋਰ ਵੀ ਸਾਧਨ ਹਨ, ਮੋਬਾਈਲ, ਟੀ.ਵੀ. ਅਤੇ ਇੰਟਰਨੈੱਟ ਦੇ ਸੰਸਾਰ ਨੇ ਅੱਜ ਵਿਦਿਆਰਥੀ ਨੂੰ ਉਹੋ ਜਿਹਾ ਨਹੀਂ ਰਹਿਣ ਦਿੱਤਾ ਜਿਹੋ ਜਿਹਾ ਕਿ ਉਹ ਅੱਜ ਤੋਂ ਵੀਹ ਸਾਲ ਪਹਿਲਾਂ ਸੀ। ਤਕਨੀਕੀ ਵਿਕਾਸ ਨੇ ਅਧਿਆਪਕ ਦੇ ਕੰਮ ਦੇ ਦਾਇਰੇ ਨੂੰ ਹੋਰ ਵਿਸ਼ਾਲ ਬਣਾ ਦਿੱਤਾ ਹੈ।

ਅੱਜ ਸਮੇਂ ਦੀ ਮੰਗ ਹੈ ਕਿ ਸਿੱਖਿਆ ਵਿਦਿਆਰਥੀ ਨੂੰ ਸਰੀਰਕ, ਮਾਨਸਿਕ, ਭਾਵਾਤਮਿਕ ਅਤੇ ਆਰਥਿਕ ਪੱਖੋਂ ਸਮਝਦਾਰ ਬਣਾਉਣ ਲਈ ਉਸਦੀ ਅਗਵਾਈ ਕਰੇ। ਉਸਦੇ ਵਿਅਕਤਿਤਵ ਦਾ ਵਿਕਾਸ ਕਰੇ। ਪੈਸੇ ਅਤੇ ਸਾਧਨਾਂ ਦੀ ਸਹੀ ਵਰਤੋਂ ਸਾਡੇ ਸਮਾਜ ਲਈ ਇੱਕ ਬਹੁਤ ਵੱਡਾ ਮਸਲਾ ਹੈ, ਇਸ ਸੰਬੰਧੀ ਪਾਠਕ੍ਰਮ ਬਣਾਏ ਜਾਣ ਦੀ ਲੋੜ ਹੈ। ਬੇਲੋੜੇ ਅਤੇ ਅਕਾਊ ਪਾਠਕ੍ਰਮ ਜਿਨ੍ਹਾਂ ਦਾ ਜੀਵਨ ਸਰੋਕਾਰਾਂ ਨਾਲ ਬਹੁਤਾ ਸੰਬੰਧ ਨਹੀਂ, ਹਟਾ ਦੇਣੇ ਚਾਹੀਦੇ ਹਨ। ਸਿੱਖਿਆ ਦੀ ਜਿਸ ਤਰਜੀਹ 'ਤੇ ਹੁਣ ਤਕ ਕੰਮ ਨਹੀਂ ਹੋਇਆ, ਉਹ ਇਹ ਹੈ ਕਿ ਸਿਖਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਬੱਚਿਆਂ ਨੂੰ ਸਿੱਖਣ ਲਈ ਉਤਸੁਕ ਕੀਤਾ ਜਾਵੇ। ਸਾਡੇ ਬੱਚੇ ਅੱਜ ਕਿਤਾਬਾਂ ਪੜ੍ਹ ਰਹੇ ਹਨ ਪਰ ਉਨ੍ਹਾਂ ਵਿੱਚ ਨਵਾਂ ਸਿੱਖਣ ਦੀ ਪ੍ਰਵਿਰਤੀ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਅੱਜ ਲੋੜ ਹੈ ਵੱਖ-ਵੱਖ ਜਮਾਤਾਂ ਦੇ ਪਾਠਕ੍ਰਮ ਅਜਿਹੇ ਢੰਗ ਨਾਲ ਲਿਖੇ ਜਾਣ ਕਿ ਉਹ ਬੱਚਿਆਂ ਵਿੱਚ ਅਗਾਂਹ ਸਿੱਖਣ ਦੀ ਜਗਿਆਸਾ ਪੈਦਾ ਕਰਨ। ਅੰਧ-ਵਿਸ਼ਵਾਸ ਸਾਡੇ ਸਮਾਜ ਲਈ ਗੰਭੀਰ ਮਸਲਾ ਹੈ ਜੋ ਮਨੁੱਖੀ ਬੁੱਧੀ ਨੂੰ



ਜੜ੍ਹ ਕਰੀ ਰੱਖਦਾ ਹੈ। ਸਾਡੀਆਂ ਕਿਤਾਬਾਂ ਵਿੱਚ ਵਿਗਿਆਨਿਕ ਸੋਚ ਅਤੇ ਤਰਕਸ਼ੀਲ ਵਿਸ਼ਿਆਂ ਵਾਲੇ ਪਾਠ ਹੋਣੇ ਚਾਹੀਦੇ ਹਨ। ਮਿਸਾਲ ਵਜੋਂ ਅੱਜ ਬੱਚਿਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ **'ਟੀ.ਵੀ., ਮੋਬਾਈਲ ਅਤੇ ਪੁਲਾੜ ਵਿੱਚ ਛੱਡੇ ਉਪਗ੍ਰਹਿ ਵਿਗਿਆਨ ਦੀ ਦੇਣ ਹਨ, ਪਰ ਇਨ੍ਹਾਂ ਦੀ ਮਦਦ ਨਾਲ ਜੋ ਵਿਅਕਤੀ ਟੀ.ਵੀ. ਚੈਨਲ 'ਤੇ ਕਰਾਮਾਤੀ ਨਗ ਮੁੰਦਰੀਆਂ ਵੇਚ ਕੇ ਮੁਨਾਫ਼ਾ ਬਟੋਰਦਾ ਹੈ, ਇਹ ਸਰਾਸਰ ਅੰਧ-ਵਿਸ਼ਵਾਸ ਹੈ।'** ਸਕੂਲ ਕਾਲਜਾਂ ਵਿੱਚ ਬੱਚਿਆਂ ਦੀ ਰੁਚੀ ਅਨੁਸਾਰ ਪਾਠਕ੍ਰਮ ਹੋਣ; ਜਿਵੇਂ ਕੋਈ ਬੱਚਾ ਜੇਕਰ ਪੇਂਟਿੰਗ ਬਣਾਉਣ ਵਿੱਚ ਰੁਚੀ ਲੈਂਦਾ ਹੈ ਤਾਂ ਉਸ 'ਤੇ ਦੂਜੇ ਵਿਸ਼ਿਆਂ ਦਾ ਬੋਝ ਘੱਟ ਕਰਕੇ ਉਸਦੀ ਕਲਾਤਮਿਕ ਪ੍ਰਤਿਭਾ ਨੂੰ ਹੋਰ ਨਿਖਾਰਨ ਦੀ ਵਿਵਸਥਾ ਹੋਵੇ। ਸਮੇਂ ਦੀ ਮੰਗ ਅਨੁਸਾਰ ਵਿਦਿਆਰਥੀ ਇੱਕ ਤੋਂ ਵੱਧ ਬੋਲੀਆਂ ਸਿੱਖਣ; ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸਨੂੰ ਉਸਦੀ ਮਾਂ ਬੋਲੀ ਤੋਂ ਦੂਰ ਕਰ ਦਿੱਤਾ ਜਾਵੇ। ਸਿੱਖਿਆ ਦੇ ਖੇਤਰ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਇਸ ਕਰਕੇ ਹਨ ਕਿ ਅਨੇਕਾਂ ਸਕੂਲਾਂ ਵਿੱਚ ਬੱਚੇ ਨੂੰ ਮਾਂ-ਬੋਲੀ ਬੋਲਣ ਤੋਂ ਵਰਜਿਆ ਜਾਂਦਾ ਹੈ, ਜਦ ਕਿ ਬੱਚਾ ਸਭ ਤੋਂ ਵੱਧ ਆਪਣੀ ਮਾਂ-ਬੋਲੀ ਵਿੱਚ ਹੀ ਸਿੱਖ ਸਕਦਾ ਹੈ। ਸਕੂਲਾਂ ਵਿੱਚ ਰਾਸ਼ਟਰੀ ਸੇਵਾ ਯੋਜਨਾ (ਐਨ.ਐਸ. ਐਸ.) ਦੇ ਕੈਂਪ ਹਰ ਸਕੂਲ ਅਤੇ ਹਰ ਵਿਦਿਆਰਥੀ ਲਈ ਜ਼ਰੂਰੀ ਕਰ ਦੇਣੇ ਚਾਹੀਦੇ ਹਨ। ਅਜਿਹੀਆਂ ਸਰਗਰਮੀਆਂ ਵਿਦਿਆਰਥੀਆਂ ਨੂੰ ਕੰਮ ਨਾਲ ਜੋੜਨ ਅਤੇ ਦੂਜਿਆਂ ਦੇ ਕੰਮ ਆਉਣ ਦੀ ਪ੍ਰਵਿਰਤੀ ਪੈਦਾ ਕਰਨ ਵਿੱਚ ਸਹਾਈ ਹੋਣਗੀਆਂ। ਅੱਜ ਮਾਪਿਆਂ ਲਈ ਇਹ ਵੱਡਾ ਮਸਲਾ ਹੈ ਕਿ ਦਸਵੀਂ ਕਰਨ ਤੋਂ ਬਾਅਦ ਉਨ੍ਹਾਂ ਦੇ ਬੱਚੇ ਕਿਹੜੇ ਵਿਸ਼ੇ ਪੜ੍ਹਨ ਅਤੇ ਕਿੱਥੋਂ ਪੜ੍ਹਨ। ਹਰ ਮਹੀਨੇ ਸਕੂਲਾਂ ਵਿੱਚ ਮਾਪਿਆਂ ਅਤੇ ਬੱਚਿਆਂ ਲਈ ਗਾਈਡੈਂਸ ਅਤੇ ਕਾਊਂਸਲਿੰਗ ਲਈ ਵਿਸ਼ੇਸ਼ ਸੈਮੀਨਾਰ ਲਗਾਏ ਜਾਣ।

**'ਸਿੱਖਿਆ ਦੇ ਅਧਿਕਾਰ'**: ਜਿਸ ਵਿੱਚ ਹਰ ਪ੍ਰਾਈਵੇਟ ਸਕੂਲ ਵਿੱਚ ੨੫ ਫ਼ੀਸਦੀ ਗ਼ਰੀਬ ਮਾਪਿਆਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਲੈਣ ਦਾ ਅਧਿਕਾਰ ਹੈ। ਇਸ ਸੰਬੰਧੀ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਸਰਕਾਰ ਨੇ ਢਿੱਲਮੱਠ ਵਾਲੀ ਨੀਤੀ ਅਪਣਾਈ ਹੋਈ ਹੈ। ਇਸ ਨੂੰ ਯਕੀਨੀ ਬਣਾਉਣ ਲਈ ਸਾਰਥਿਕ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸਿੱਖਿਆ ਵਿੱਚ ਕਾਰੋਬਾਰ ਅੱਜ ਇੱਥੋਂ ਤਕ ਭਾਰੂ ਹੋ ਗਿਆ ਹੈ ਕਿ ਕੁਝ ਸਕੂਲਾਂ ਵਿੱਚ ਬੱਚਿਆਂ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਦਾਖ਼ਲੇ ਹੋਣ ਲੱਗੇ ਹਨ। ਇਕ ਸਕੂਲ ਵਿੱਚ ਬੱਚੇ ਦਾ ਦਾਖ਼ਲਾ ਕਰਾਉਣ ਸੰਬੰਧੀ ਪਤਾ ਕਰਨ ਗਏ, ਵਿਅਕਤੀ ਨੂੰ ਕਿਹਾ ਗਿਆ

ਕਿ ਕਿਤਾਬਾਂ, ਕਾਪੀਆਂ, ਪੈੱਨ, ਵਰਦੀ, ਬੂਟ, ਜੁਰਾਬਾਂ, ਟਾਈ, ਬੱਚੇ ਦਾ ਆਉਣਾ-ਜਾਣਾ ਅਤੇ ਖਾਣਾ ਸਭ ਕੁਝ ਸਕੂਲ ਦਾ ਹੋਵੇਗਾ। ਪਿਤਾ ਨੇ ਹੈਰਾਨ ਜਿਹੇ ਹੋ ਕੇ ਪੁੱਛਿਆ, ''ਬੱਚਾ ਤਾਂ ਸਾਡਾ ਹੀ ਹੋਵੇਗਾ ਨਾ ਜਾਂ ਬੱਚਾ ਵੀ ਸਕੂਲ ਦੇਵੇਗਾ?''

ਸਿੱਖਿਆ ਮੁਲਕ ਦੇ ਮੰਤਰੀਆਂ, ਕਿਸਾਨਾਂ, ਮਜ਼ਦੂਰਾਂ ਦੇ ਬੱਚਿਆਂ ਲਈ ਇੱਕੋ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਅਤੇ ਇਹ, ਜਿਵੇਂ ਪਲੈਟੋ ਨੇ ਕਿਹਾ ਸੀ, ਸਰਕਾਰ ਵੱਲੋਂ ਹੋਣੀ ਚਾਹੀਦੀ ਹੈ। ਸਿੱਖਿਆ ਅਦਾਰਿਆਂ ਨੂੰ ਰਾਜਨੀਤੀ ਦੇ ਅਖਾੜੇ ਬਣਨ ਤੋਂ ਰੋਕਣ ਦੀ ਤੁਰੰਤ ਲੋੜ ਹੈ। ਸਕੂਲਾਂ-ਕਾਲਜਾਂ ਵਿੱਚ ਦਾਖ਼ਲੇ ਲਈ ਟੈਸਟ, ਫਿਰ ਕਿਸੇ ਅਦਾਰੇ ਵਿੱਚ ਦਾਖ਼ਲ ਹੋਣ ਲਈ ਟੈਸਟ, ਬੀ.ਐੱਡ. ਕਰਨ ਬਾਅਦ ਟੈੱਟ ਵਰਗੇ ਟੈਸਟ ਅਤੇ ਟੈਸਟਾਂ ਤੋਂ ਫਿਰ ਟੈਸਟ। ਇੰਵ ਲੱਗਦਾ ਹੈ ਜਿਵੇਂ ਸਿੱਖਿਆ 'ਟੈਸਟ ਰੋਗ' ਤੋਂ ਪੀੜਿਤ ਹੋ ਗਈ ਹੋਵੇ। ਅੱਜ ਸਿੱਖਿਆ ਨੂੰ ਇਸ ਬਿਮਾਰੀ ਤੋਂ ਵੀ ਨਿਜਾਤ ਦਿਵਾਉਣ ਦੀ ਲੋੜ ਹੈ। ਇਸ ਸਭ ਕੁਝ ਦੀ ਕੋਈ ਸੀਮਾ ਹੋਣੀ ਚਾਹੀਦੀ ਹੈ। ਸਿੱਖਿਆ ਸਿੱਖਣ ਲਈ ਸੇਧਤ ਹੋਣੀ ਚਾਹੀਦੀ ਹੈ ਨਾ ਕਿ ਤੋਤਾ ਰਟਣ ਲਈ। ਪਰ ਇਸ ਨੂੰ ਸਰਟੀਫਿਕੇਟ ਹਾਸਲ ਕਰਨ ਤਕ ਸੀਮਿਤ ਕਰ ਦਿੱਤਾ ਗਿਆ ਹੈ। ਇੱਥੇ ਹੰਗਰੀ ਦੀ ਉਦਾਹਰਣ ਲੈ ਸਕਦੇ ਹਾਂ, ਉੱਥੇ ਇਮਤਿਹਾਨ ਪਾਠਕ੍ਰਮ ਦੇ ਅਭਿਆਸ ਅਨੁਸਾਰ ਨਹੀਂ ਲਏ ਜਾਂਦੇ। ਉੱਥੇ ਸਿੱਖਿਆ ਨੂੰ ਘੜੇ-ਘੜਾਏ ਜਵਾਬਾਂ ਤਕ ਹੀ ਸੀਮਿਤ ਨਹੀਂ ਰੱਖਿਆ ਗਿਆ, ਬਲਕਿ ਇਮਤਿਹਾਨ ਇਸ ਸੰਬੰਧੀ ਲਿਆ ਜਾਂਦਾ ਹੈ ਕਿ ਵਿਦਿਆਰਥੀ ਨੇ ਪੂਰਾ ਸਾਲ ਕੀ ਕੀ ਅਤੇ ਕਿੰਨਾ ਕੁ ਸਿੱਖਿਆ ਹੈ। ਅਜਿਹੀਆਂ ਤਰਜੀਹਾਂ 'ਤੇ ਕੰਮ ਕੀਤਾ ਜਾਣਾ ਅਜੇ ਬਾਕੀ ਹੈ ਕਿ ਕਿਹੜੇ-ਕਿਹੜੇ ਵਿਸ਼ੇ ਅਤੇ ਕਿਤਾਬਾਂ ਪੜ੍ਹਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਚੰਗੇ ਇਨਸਾਨ ਬਣਾਇਆ ਜਾਵੇ। ਸਾਡਾ ਸਮਾਜ ਬੇਸ਼ੱਕ ਪਹਿਲਾਂ ਨਾਲੋਂ ਵਧੇਰੇ ਸਿੱਖਿਅਤ ਹੋ ਗਿਆ ਹੈ ਪਰ ਜ਼ਿੰਦਗੀ ਦਾ ਸੁਹਜ-ਸਵਾਦ ਅਸੀਂ ਗੁਆ ਲਿਆ ਹੈ। ਅੱਜ ਲੋੜ ਹੈ ਕਿ ਸਿੱਖਿਆ ਰਾਹੀਂ ਹਰ ਵਿਦਿਆਰਥੀ ਮੌਜੂਦਾ ਦੌਰ ਦੀਆਂ ਹਕੀਕਤਾਂ ਨੂੰ ਸਮਝੇ, ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਿੱਖਿਆ 'ਚੋਂ ਬੇਲੋੜਾ ਬੋਝ ਖ਼ਤਮ ਕਰਕੇ ਸਮੇਂ ਦੇ ਹਾਣ ਦੇ ਪਾਠਕ੍ਰਮ ਬਣਾਏ ਜਾਣ।

-ਜ਼ੀਰਾ

ਸੰਪਰਕ: 98150-51099

(ਰੋਜ਼ਾਨਾ ਅਜੀਤ, 9 ਅਕਤੂਬਰ 2016 'ਚੋਂ ਧੰਨਵਾਦ ਸਹਿਤ !)



# ਲਾਜ਼ਮੀ ਸਿੱਖਿਆ ਨਾਲੋਂ ਵਧੇਰੇ ਲੋੜ ਹੈ ਸਹੀ ਸਿੱਖਿਆ ਦੀ

**ਡਾ: ਸ. ਸ. ਛੀਨਾ**

ਭਾਰਤ ਦਾ ਸੰਵਿਧਾਨ ਹਰ ਇੱਕ ਲਈ ਬਰਾਬਰੀ ਦੀ ਵਿਵਸਥਾ ਕਰਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਹਰ ਇੱਕ ਨੂੰ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਲਈ, ਬਰਾਬਰ ਆਧਾਰ ਮੁਹੱਈਆ ਹੋਵੇ। ਸਿੱਖਿਆ ਦਾ ਅਧਿਕਾਰ (ਰਾਈਟ ਟੂ ਐਜੂਕੇਸ਼ਨ) ਇੱਕ ਵੱਖਰੀ ਗੱਲ ਹੈ ਅਤੇ ਸਹੀ ਸਿੱਖਿਆ (ਰਾਈਟ ਐਜੂਕੇਸ਼ਨ), ਜੋ ਹਰ ਇੱਕ ਲਈ ਬਰਾਬਰ ਹੋਵੇ ਇੱਕ ਵੱਖਰਾ ਵਿਸ਼ਾ ਹੈ, ਜੋ ਨੀਤੀਵਾਨਾਂ ਦੇ ਡੂੰਘੇ ਵਿਚਾਰ ਅਤੇ ਇਸ ਨੂੰ ਲਾਗੂ ਕਰਨ ਲਈ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਹਰ ਇੱਕ ਲਈ ੧੪ ਸਾਲ ਦੀ ਉਮਰ ਤਕ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦੀ ਵਿਵਸਥਾ ਤਾਂ ਕੀਤੀ ਗਈ ਹੈ ਪਰ ਕੀ ਹਰ ਇੱਕ ਨੂੰ ਮਿਲਿਆ ਇਹ ਅਧਿਕਾਰ, ਹਰ ਇੱਕ ਲਈ ਬਰਾਬਰ ਮੌਕੇ ਵੀ ਖੋਲ੍ਹਦਾ ਹੈ? ਕੀ ਇਸ ਲਾਜ਼ਮੀ ਅਤੇ ਮੁਫ਼ਤ ਵਿੱਦਿਆ ਨਾਲ ਲੋੜੀਂਦੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ ਜਾਂ ਬਹੁਤ ਕੁਝ ਹੋਰ ਚਾਹੀਦਾ ਹੈ—ਤੇ ਜੇ ਕੁਝ ਕਮੀਆਂ ਹਨ ਤਾਂ ਕਿਉਂ ਹਨ? ਇਨ੍ਹਾਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਇਸ ਕਰਕੇ ਵੀ ਲੋੜ ਹੈ ਕਿਉਂਕਿ ਇਹ ਮਾਮਲਾ ਦੇਸ਼ ਦੇ ਮਨੁੱਖੀ ਸਾਧਨਾਂ ਨਾਲ ਸੰਬੰਧਿਤ ਹੈ, ਜਿਨ੍ਹਾਂ 'ਤੇ ਦੇਸ਼ ਦੀ ਖ਼ੁਸ਼ਹਾਲੀ, ਵਿਕਾਸ ਅਤੇ ਭਵਿੱਖ ਨਿਰਭਰ ਕਰਦੇ ਹਨ।

ਭਾਰਤ ਵਿੱਚ ਸਕੂਲ ਪੱਧਰ ਦੀ ਵਿੱਦਿਆ ਵਿੱਚ ਨਿੱਜੀ ਅਤੇ ਸਰਕਾਰੀ ਸਕੂਲਾਂ ਦਾ ਵਖਰੇਵਾਂ ਪ੍ਰਤੱਖ ਨਜ਼ਰ ਆਉਂਦਾ ਹੈ। ਭਾਵੇਂ ਕਿ ਸਾਰੇ ਹੀ ਬੋਰਡਾਂ ਜਿਵੇਂ ਸੀ.ਬੀ.ਐੱਸ.ਈ., ਆਈ.ਸੀ.ਐੱਸ.ਈ. ਅਤੇ ਪ੍ਰਾਂਤਾਂ ਦੇ ਬੋਰਡਾਂ ਦਾ ਪਾਠਕ੍ਰਮ ਤਾਂ ਤਕਰੀਬਨ ਬਰਾਬਰ ਹੀ ਹੈ, ਪਰ ਫਿਰ ਵੀ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਜੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਤੋਂ ਕਿਤੇ ਵੱਧ ਹੁੰਦੀਆਂ ਹਨ, ਤਾਂ ਇਹ ਸੋਚਣਾ ਇੱਕ ਸਾਧਾਰਨ ਗੱਲ ਹੈ ਕਿ ਸਰਕਾਰੀ ਸਕੂਲਾਂ ਵਿੱਚ 94 ਫੀਸਦੀ ਬੱਚਿਆਂ ਦੀ ਵਿੱਦਿਆ ਵਿੱਚ ਕਿਹੜੀ ਕਮੀ ਹੈ ਜੋ ਉਨ੍ਹਾਂ ਨੂੰ 6 ਫ਼ੀਸਦੀ ਨਿੱਜੀ ਸਕੂਲਾਂ ਵਿੱਚ ਪੜ੍ਹੇ ਹੋਏ ਬੱਚਿਆਂ ਤੋਂ ਪਿਛਾਂਹ ਰੱਖਦੀ ਹੈ।

ਵਰਤਮਾਨ ਮਾਹੌਲ ਨੂੰ ਸਾਹਮਣੇ ਰੱਖ ਕੇ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਅੱਜ ਦੇ ਯੁੱਗ ਵਿੱਚ ਅੰਗਰੇਜ਼ੀ ਨੂੰ ਅੰਤਰ-ਰਾਸ਼ਟਰੀ ਭਾਸ਼ਾ ਦੇ ਤੌਰ 'ਤੇ ਮਾਨਤਾ ਮਿਲਦੀ ਹੈ। ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਅਤੇ

ਅੰਤਰ-ਰਾਸ਼ਟਰੀ ਸੰਸਥਾਵਾਂ ਵਿੱਚ ਭਾਵੇਂ ਕਿ ਫਰੈਂਚ ਅਤੇ ਸਪੇਨਿਸ਼ ਨੂੰ ਵੀ ਅੰਤਰ-ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਤਾਂ ਦਿੱਤੀ ਜਾਂਦੀ ਹੈ ਪਰ ਆਮ ਤੌਰ ’ਤੇ ਗੱਲਬਾਤ ਅਤੇ ਭਾਸ਼ਣਾਂ ਵਿੱਚ ਅੰਗਰੇਜ਼ੀ ਨੂੰ ਹੀ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਹਰ ਦੇਸ਼ ਵਿੱਚ ਅੰਗਰੇਜ਼ੀ ਵਿੱਚ ਛਪਣ ਵਾਲੀਆਂ ਅਖ਼ਬਾਰਾਂ ਦੀ ਗਿਣਤੀ ਕੁੱਲ ਅਖ਼ਬਾਰਾਂ ਵਿੱਚ 80 ਫ਼ੀਸਦੀ ਹੈ। ਇਸ ਤਰ੍ਹਾਂ ਹੀ ਦੁਨੀਆਂ ਭਰ ਵਿੱਚ ਰੇਡੀਓ ਅਤੇ ਟੈਲੀਵਿਜ਼ਨ ਚੈਨਲਾਂ ਵਿੱਚ 75 ਫ਼ੀਸਦੀ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਮੁੱਖ ਪ੍ਰੋਗਰਾਮ ਚਲਾਏ ਜਾਂਦੇ ਹਨ। ਭਾਰਤ ਵਿੱਚ ਜਾਂ ਹੋਰ ਦੇਸ਼ਾਂ ਵਿੱਚ, ਹਰ ਪ੍ਰਕਾਰ ਦਾ ਵਿਸਥਾਰ ਗਿਆਨ ਅੰਗਰੇਜ਼ੀ ਪੁਸਤਕਾਂ ਦੇ ਭੰਡਾਰਾਂ ਵਿੱਚ ਜਮ੍ਹਾਂ ਹੈ। ਭਾਰਤ ਦੀਆਂ ਉੱਚੀਆਂ ਵਿੱਦਿਅਕ ਡਿਗਰੀਆਂ ਲਈ ਅੰਗਰੇਜ਼ੀ ਹੀ ਮਾਧਿਅਮ ਹੈ। ਮੁਕਾਬਲੇ ਦੇ ਇਮਤਿਹਾਨਾਂ ਵਿੱਚ ਅੰਗਰੇਜ਼ੀ ਭਾਸ਼ਾ ਨੂੰ ਪ੍ਰਮੁੱਖ ਤੌਰ ’ਤੇ ਵਰਤਿਆ ਜਾਂਦਾ ਹੈ।

ਇਸ ਮਾਹੌਲ ਨੂੰ ਸਾਹਮਣੇ ਰੱਖ ਕੇ ਨਿੱਜੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਵਿੱਚ ਵਿੱਦਿਆ ਦੇਣੀ ਸ਼ੁਰੂ ਕਰ ਦਿੱਤੀ ਜਾਂਦੀ ਹੈ, ਜਦੋਂ ਕਿ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਨੂੰ ਛੇਵੀਂ ਜਮਾਤ ਤੋਂ ਸ਼ੁਰੂ ਕੀਤਾ ਜਾਂਦਾ ਹੈ। ਇਹ ਪੰਜ ਸਾਲ ਪਿੱਛੋਂ ਅੰਗਰੇਜ਼ੀ ਦੀ ਕੀਤੀ ਗਈ ਪੜ੍ਹਾਈ ਉਨ੍ਹਾਂ ਨੂੰ ਗਿਆਨ ਤੋਂ ਪੰਜ ਵਰ੍ਹੇ ਨਹੀਂ, ਸਗੋਂ ਜ਼ਿਆਦਾ ਪਛਾੜ ਦਿੰਦੀ ਹੈ। ਮੁਕਾਬਲੇ ਦੇ ਇਮਤਿਹਾਨਾਂ ਤੇ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਵਿੱਚ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੇ ਜ਼ਿਆਦਾ ਦਾਖ਼ਲ ਹੋਣ ਦਾ ਵੱਡਾ ਕਾਰਨ ਉਨ੍ਹਾਂ ਦੀ ਗਿਆਨ ਭੰਡਾਰ ਤਕ ਬਣੀ ਜ਼ਿਆਦਾ ਪਹੁੰਚ ਹੀ ਹੁੰਦਾ ਹੈ।

ਭਾਰਤ ਦੀ 72 ਫ਼ੀਸਦੀ ਵੱਸੋਂ ਪਿੰਡਾਂ ਵਿੱਚ ਰਹਿੰਦੀ ਹੈ। ਪਿੰਡਾਂ ਵਿੱਚ ਨਿੱਜੀ ਸਕੂਲਾਂ ਦੀ ਗਿਣਤੀ ਬਹੁਤ ਘੱਟ ਹੈ। ਦੂਜੇ ਪਾਸੇ ਬੱਚਿਆਂ ਨੂੰ ਸ਼ਹਿਰਾਂ ਦੇ ਨਿੱਜੀ ਸਕੂਲਾਂ ਵਿੱਚ ਨਾ ਭੇਜਣ ਦਾ ਕਾਰਨ ਸਿਰਫ਼ ਦੂਰੀ ਨਹੀਂ, ਸਗੋਂ ਪਿੰਡਾਂ ਵਿੱਚ ਕਮਾਈ ਦੇ ਘੱਟ ਸਾਧਨ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਦਾ ਗ਼ਰੀਬੀ ਦੀ ਰੇਖਾ ਤੋਂ ਥੱਲੇ ਰਹਿਣਾ ਹੈ। ਇਸ ਕਰਕੇ ਬਰਾਬਰ ਸਿੱਖਿਆ ਦੇ ਮੌਕਿਆਂ ਤੋਂ ਬੱਚਿਆਂ ਦਾ ਵਾਂਝੇ ਹੋ ਜਾਣਾ ਉਨ੍ਹਾਂ ਦੇ ਕਮਜ਼ੋਰ ਆਰਥਿਕ ਆਧਾਰ ਦੀ ਵਜ੍ਹਾ ਕਰਕੇ ਹੈ। ਪਿੱਛੇ ਜਿਹੇ ਇੱਕ ਰਿਪੋਰਟ ਵਿੱਚ ਇਹ ਗੱਲ ਦੱਸੀ ਗਈ ਸੀ ਕਿ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿੱਚ ਸਿਰਫ਼ 8 ਫ਼ੀਸਦੀ ਪੇਂਡੂ ਵਿਦਿਆਰਥੀ ਹਨ ਜੋ ਪੇਂਡੂ ਅਤੇ ਸ਼ਹਿਰੀ ਵਿੱਦਿਆ ਵਿੱਚ ਨਾਬਰਾਬਰੀ ਦੀ ਤਸਵੀਰ ਪੇਸ਼ ਕਰਦੀ ਹੈ। ਪਰ ਇਸ ਦਾ ਇਹ ਅਰਥ ਵੀ ਨਹੀਂ ਕਿ ਸ਼ਹਿਰਾਂ ਦੇ ਸਭ ਬੱਚੇ ਨਿੱਜੀ



ਸਕੂਲਾਂ ਦੇ ਵਿਦਿਆਰਥੀ ਹਨ, ਸਗੋਂ ਸ਼ਹਿਰਾਂ ਵਿੱਚ ਵੀ ਜ਼ਿਆਦਾਤਰ ਬੱਚੇ ਨਿੱਜੀ ਸਕੂਲਾਂ ਦੀ ਵਿੱਦਿਆ ਤੋਂ ਵਾਂਝੇ ਹਨ।

ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਗੱਲ ਮੰਨ ਲਈ ਜਾਵੇ ਕਿ ‘ਸਹੀ ਸਿੱਖਿਆ’ ਸਿਰਫ਼ ਮਹਿੰਗੇ ਨਿੱਜੀ ਸਕੂਲਾਂ ਵਿੱਚ ਹੀ ਮਿਲ ਸਕਦੀ ਹੈ? ਜਿਸ ਦਾ ਉੱਤਰ ਹੈ ਕਿ ਬਿਲਕੁਲ ਨਹੀਂ। ਜਦੋਂ ਸਿਲੇਬਸ ਇੱਕ ਹੈ, ਸਕੂਲ ਦਾ ਸਮਾਂ ਇੱਕ ਹੈ, ਬੱਚਿਆਂ ਦੀ ਕਾਬਲੀਅਤ ਵਿੱਚ ਕੋਈ ਫ਼ਰਕ ਨਹੀਂ, ਤਾਂ ਫ਼ਰਕ ਹੈ ਬੱਚਿਆਂ ਨੂੰ ਦਿੱਤੀ ਜਾਂਦੀ ਅਗਵਾਈ ਦਾ ਜਾਂ ਉਸ ਲੋੜੀਂਦੇ ਪ੍ਰਬੰਧ ਦੀ ਘਾਟ ਦਾ ਜਿਸ ਨਾਲ ਇੱਛਤ ਸਿੱਟੇ ਪ੍ਰਾਪਤ ਹੋਣ। ਇੱਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਸਰਕਾਰੀ ਸਕੂਲਾਂ ਦੇ ਅਧਿਆਪਕ ਪੂਰੀ ਵਿੱਦਿਆ ਲੈਣ ਤੋਂ ਬਾਅਦ ਇਸ ਯੋਗ ਪਾਏ ਜਾਂਦੇ ਹਨ ਕਿ ਉਹ ਚੰਗੇ ਢੰਗ ਨਾਲ ਵਿੱਦਿਆ ਦੇ ਸਕਦੇ ਹਨ। ਇਹ ਗੱਲ ਵੀ ਦੇਖਣ ਵਿੱਚ ਆਈ ਹੈ ਕਿ ਜ਼ਿਆਦਾਤਰ ਸਰਕਾਰੀ ਅਧਿਆਪਕਾਂ ਦੀਆਂ ਯੋਗਤਾਵਾਂ ਨਿੱਜੀ ਸਕੂਲਾਂ ਦੇ ਅਧਿਆਪਕਾਂ ਤੋਂ ਵੀ ਜ਼ਿਆਦਾ ਹਨ।

ਇੱਥੇ ਇਹ ਗੱਲ ਵੀ ਵਰਣਨਯੋਗ ਹੈ ਕਿ ‘ਸਹੀ ਸਿੱਖਿਆ’ ਦਾ ਅਰਥ ਹੈ ਕਿ ਅਗਵਾਈ ਵਿੱਚ ਯੋਗ ਤਬਦੀਲੀ ਕਰਕੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੇ ਬਰਾਬਰ ਬਣਾਇਆ ਜਾਵੇ। ਕਈ ਹਾਲਤਾਂ ਵਿੱਚ ਇਨ੍ਹਾਂ ਸਰਕਾਰੀ ਸਕੂਲਾਂ ਦੇ ਕੁਝ ਅਧਿਆਪਕਾਂ ਵੱਲੋਂ ਦਿਲਚਸਪੀ ਲੈਣ ਕਰਕੇ ਉਹੋ ਸਿੱਟੇ ਪ੍ਰਾਪਤ ਕਰਨ ਦੀਆਂ ਖ਼ਬਰਾਂ ਮਿਲਦੀਆਂ ਹਨ, ਜਿਹੜੀਆਂ ਪ੍ਰਾਪਤੀਆਂ ਨਿੱਜੀ ਸਕੂਲਾਂ ਵਿੱਚ ਬਹੁਤ ਉੱਚੀਆਂ ਫ਼ੀਸਾਂ ਦੇ ਕੇ ਕੀਤੀਆਂ ਜਾਂਦੀਆਂ ਹਨ। ਪਰ ਵਿਆਪਕ ਤੌਰ ’ਤੇ ਉਹ ਸਿੱਟੇ ਲੈਣ ਲਈ ਸਮੁੱਚੇ ਪ੍ਰਬੰਧ ਲਈ ਯੋਗ ਅਗਵਾਈ ਨੂੰ, ਸਰਕਾਰੀ ਨਿਗਰਾਨੀ ਨੂੰ ਉਸ ਪੱਧਰ ਦਾ ਬਣਾਉਣ ਦੀ ਲੋੜ ਹੈ ਜਿਹੜਾ ਨਿੱਜੀ ਸਕੂਲਾਂ ਵਿੱਚ ਹੁੰਦਾ ਹੈ।

ਹਰ ਪ੍ਰਾਂਤ ਵਿੱਚ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾਂਦਾ ਹੈ। ਹੁਣ ਤਾਂ ਪੱਛਮੀ ਬੰਗਾਲ ਵਿੱਚ ਨਾਸ਼ਤੇ ਦੀ ਸਹੂਲਤ ਵੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਇਮਤਿਹਾਨਾਂ ਵਿੱਚ ਫ਼ੇਲ੍ਹ ਨਾ ਕਰਨ ਦੀ ਵਿਵਸਥਾ ਕੀਤੀ ਗਈ ਸੀ। ਇਹ ਸਭ ਇਸ ਕਰਕੇ ਕੀਤਾ ਗਿਆ ਸੀ ਕਿ ਬੱਚਿਆਂ ਦੇ ਸਕੂਲ ਛੱਡਣ ਦੀ ਰੁਚੀ ਘਟਾਈ ਜਾਵੇ, ਪਰ ਫਿਰ ਵੀ ਬੱਚੇ ਸਕੂਲ ਛੱਡ ਦਿੰਦੇ ਹਨ। ਨਿੱਜੀ ਸਕੂਲਾਂ ਵਿੱਚ ਦੁਪਹਿਰ ਦੇ ਖਾਣੇ ਵਾਲੀਆਂ ਸਹੂਲਤਾਂ ਨਹੀਂ। ਖਾਣਾ ਦੇਣਾ ਜਾਂ ਨਾ ਦੇਣਾ, ਇਹ ਮੁੱਖ ਵਿਸ਼ਾ ਨਹੀਂ। ਮੁੱਖ ਵਿਸ਼ਾ ਹੈ ਕਿ

ਕੀ ਇਸ ਵਿਵਸਥਾ ਨਾਲ ਉਹ 'ਸਹੀ ਸਿੱਖਿਆ' ਦਿੱਤੀ ਜਾਂਦੀ ਹੈ, ਜਿਸਨੂੰ ਮਿਆਰੀ ਵਿੱਦਿਆ ਕਿਹਾ ਜਾਂਦਾ ਹੈ।?

ਹਰ ਇੱਕ ਲਈ ਬਰਾਬਰ 'ਸਹੀ ਸਿੱਖਿਆ' ਨੂੰ ਲਾਗੂ ਕਰਨਾ ਵਿੱਦਿਅਕ ਨੀਤੀ ਦਾ ਉਦੇਸ਼ ਹੋਣਾ ਚਾਹੀਦਾ ਹੈ। ਹਰ ਇੱਕ ਲਈ ਬਰਾਬਰ ਮੌਕੇ ਪੈਦਾ ਕਰਨ ਲਈ 'ਸਹੀ ਸਿੱਖਿਆ' ਵਿੱਚ ਖ਼ਰਚ ਕੋਈ ਮਾਪ ਜਾਂ ਰੁਕਾਵਟ ਨਹੀਂ ਬਣਨਾ ਚਾਹੀਦਾ। ਜਿਹੜੀਆਂ ਪ੍ਰਾਪਤੀਆਂ ਨਿੱਜੀ ਸਕੂਲਾਂ ਵਿੱਚੋਂ ਮਿਲਦੀਆਂ ਹਨ, ਉਹੋ ਪ੍ਰਾਪਤੀਆਂ ਸਰਕਾਰੀ ਸਕੂਲਾਂ ਦੀ ਵਿੱਦਿਆ ਵਿੱਚੋਂ ਮਿਲਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਦੇਸ਼ ਦੇ 94 ਫ਼ੀ ਸਦੀ ਬੱਚੇ ਪੜ੍ਹਦੇ ਹਨ। ਸਰਕਾਰ ਨੂੰ ਇਸ ਵਿਸ਼ੇ ਨੂੰ ਇੱਕ ਚੁਣੌਤੀ ਦੇ ਤੌਰ 'ਤੇ ਸਵੀਕਾਰ ਕਰਨਾ ਚਾਹੀਦਾ ਹੈ, ਕਿਉਂ ਜੋ ਦੇਸ਼ ਦੀ ਖੁਸ਼ਹਾਲੀ, ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਅਤੇ ਵਿਕਾਸ ਇਸ 'ਸਹੀ ਸਿੱਖਿਆ' 'ਤੇ ਹੀ ਨਿਰਭਰ ਕਰਦਾ ਹੈ।

(ਰੋ: ਅਜੀਤ 15 ਅਗਸਤ, 2016 'ਚੋਂ ਧੰਨਵਾਦ ਸਹਿਤ !)



# ਕਿਵੇਂ ਦੂਰ ਹੋਵੇਗਾ ਸਿੱਖਿਆ ਵਿਚਲਾ ਨਿਘਾਰ ?

**ਮੋਹਨ ਸ਼ਰਮਾ**

ਅਜੋਕੀ ਸਿੱਖਿਆ ਦੀ ਸਥਿਤੀ ਦਾ ਸਮੁੱਚੇ ਤੌਰ 'ਤੇ ਮੁਲਾਂਕਣ ਕਰਦਿਆਂ ਜੋ ਕੁਝ ਸਾਡੇ ਸਾਹਮਣੇ ਆਉਂਦਾ ਹੈ ਉਹ ਗੰਭੀਰ ਅਤੇ ਚਿੰਤਾਜਨਕ ਹੈ। ਸਕੂਲਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਭਾਈ ਲਾਲੋ ਦੇ ਵਾਰਸ ਨਹੀਂ, ਸਗੋਂ ਮਲਿਕ ਭਾਗੋ ਦੇ ਵਾਰਸ ਬਣ ਕੇ ਨਿਕਲ ਰਹੇ ਹਨ। ਬੇਲਗਾਮ ਜਵਾਨੀ ਅਸਲੀ ਰਾਹ ਤੋਂ ਭਟਕ ਕੇ ਕੁਰਾਹੇ ਪੈ ਗਈ ਹੈ। ਕਈ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀ ਹਥਿਆਰਾਂ ਨਾਲ ਲੈਸ ਹੋ ਕੇ ਆਪਸ ਵਿੱਚ ਭਿੜੇ ਹਨ, ਕਈ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੇ ਅਧਿਆਪਕਾਂ ਦੀ ਬੇਇੱਜ਼ਤੀ ਕਰਕੇ ਅਧਿਆਪਕ-ਵਿਦਿਆਰਥੀ ਦੇ ਪਵਿੱਤਰ ਰਿਸ਼ਤੇ ਨੂੰ ਤਾਰ-ਤਾਰ ਕੀਤਾ ਹੈ। ਤਲਾਸ਼ੀ ਦੌਰਾਨ ਕਈ ਵਿਦਿਆਰਥੀਆਂ ਦੇ ਬੈਗਾਂ ਵਿੱਚੋਂ ਮਾਰੂ-ਹਥਿਆਰ, ਮਹਿੰਗੇ ਮੋਬਾਈਲ ਅਤੇ ਨਸ਼ਿਆਂ ਦਾ ਫੜਿਆ ਜਾਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸਾਨੂੰ ਇਹ ਚਿੰਤਨ ਕਰਨਾ ਪਵੇਗਾ ਕਿ ਕੀ ਇਸ ਦੇ ਲਈ ਕੌਣ ਜ਼ਿੰਮੇਵਾਰ ਹੈ? ਕੀ ਨੈਤਿਕਤਾ ਦਾ ਪਾਠ ਪੜ੍ਹਾਉਣ ਦੀ ਜ਼ਿੰਮੇਵਾਰੀ ਸਿਰਫ਼ ਅਧਿਆਪਕਾਂ ਦੀ ਹੀ ਹੈ? ਦਰਅਸਲ ਇਕ ਵਿਦਿਆਰਥੀ ਦੀ ਜ਼ਿੰਦਗੀ ਨੂੰ ਤਰਾਸ਼ਣ ਵਿੱਚ ਅਧਿਆਪਕ ਦੇ ਨਾਲ-ਨਾਲ ਮਾਪੇ, ਸਮਾਜ ਅਤੇ ਸਮੇਂ ਦੀ ਸਰਕਾਰ ਨੇ ਵੀ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ; ਪਰ ਦੁਖਾਂਤਕ ਪੱਖ ਇਹ ਹੈ ਕਿ ਅਧਿਆਪਕ, ਮਾਪੇ ਅਤੇ ਸਮਾਜ ਦਾ ਇੱਕ ਦੂਜੇ ਵੱਲ ਮੂੰਹ ਨਹੀਂ, ਸਗੋਂ ਪਿੱਠ ਜੁੜੀ ਹੋਈ ਹੈ ਅਤੇ ਇਸ ਪਿੱਠ ਦਾ ਖ਼ਮਿਆਜ਼ਾ ਵਿਦਿਆਰਥੀ ਵਰਗ ਭੁਗਤ ਰਿਹਾ ਹੈ।

ਜਿੱਥੋਂ ਤਕ ਅਧਿਆਪਕ ਵਰਗ ਦਾ ਸੰਬੰਧ ਹੈ, ਕਈ ਸਕੂਲਾਂ ਵਿੱਚ ਮੋਰੀ ਦੀ ਇੱਟ ਚੁਬਾਰੇ ਨੂੰ ਲੱਗੀ ਹੋਣ ਕਾਰਨ ਵਿਦਿਆਰਥੀ ਦੇ ਜੀਵਨ 'ਤੇ ਮਾਰੂ ਅਸਰ ਪੈ ਰਿਹਾ ਹੈ। ਮਿਤੀ 13.7.2016 ਨੂੰ ਪੰਜਾਬ ਦੇ ਵਿੱਦਿਆ ਮੰਤਰੀ ਨੇ ਉਨ੍ਹਾਂ 500 ਅਧਿਆਪਕਾਂ ਨੂੰ ਚੰਡੀਗੜ੍ਹ ਸੱਦ ਕੇ ਕਲਾਸ ਲਾਈ ਜਿਨ੍ਹਾਂ ਅਧਿਆਪਕਾਂ ਦੇ ਦਸਵੀਂ ਜਮਾਤ ਦੇ ਵਿਸ਼ੇ ਵਾਰ ਨਤੀਜੇ ਕਾਫ਼ੀ ਘੱਟ ਸਨ। ਇਨ੍ਹਾਂ ਅਧਿਆਪਕਾਂ ਵਿੱਚੋਂ ਕਈ ਅਧਿਆਪਕ ਸਹੀ ਤਰੀਕੇ ਨਾਲ ਆਪਣੇ ਨਾਲ ਸੰਬੰਧਿਤ ਜਾਣਕਾਰੀ ਵਾਲਾ ਫਾਰਮ ਵੀ ਠੀਕ ਢੰਗ ਨਾਲ ਨਹੀਂ ਭਰ ਸਕੇ। ਭਰੇ ਫਾਰਮਾਂ ਵਿੱਚ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾ ਦੀਆਂ ਕਈ ਗ਼ਲਤੀਆਂ ਸਾਹਮਣੇ ਆਈਆਂ। ਇੱਕ ਪੰਜਾਬੀ ਦੇ ਅਧਿਆਪਕ ਵੱਲੋਂ

ਭਰੇ ਪ੍ਰੋਫਾਰਮੇ ਦੀਆਂ 4 ਲਾਈਨਾਂ ਵਿੱਚ 15 ਗ਼ਲਤੀਆਂ ਸਾਹਮਣੇ ਆਈਆਂ। English ਨੂੰ Engligh ਅਤੇ Different ਨੂੰ Difftirent ਲਿਖਣ ਵਾਲੇ ਅਧਿਆਪਕ ਤੋਂ ਵਿਦਿਆਰਥੀ ਦੇ ਚੰਗੇ ਭਵਿੱਖ ਦੀ ਆਸ ਕਿੰਵ ਰੱਖੀ ਜਾ ਸਕਦੀ ਹੈ? ਇੱਥੇ ਇਹ ਵੀ ਵਰਣਨਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਰੇਸ ਦੇ 25 ਨੰਬਰ ਦੇਣ ਉਪਰੰਤ ਵੀ ਵੱਖ-ਵੱਖ ਵਿਸ਼ਿਆਂ ਦਾ ਦਸਵੀਂ ਦਾ ਨਤੀਜਾ ਮਾੜਾ ਆਇਆ ਹੈ। ਪੇਂਡੂ ਸਕੂਲਾਂ ਸੰਬੰਧੀ ਕਰਵਾਏ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਪੰਜਵੀਂ ਜਮਾਤ ਦੇ 30 ਫ਼ੀਸਦੀ ਅਤੇ ਅੱਠਵੀਂ ਦੇ 12 ਫ਼ੀਸਦੀ ਵਿਦਿਆਰਥੀ ਪਹਿਲੀ ਜਮਾਤ ਦੀ ਕਿਤਾਬ ਤੋਂ ਅੱਗੇ ਨਹੀਂ ਟੱਪੇ। ਪੰਜਵੀਂ ਦੇ 31.2 ਫ਼ੀਸਦੀ ਅਤੇ ਅੱਠਵੀਂ ਦੇ 17.9 ਫ਼ੀਸਦੀ ਬੱਚਿਆਂ ਨੂੰ ਸਧਾਰਨ ਗੁਣਾ ਵੀ ਨਹੀਂ ਆਉਂਦੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਸਰਕਾਰੀ ਸਕੂਲਾਂ ਵਿੱਚ ਜ਼ਿਆਦਾਤਰ ਲੋੜਵੰਦ, ਗ਼ਰੀਬ ਅਤੇ ਦਲਿਤ ਵਰਗ ਨਾਲ ਸੰਬੰਧਿਤ ਬੱਚੇ ਹੀ ਪੜ੍ਹ ਰਹੇ ਹਨ। ਅਮੀਰ ਤਬਕੇ ਨਾਲ ਸੰਬੰਧਿਤ, ਮੱਧ ਵਰਗ ਅਤੇ ਅਧਿਕਾਰੀਆਂ ਨੇ ਆਪਣੇ ਬੱਚਿਆਂ ਨੂੰ ਮਹਿੰਗੇ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਦਾਖ਼ਲ ਕਰਵਾਇਆ ਹੋਇਆ ਹੈ।

ਬਿਨਾਂ ਸ਼ੱਕ ਵਿਦਿਅਕ ਖੇਤਰ ਵਿੱਚ ਪਹਿਲਾਂ ਦੇ ਮੁਕਾਬਲੇ ਨਿਘਾਰ ਆਇਆ ਹੈ। ਪਰ ਕੀ ਇਸ ਦੇ ਲਈ ਸਿਰਫ਼ ਤੇ ਸਿਰਫ਼ ਅਧਿਆਪਕ ਹੀ ਜ਼ਿੰਮੇਵਾਰ ਹੈ? ਵਿਦਿਆਰਥੀਆਂ ਦੇ ਦਿਮਾਗ਼ ਵਿੱਚ ਇਹ ਖ਼ਿਆਲ ਕਿਉਂ ਘਰ ਕਰ ਗਿਆ ਹੈ ਕਿ ਸਿੱਖਿਆ ਖ਼ਰੀਦਣ ਅਤੇ ਵੇਚਣ ਯੋਗ ਵਸਤੂ ਹੈ? ਕਿਉਂ ਇਹ ਧਾਰਨਾ ਜਨਮ ਲੈ ਰਹੀ ਹੈ ਕਿ ਵਿੱਦਿਆ ਜਿਹੀ ਅਨਮੋਲ ਵਸਤੂ ਮਹਿੰਗੀ ਟਿਊਸ਼ਨ ਰਾਹੀਂ ਖ਼ਰੀਦੀ ਜਾ ਸਕਦੀ ਹੈ? ਇਸ ਧਾਰਨਾ ਕਾਰਨ ਹੀ ਅਧਿਆਪਕਾਂ ਅਤੇ ਮਾਪਿਆਂ ਦਰਮਿਆਨ ਇਕ ਦੁਕਾਨਦਾਰ ਅਤੇ ਗਾਹਕ ਵਰਗਾ ਰਿਸ਼ਤਾ ਬਣ ਗਿਆ ਹੈ ਅਤੇ ਵਿਦਿਆਰਥੀ ਸਿਰਫ਼ ਕਿਤਾਬੀ ਪੜ੍ਹਾਈ ਪ੍ਰਾਪਤ ਕਰ ਰਹੇ ਹਨ, ਜ਼ਿੰਦਗੀ ਦੀ ਪੜ੍ਹਾਈ ਨਹੀਂ।ਕਿਤਾਬੀ ਪੜ੍ਹਾਈ ਜਿਸ ਵਿੱਚ ਪਾਠ ਪਹਿਲਾਂ ਦਿੱਤਾ ਜਾਂਦਾ ਹੈ ਅਤੇ ਪ੍ਰੀਖਿਆ ਬਾਅਦ ਵਿੱਚ ਹੁੰਦੀ ਹੈ। ਜਦੋਂ ਕਿ ਜ਼ਿੰਦਗੀ ਦੀ ਪੜ੍ਹਾਈ ਵਿੱਚ ਪਹਿਲਾਂ ਇਮਤਿਹਾਨ ਹੁੰਦਾ ਹੈ ਅਤੇ ਪਾਠ ਬਾਅਦ ਵਿੱਚ ਮਿਲਦਾ ਹੈ। ਦੋਵਾਂ ਤਰ੍ਹਾਂ ਦੀ ਸਿੱਖਿਆ ਵਿੱਚ ਸੁਮੇਲ ਨਾ ਹੋਣ ਕਾਰਨ ਹੀ ਸਾਡੇ ਅਨਮੋਲ ਬਗ਼ੀਚੇ ਉੱਜੜ ਰਹੇ ਹਨ।

ਜਦੋਂ ਇਸ ਸੰਬੰਧ ਵਿੱਚ ਮਾਪਿਆਂ ਦੀ ਭੂਮਿਕਾ ’ਤੇ ਨਜ਼ਰ ਮਾਰਦੇ ਹਾਂ ਤਾਂ ਭਲਾ ਕਿੰਨੇ ਕੁ ਮਾਪੇ ਆਪਣੇ ਬੱਚੇ ਦੀ ਕਾਰਗੁਜ਼ਾਰੀ ਦਾ ਪਤਾ ਕਰਨ ਲਈ ਸਕੂਲ ਜਾਂਦੇ ਹਨ? ਕਿੰਨੇ ਕੁ ਮਾਪਿਆਂ ਦਾ ਸਕੂਲ ਅਧਿਆਪਕਾਂ



ਨਾਲ ਟੈਲੀਫ਼ੋਨ ਤੇ ਸੰਪਰਕ ਰਹਿੰਦਾ ਹੈ? ਇਸ ਸੰਬੰਧੀ ਇਕ ਅਧਿਆਪਕ ਨੇ ਦੱਸਿਆ ਕਿ ਮਾਪੇ-ਅਧਿਆਪਕ ਮਿਲਣੀ ਸਮੇਂ 2-3 ਫ਼ੀ ਸਦੀ ਮਾਪੇ ਹੀ ਸਕੂਲ ਵਿੱਚ ਆ ਕੇ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਸੰਬੰਧੀ ਵਿਚਾਰ-ਵਟਾਂਦਰਾ ਕਰਦੇ ਹਨ। ਭਲਾ ਅਜਿਹੀ ਸਥਿਤੀ ਵਿੱਚ ਅਧਿਆਪਕਾਂ ਅਤੇ ਮਾਪਿਆਂ ਦਰਮਿਆਨ ਉਸਾਰੂ ਗੁਣਾਤਮਿਕ, ਸੇਧਮਈ ਅਤੇ ਮਿਲਵਰਤਣ ਵਾਲਾ ਰਿਸ਼ਤਾ ਕਿੰਵ ਸਿਰਜਿਆ ਜਾ ਸਕਦਾ ਹੈ?

ਅਧਿਆਪਕ ਵਰਗ ਦਾ ਸਰਕਾਰ ਪ੍ਰਤੀ ਵੀ ਗੰਭੀਰ ਸ਼ਿਕਵਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 1967-68 ਵਿੱਚ ਸਿੱਖਿਆ ਦਾ ਬਜਟ ਕੁੱਲ ਬਜਟ ਦਾ 36.22 ਫ਼ੀਸਦੀ ਹੁੰਦਾ ਸੀ ਜੋ ਹੁਣ ਸੁੰਗੜ ਕੇ 12.40 ਫ਼ੀਸਦੀ ਰਹਿ ਗਿਆ ਹੈ, ਜਿਸ ਕਾਰਨ ਸਕੂਲ ਦੀਆਂ ਮੁੱਢਲੀਆਂ ਸਹੂਲਤਾਂ ਅਤੇ ਸਟਾਫ਼ ਦੀ ਘਾਟ ਜਿਹੀਆਂ ਸਮੱਸਿਆਵਾਂ ਨਾਲ ਅਧਿਆਪਕਾਂ ਨੂੰ ਜੂਝਣਾ ਪੈ ਰਿਹਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਅਧਿਆਪਕ ਨੂੰ ਸਕੂਲ ਵਿੱਚ ਆ ਕੇ ਕਾਗ਼ਜ਼ੀ ਕਾਰਵਾਈ ਅਤੇ ਅੰਕੜਿਆਂ ਦੀ ਖੇਡ ਨਾਲ ਜੂਝਣਾ ਪੈਂਦਾ ਹੈ। ਇਸ ਤੋਂ ਬਿਨਾਂ ‘ਮਿਡ ਡੇ ਮੀਲ’ ਲਈ ਰਾਸ਼ਨ ਲਿਆਉਣਾ, ਖਾਣਾ ਤਿਆਰ ਕਰਵਾਉਣਾ, ਚੋਣਾਂ ਅਤੇ ਜਨ-ਗਣਨਾ ਵਿੱਚ ਡਿਊਟੀ ਜਿਹੇ ਗ਼ੈਰ-ਵਿੱਦਿਅਕ ਕੰਮਾਂ ਕਾਰਨ ਉਹ ਵਿਦਿਆਰਥੀਆਂ ਵੱਲ ਪੂਰੀ ਤਰ੍ਹਾਂ ਧਿਆਨ ਨਹੀਂ ਦੇ ਸਕਦੇ। ਇਕ ਹੀ ਸਕੂਲ ਵਿੱਚ ਬਰਾਬਰ ਯੋਗਤਾ ਵਾਲੇ ਅਧਿਆਪਕਾਂ ਨੂੰ ਐਸ.ਐਸ.ਏ., ਸੀ.ਐੱਫ.ਐਸ., ਈ.ਜੀ.ਐਸ., ਸਿੱਖਿਆ ਕਰਮੀ, ਐਸ. ਟੀ.ਆਰ. 3442 ਅਤੇ 5178 ਜਿਹੀਆਂ ਵੱਖ-ਵੱਖ ਕੈਟੇਗਰੀਆਂ ਵਿੱਚ ਵੰਡ ਕੇ ਇੱਕ ਛੱਤ ਥੱਲੇ ਕੰਮ ਕਰਨ ਵਾਲੇ ਅਧਿਆਪਕਾਂ ਵਿੱਚੋਂ ਕਿਸੇ ਦੀ ਵੱਧ ਤਨਖ਼ਾਹ ਅਤੇ ਕਿਸੇ ਦੀ ਨਿਗੂਣੀ ਤਨਖ਼ਾਹ (ਉਹ ਵੀ ਸਮੇਂ ’ਤੇ ਨਾ ਮਿਲਣੀ) ਨੇ ਵੀ ਅਧਿਆਪਕਾਂ ਨੂੰ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਕਰਨ ਦੇ ਨਾਲ-ਨਾਲ ਸਮਰਪਿਤ ਭਾਵਨਾ ਨਾਲ ਕੰਮ ਕਰਨ ਵਿੱਚ ਰੁਕਾਵਟ ਪੈਦਾ ਕੀਤੀ ਹੈ।

ਸਰਕਾਰੀ ਅਧਿਆਪਕਾਂ ਦੀਆਂ ਸਮੱਸਿਆਵਾਂ, ਨਿੱਜੀ ਵਿੱਦਿਅਕ ਅਦਾਰਿਆਂ ਵਿੱਚ ਮਾਪਿਆਂ ਦੀ ਦਿਲਚਸਪੀ, ਅਤੇ ਸਿੱਖਿਆ ਦੀ ਬਦਹਾਲੀ ਸੰਬੰਧੀ ਦਰਜ ਕਈ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਅਲਾਹਬਾਦ ਹਾਈਕੋਰਟ ਦੇ ਮਾਣਯੋਗ ਜੱਜ ਸੁਧੀਰ ਅਗਰਵਾਲ ਨੇ ਆਪਣੇ ਫ਼ੈਸਲੇ ਵਿੱਚ ਸੂਬੇ ਦੇ ਮੁੱਖ-ਸਕੱਤਰ ਨੂੰ ਆਦੇਸ਼ ਦਿੱਤਾ ਹੈ ਕਿ ਸਰਕਾਰੀ ਮੁਲਾਜ਼ਮ, ਹੋਰ ਅਧਿਕਾਰੀ, ਨਾਮਜ਼ਦ ਨੁਮਾਇੰਦੇ, ਜੱਜ, ਸਰਕਾਰੀ ਖ਼ਜ਼ਾਨੇ ’ਚੋਂ ਤਨਖ਼ਾਹ ਤੇ ਹੋਰ ਲਾਭ ਹਾਸਲ ਕਰਨ ਵਾਲੇ, ਨਿਗਮਾਂ, ਅਰਧ-ਸਰਕਾਰੀ ਅਦਾਰਿਆਂ

ਆਦਿ ਵਿੱਚ ਕੰਮ ਕਰਨ ਵਾਲੇ ਸਾਰੇ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ, ਜਿਹਾ ਫ਼ੈਸਲਾ ਜੇਕਰ ਪੰਜਾਬ ਪ੍ਰਾਂਤ ਵਿੱਚ ਵੀ ਲਾਗੂ ਹੋ ਜਾਵੇ ਤਾਂ ਜਿੱਥੇ ਦੂਹਰੀ ਸਿੱਖਿਆ-ਪ੍ਰਣਾਲੀ ਨੂੰ ਠੱਲ੍ਹ ਪਵੇਗੀ, ਉੱਥੇ ਹੀ ਉੱਚ-ਅਧਿਕਾਰੀਆਂ ਅਤੇ ਸਿਆਸਤਦਾਨਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਜਾਣ ਨਾਲ ਉਹ ਸਕੂਲ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਜਾਣਗੇ ਅਤੇ ਉਨ੍ਹਾਂ ਦੇ ਹੱਲ ਲਈ ਉਹ ਸੁਹਿਰਦ ਯਤਨ ਵੀ ਕਰਨਗੇ। ਹੁਣ ਤਕ ਤਾਂ ਉੱਚ-ਵਰਗ ਅਤੇ ਉੱਚ ਅਧਿਕਾਰੀਆਂ ’ਤੇ ਜਿਸ ਦੀ ਫਟੀ ਨਹੀਂ ਬਿਆਂਈ, ਉਹ ਕੀ ਜਾਣੇ ਪੀੜ ਪਰਾਈ' ਦੀ ਕਹਾਵਤ ਹੀ ਲਾਗੂ ਹੁੰਦੀ ਹੈ। ਜੇਕਰ ਅਜਿਹਾ ਸੰਭਵ ਹੁੰਦਾ ਹੈ, ਤਦ ਹੀ ਸਿੱਖਿਆ ਇਕ ਵਪਾਰ ਦੀ ਥਾਂ ਗਿਆਨ, ਤਕਨੀਕ, ਰੁਜ਼ਗਾਰ, ਕੁਦਰਤ, ਮਾਨਵਵਾਦੀ ਅਤੇ ਹੁਨਰ ਸਿਖਾਉਣ ਦਾ ਸਾਧਨ ਬਣੇਗੀ ਅਤੇ ਵਿਦਿਆਰਥੀ ਵਰਗ ਵਿੱਚ ਅਸੰਤੋਸ਼ ਅਤੇ ਨੈਤਿਕਤਾ ਦੀ ਗਿਰਾਵਟ ਦੂਰ ਹੋਵੇਗੀ।

-ਪ੍ਰਜੈਕਟ ਡਾਇਰੈਕਟਰ, ਨਸ਼ਾ ਛੁਡਾਊ ਹਸਪਤਾਲ,
ਸੰਗਰੂਰ।
ਮੋ: 094171-48866

(ਰੋਜ਼ਾਨਾ ਅਜੀਤ -9-08-2016 ’ਚੋਂ ਧੰਨਵਾਦ ਸਹਿਤ !)



# ਸਿੱਖਿਆ ਤੇ ਸਿਆਸਤ ’ਚ ਸੁਧਾਰ ਲਈ ਨੌਜਵਾਨ ਨਿਭਾਉਣ ਅਹਿਮ ਭੂਮਿਕਾ

**ਜਸਪ੍ਰੀਤ ਸਿੰਘ ਸੈਣੀ**

ਸਿੱਖਿਆ ਤੇ ਸਿਆਸਤ ਦੇਸ਼ ਦੇ ਵਿਕਾਸ, ਚਰਿੱਤਰ ਤੇ ਵਿਵਹਾਰ ’ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਵਿਕਸਿਤ ਦੇਸ਼ਾਂ ਦੀ ਤਰੱਕੀ ’ਚ ਮਿਆਰੀ ਸਿੱਖਿਆ ਤੇ ਪਾਰਦਰਸ਼ੀ ਸਿਆਸਤ ਦੀ ਅਹਿਮ ਭੂਮਿਕਾ ਰਹੀ ਹੈ। ਭਾਰਤ ਵਿੱਚ ਅੱਜਕੱਲ੍ਹ ਸਿੱਖਿਆ ਤੇ ਸਿਆਸਤ ਦੇ ਖੇਤਰ ’ਚ ਇਮਤਿਹਾਨਾਂ ਦੀ ਘੜੀ ਹੋਣ ਕਰਕੇ ਸਭ ਦੀਆਂ ਨਜ਼ਰਾਂ ਇਨ੍ਹਾਂ ’ਤੇ ਟਿਕੀਆਂ ਹੋਈਆਂ ਹਨ । ਅੱਜ ਜਦੋਂ ਬਿਨਾਂ ਪੜ੍ਹਾਈ ਤੇ ਮਿਹਨਤ ਕੀਤਿਆਂ ਵਿਦਿਆਰਥੀਆਂ ਵੱਲੋਂ ਪ੍ਰੀਖਿਆਵਾਂ ’ਚ ਨਕਲ ਮਾਰਨ ਦੇ ਮਾਮਲੇ ਵਧੇਰੇ ਉਜਾਗਰ ਹੋਣ ਕਾਰਨ ਕਈ ਜਗ੍ਹਾ ਪਰਚੇ ਰੱਦ ਹੋ ਰਹੇ ਹਨ, ਉੱਥੇ ਸਿਆਸਤ ਵਿੱਚ ਬਹੁਗਿਣਤੀ ਨੇਤਾ ਵੀ ਪੈਸੇ ਤੇ ਨਸ਼ਿਆਂ ਦੇ ਸਹਾਰੇ ਸੰਸਦ ਵਿੱਚ ਪੁੱਜਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਨਾਲਾਇਕ ਵਿਦਿਆਰਥੀਆਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਨੂੰ ਉਹ ਕੇਂਦਰ ਮਿਲ ਜਾਵੇ ਜਿੱਥੇ ਨਕਲ ਬੇਰੋਕ ਚਲਦੀ ਹੋਵੇ ਉੱਥੇ ਕੁਝ ਨੇਤਾ ਵੀ ਅਜਿਹੇ ਹਲਕੇ ਭਾਲਦੇ ਹਨ, ਜਿੱਥੇ ਬੇਜ਼ਬਾਨ ਲੋਕਾਂ ਦੀਆਂ ਵੋਟਾਂ ਲੈ ਕੇ ਜਿੱਤ ਪ੍ਰਾਪਤ ਹੋ ਜਾਵੇ ।

ਨੁਕਸਦਾਰ ਸਿੱਖਿਆ-ਪ੍ਰਣਾਲੀ ਦੇ ਮੱਦੇਨਜ਼ਰ ਲੱਖਾਂ ਨੌਜਵਾਨਾਂ ਦੇ ਬੇਰੁਜ਼ਗਾਰ ਹੋਣ ਕਾਰਨ ਨਵੀਂ ਪੀੜ੍ਹੀ ਨੂੰ ਪੜ੍ਹਾਈ ਬੋਝ ਜਾਪਣ ਲੱਗ ਪਈ ਹੈ । ਸਰਕਾਰੀ ਸਕੂਲਾਂ ’ਚ ਵਜ਼ੀਫ਼ੇ, ਖਾਣਾ, ਵਰਦੀਆਂ ਤੇ ਪੁਸਤਕਾਂ ਮੁਫ਼ਤ ਵਿੱਚ ਮਿਲਦੀਆਂ ਹੋਣ ਦੇ ਬਾਵਜੂਦ ਬੱਚਿਆਂ ਦੀ ਗਿਣਤੀ ’ਚ ਵਾਧਾ ਨਹੀਂ ਹੋ ਰਿਹਾ ਅਤੇ ਵੱਧ ਵਿੱਦਿਅਕ ਯੋਗਤਾ ਵਾਲੇ ਸਰਕਾਰੀ ਅਧਿਆਪਕ ਆਪਣੇ ਬੱਚੇ ਮਹਿੰਗੇ ਨਿੱਜੀ ਸਕੂਲਾਂ ’ਚ ਘੱਟ ਯੋਗਤਾ ਵਾਲੇ ਅਧਿਆਪਕਾਂ ਪਾਸੋਂ ਪੜ੍ਹਾ ਰਹੇ ਹਨ । ਗ਼ੈਰ-ਸਿੱਖਿਅਤ ਲੋਕਾਂ ਵੱਲੋਂ ਬਣਾਈਆਂ ਜਾ ਰਹੀਆਂ ਸਿੱਖਿਆ ਨੀਤੀਆਂ, ਸਿਆਸੀ ਦਖ਼ਲ-ਅੰਦਾਜ਼ੀ, ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਨਾ ਬਣਨ ਦੇਣ ਕਾਰਨ ਸਿੱਖਿਆ ਵਿੱਚ ਆ ਰਿਹਾ ਨਿਘਾਰ ਦੇਸ਼ ਨੂੰ ਤਬਾਹੀ ਵੱਲ ਲਿਜਾ ਰਿਹਾ ਹੈ। ਬਿਨਾਂ ਫ਼ੇਲ੍ਹ ਕੀਤਿਆਂ ਅੱਠਵੀਂ ਦਾ ਸਰਟੀਫਿਕੇਟ ਪ੍ਰਾਪਤ ਵਿਦਿਆਰਥੀ ਸੇਵਾਦਾਰ ਬਣਨ ਦੇ ਵੀ ਯੋਗ ਨਹੀਂ ਰਹੇਗਾ? ਪਰ ਸਿਆਸਤਦਾਨ ਜ਼ਰੂਰ ਬਣ ਸਕੇਗਾ । ਓਪਨ ਸਕੂਲ ਦੇ ਨਾਂ ’ਤੇ ਪਾਸ ਕਰਵਾਉਣ ਲਈ ਰਿਸ਼ਵਤ ਦੇ ਪੈਕਜ ਚੱਲਣੇ ਆਮ ਗੱਲ ਹੋ ਗਈ ਹੈ ।

ਸਿਆਸਤ ਵਿੱਚ ਵੀ ਇੰਵ ਹੀ ਬਿਨਾਂ ਲੋਕ ਸੇਵਾ, ਜਵਾਬਦੇਹੀ ਤੇ ਇਮਾਨਦਾਰੀ ਦੇ, ਜਿੱਤ ਪ੍ਰਾਪਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸਿਆਸੀ ਪਾਰਟੀਆਂ ਵੱਲੋਂ ਦੂਜੇ ਰਾਜਾਂ ਦੇ ਵਸਨੀਕ, ਫ਼ਿਲਮੀ ਜਾਂ ਹੋਰ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਟਿਕਟਾਂ ਦੇ ਕੇ ਲੋਕਾਂ 'ਤੇ ਠੋਸਿਆ ਜਾ ਰਿਹਾ ਹੈ। ਹਲਕੇ ਦੀਆਂ ਸਮੱਸਿਆਵਾਂ ਤੋਂ ਅਣਜਾਣ ਅਜਿਹੇ ਆਗੂ ਨਸ਼ਿਆਂ ਤੇ ਕਾਲੇ ਧਨ ਦੇ ਜ਼ੋਰ ਨਾਲ ਜਿੱਤ ਪ੍ਰਾਪਤ ਕਰਕੇ ਲੋਕਾਂ ਨੂੰ 5 ਸਾਲ ਲਈ ਰੱਬ ਆਸਰੇ ਛੱਡ ਜਾਣਗੇ। ਰੋਜ਼ਾਨਾ ਭਾਰੀ ਤਾਦਾਦ ਵਿੱਚ ਫੜੇ ਜਾ ਰਹੇ ਸ਼ਰਾਬ ਦੇ ਟਰੱਕ, ਚੋਣਾਂ ਵਿੱਚ ਵਰਤੋਂ ਦਾ ਸਪੱਸ਼ਟ ਸੰਕੇਤ ਹਨ। ਕੁਝ ਦਿਨ ਮੁਫ਼ਤ ਦੇ ਨਸ਼ਿਆਂ ਤੇ ਹੋਰ ਪਦਾਰਥਾਂ ਦੇ ਲਾਲਚ ਵਿੱਚ ਆ ਕੇ ਅਯੋਗ ਉਮੀਦਵਾਰਾਂ ਨੂੰ ਜਿੱਤਾ ਕੇ ਦੇਸ਼ ਲੁੱਟਣ ਦੀ ਇਜਾਜ਼ਤ ਦੇਣ ਵਾਲੇ ਵੋਟਰਾਂ ਨੂੰ ਵੀ ਹੁਣ ਜਾਗਣਾ ਪਵੇਗਾ। 10 ਸਾਲ ਸੱਤਾ ਦਾ ਸੁੱਖ ਭੋਗ ਕੇ ਹੁਣ ਪਿੱਤਰੀ ਪਾਰਟੀ ਛੱਡ ਕੇ ਦੂਜੀਆਂ ਪਾਰਟੀਆਂ 'ਚ ਸ਼ਾਮਲ ਹੋਣਾ ਆਗੂਆਂ ਦਾ ਕਿਰਦਾਰ ਨਸ਼ਰ ਕਰਦਾ ਹੈ। ਹੁਣ ਉਮੀਦਵਾਰਾਂ ਦੇ ਸਾਰੇ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਜਿੱਤ ਲਈ ਮੁਹੱਲਿਆਂ ਵਿੱਚ ਪ੍ਰਚਾਰ ਕਰ ਰਹੇ ਹਨ ਤੇ ਜਿੱਤਣ ਉਪਰੰਤ ਇਹ ਲੋਕ ਵੀ ਉਮੀਦਵਾਰ ਦੇ ਨਾਲ ਅਲੋਪ ਹੋ ਜਾਂਦੇ ਹਨ। ਹੁਣ ਲੋਕਾਂ ਦੀ ਸਹੂਲਤ ਲਈ ਹਰ ਕਸਬੇ ਤੇ ਬਾਜ਼ਾਰ ਵਿੱਚ ਉਮੀਦਵਾਰਾਂ ਵੱਲੋਂ ਚੋਣ ਦਫ਼ਤਰ ਖੋਲ੍ਹੇ ਜਾਂਦੇ ਹਨ ਅਤੇ ਆਪਣੇ ਭਾਸ਼ਣਾਂ ਵਿੱਚ ਇਹ ਦਫ਼ਤਰ ਹਮੇਸ਼ਾਂ ਲਈ ਖੁੱਲ੍ਹੇ ਰੱਖਣ ਦੇ ਐਲਾਨ ਵੀ ਹੁੰਦੇ ਹਨ; ਪ੍ਰੰਤੂ ਵੋਟਾਂ ਦੀ ਗਿਣਤੀ ਵਾਲੇ ਦਿਨ ਤੋਂ ਬਾਅਦ ਹੀ ਇਹ ਦਫ਼ਤਰ ਬੰਦ ਹੋ ਜਾਂਦੇ ਹਨ ਤੇ ਜਨਤਾ ਆਪਣੇ ਆਗੂ ਦਾ ਪਤਾ ਲੱਭ ਰਹੀ ਹੁੰਦੀ ਹੈ।

ਇਨ੍ਹਾਂ ਚੋਣਾਂ ਦੇ ਨਤੀਜੇ ਕੁਝ ਵੀ ਹੋਣ ਪ੍ਰੰਤੂ ਇਹ ਸੱਚਾਈ ਹੈ ਕਿ ਆਮ ਆਦਮੀ ਪਾਰਟੀ ਨੇ ਇਕ ਆਮ ਵਿਅਕਤੀ ਵਿੱਚ ਧਨਾਢ, ਭ੍ਰਿਸ਼ਟ ਤੇ ਘਾਗ ਸਿਆਸਤਦਾਨ ਵਿਰੁੱਧ ਚੋਣ ਲੜਨ ਦੀ ਊਰਜਾ ਭਰ ਦਿੱਤੀ ਹੈ, ਜਿਸ ਨਾਲ ਸਿਆਸਤਦਾਨਾਂ ਵਿੱਚ ਘਬਰਾਹਟ ਤੇ ਸੱਤਾ ਪ੍ਰਾਪਤੀ ਪ੍ਰਤੀ ਅਨਿਸ਼ਚਿਤਤਾ ਪੈਦਾ ਹੋ ਗਈ ਹੈ। ਜਿਨ੍ਹਾਂ ਆਗੂਆਂ ਦੇ ਹੱਕ ਵਿੱਚ ਲਹਿਰ ਚੱਲਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਅੱਜ ਉਹ ਵੀ ਸੁਰੱਖਿਅਤ ਹਲਕਿਆਂ ਦੀ ਤਲਾਸ਼ ਕਰ ਰਹੇ ਹਨ। ਅਜਿਹੇ ਆਗੂਆਂ ਵੱਲੋਂ ਜਨਤਾ ਦੀ ਬਜਾਏ ਆਪਣੇ ਹਿੱਤਾਂ ਨੂੰ ਤਰਜੀਹ ਦੇਣ ਦਾ ਨਤੀਜਾ ਹੈ। ਤੀਜੀ ਧਿਰ ਦੇ ਸਾਹਮਣੇ ਆਉਣ ਨਾਲ ਹੁਣ ਕੋਈ ਟਕਸਾਲੀ ਸਿਆਸਤਦਾਨ ਆਪਣੀ ਜਿੱਤ ਦਾ ਦਾਅਵਾ ਨਹੀਂ ਕਰ ਰਿਹਾ।' ਦਾਗੀ, ਭ੍ਰਿਸ਼ਟ ਤੇ ਅਪਰਾਧਕ ਪਿਛੋਕੜ ਵਾਲਿਆਂ ਨੂੰ ਸਿਆਸੀ



ਪਾਰਟੀਆਂ ਵੱਲੋਂ ਟਿਕਟਾਂ ਦੇਣ ਦੇ ਰੁਝਾਨ 'ਚ ਕਮੀ ਆਈ ਹੈ। ਇਸ ਤਬਦੀਲੀ ਨੇ ਨੌਜਵਾਨ ਵਰਗ ਵਿੱਚ ਵੋਟਾਂ ਪ੍ਰਤੀ ਦਿਲਚਸਪੀ ਪੈਦਾ ਕਰ ਦਿੱਤੀ ਹੈ। ਨੌਜਵਾਨ ਵੋਟਰਾਂ ਦੀ ਗਿਣਤੀ ਵਿੱਚ ਹੋਇਆ ਅਥਾਹ ਵਾਧਾ, ਸੋਸ਼ਲ ਵੈੱਬਸਾਈਟਾਂ 'ਤੇ ਯੋਗ, ਦੇਸ਼ ਭਗਤ ਅਤੇ ਪੜ੍ਹੇ ਲਿਖੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਦੇ ਆ ਰਹੇ ਸੁਨੇਹਿਆਂ ਤੇ ਵੀਡੀਓ ਦੇ ਹੜ੍ਹਾਂ ਨਾਲ ਜੇਕਰ ਦੇਸ਼ ਦੇ ਚੌਥਾਈ ਵੋਟਰ ਵੀ ਜਾਗਰੂਕ ਹੋ ਗਏ ਤਾਂ ਇਹ ਭ੍ਰਿਸ਼ਟਚਾਰ, ਬੇਰੁਜ਼ਗਾਰੀ ਤੇ ਪਰਿਵਾਰਵਾਦ ਦੇ ਖ਼ਾਤਮੇ ਦੀ ਸ਼ੁਰੂਆਤ ਦਾ ਸ਼ੁੱਭ ਸੰਕੇਤ ਹੋਵੇਗਾ। ਚੋਣ ਕਮਿਸ਼ਨ ਵੱਲੋਂ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨ ਅਤੇ ਕੁਝ ਚੋਣ ਅਧਿਕਾਰੀਆਂ ਵੱਲੋਂ ਇਸ ਪ੍ਰਤੀ ਵੋਟਰਾਂ ਲਈ ਕੁਝ ਸਹੂਲਤਾਂ ਐਲਾਨਣ ਨਾਲ ਵੀ ਵੱਧ ਵੋਟਾਂ ਪੈਣ ਦੀ ਆਸ ਬੱਝੀ ਹੈ। ਯੋਗ, ਈਮਾਨਦਾਰ ਤੇ ਲੋਕ ਪੱਖੀ ਉਮੀਦਵਾਰਾਂ ਦੀ ਚੋਣ ਕਰਨ ਲਈ ਪੜ੍ਹੇ ਲਿਖੇ ਵੋਟਰਾਂ ਦਾ ਅੱਗੇ ਆਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

ਇਨ੍ਹਾਂ ਚੋਣਾਂ ਦੌਰਾਨ ਚੋਣ ਰੈਲੀਆਂ ਵਿੱਚ ਭੀੜ ਘਟ ਹੋਣਾ ਹੀ ਵੋਟਰਾਂ ਦੇ ਜਾਗਰੂਕ ਹੋਣ ਵੱਲ ਇਸ਼ਾਰਾ ਕਰਦਾ ਹੈ ਕਿਉਂਕਿ ਆਮ ਚੋਣ ਰੈਲੀਆਂ ਵਿੱਚ ਭਾੜੇ 'ਤੇ ਲਿਆਂਦੇ ਹਲਕੇ ਤੇ ਬਾਹਰਲੇ ਲੋਕ ਹੀ ਦਿਖਾਈ ਦਿੰਦੇ ਹਨ। ਸਿਆਸੀ ਪਾਰਟੀਆਂ ਨੇ ਵੀ ਆਪਣੇ ਪ੍ਰਚਾਰ ਲਈ ਸੂਚਨਾ ਤਕਨਾਲੋਜੀ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰਚਾਰ ਦੌਰਾਨ ਨੌਜਵਾਨ ਵਰਗ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਪ੍ਰਵਾਨਿਆਂ ਦੀ ਸੋਚ ਤੇ ਸੁਪਨਿਆਂ ਨੂੰ ਪ੍ਰਚਾਰਨਾ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦਾ ਹੈ। ਦੇਸ਼ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਬੇਹੱਦ ਜ਼ਰੂਰੀ ਹੈ ਕਿ ਨੌਜਵਾਨ ਵਰਗ ਸਿੱਖਿਆ ਤੇ ਸਿਆਸਤ ਵਿਚਲੀਆਂ ਤਰੁੱਟੀਆਂ, ਬੇਨਿਯਮੀਆਂ ਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਵੇ।

ਜਸਪ੍ਰੀਤ ਸਿੰਘ ਸੈਣੀ
ਮੋ: 98154-31665

(ਅਜੀਤ 25-03-2014 'ਚੋਂ ਧੰਨਵਾਦ ਸਹਿਤ !)

# ਸਕੂਲ 'ਚ ਸਫ਼ਾਈ ਕਰਨਾ ਕੋਈ ਗੁਨਾਹ ਨਹੀਂ

**ਲੋਕ ਨਾਥ ਸ਼ਰਮਾ**

ਭਾਰਤ ਦੇ ਪ੍ਰਾਚੀਨ ਗ੍ਰੰਥਾਂ ਵਿੱਚ ਸਫ਼ਾਈ, ਸ਼ੁੱਧਤਾ ਤੇ ਸੱਚਾਈ ਦੀਆਂ ਬਰਕਤਾਂ ਦਰਜ ਹਨ। ਗੁਰੂਆਂ, ਪੀਰਾਂ-ਪੈਗ਼ੰਬਰਾਂ, ਹਰ ਯੁੱਗ ਦੇ ਮਹਾਂਪੁਰਸ਼ਾਂ ਨੇ ਸਫ਼ਾਈ ਦੀ ਅਹਿਮੀਅਤ ਨੂੰ ਜਾਣਿਆ, ਪਛਾਣਿਆ ਤੇ ਸਲਾਹਿਆ ਹੈ। ਭਗਤ ਪੂਰਨ ਸਿੰਘ, ਮਦਰ ਟੈਰੇਸਾ ਅਤੇ ਮਹਾਤਮਾ ਗਾਂਧੀ ਦੀ ਸਵੱਛਤਾ ਪ੍ਰਤੀ ਜਾਗਰੂਕਤਾ ਅਤੇ ਯੋਗਦਾਨ ਜੱਗ ਜ਼ਾਹਰ ਹੈ। ਮਹਾਤਮਾ ਗਾਂਧੀ ਦੀ ਵਾਰਧਾ ਸਕੀਮ ਦੀ ਮੁੱਢਲੀ ਸਿੱਖਿਆ ਦੀ ਨੀਤੀ ਵਿੱਚ ਸਕੂਲੀ ਟਾਈਮ-ਟੇਬਲ ਵਿੱਚ ਵਿਦਿਆਰਥੀਆਂ ਦੀ ਹੱਥੀਂ ਕਿਰਤ ਤੇ ਸਾਫ਼-ਸਫ਼ਾਈ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ। ਗੁਰੂ ਨਾਨਕ ਦੇਵ ਜੀ ਦੇ ਤਿੰਨ ਸੁਨਹਿਰੀ ਅਸੂਲਾਂ ਵਿੱਚ ਹੱਥੀਂ ਕੰਮ ਕਰਨ 'ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ।

ਪਿਛਲੇ ਦਿਨੀਂ ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਤੋਂ ਸਫ਼ਾਈ ਕਰਾਉਣ ਦੇ ਮੁੱਦੇ ਨੂੰ ਲੈ ਕੇ ਬੜਾ ਰੌਲਾ ਪਿਆ। ਇਸ ਨੂੰ ਹਵਾ ਦੇ ਕੇ ਰਾਈ ਦਾ ਪਹਾੜ ਬਣਾਇਆ ਗਿਆ। ਇੱਥੋਂ ਤਕ ਕਿ ਮੁੱਖ ਅਧਿਆਪਕ ਨੂੰ ਮੁਅੱਤਲ ਅਤੇ ਦੂਜੇ ਅਧਿਆਪਕ ਦੀ ਬਦਲੀ ਤਕ ਕਰ ਦਿੱਤੀ ਗਈ। ਸਾਰੇ ਘਟਨਾਕ੍ਰਮ ਨੂੰ ਇੰਞ ਪੇਸ਼ ਕੀਤਾ ਗਿਆ ਜਿਵੇਂ ਕੋਈ ਬੰਧੂਆ ਮਜ਼ਦੂਰੀ, ਗ਼ੈਰ ਕਾਨੂੰਨੀ ਜਾਂ ਅਨੈਤਿਕ ਕੰਮ ਕੀਤਾ ਗਿਆ ਹੋਵੇ। ਸਰਕਾਰ ਵੱਲੋਂ ਕਿਸੇ ਸਫ਼ਾਈ ਸੇਵਕ ਦਾ ਪ੍ਰਬੰਧ ਨਹੀਂ ਹੈ। 10 ਦਿਨ ਦੀਆਂ ਛੁੱਟੀਆਂ ਪਿੱਛੋਂ ਸਕੂਲ ਖੁੱਲ੍ਹੇ ਹਨ। ਅਜਿਹੀ ਸਥਿਤੀ ਵਿੱਚ ਅਧਿਆਪਕਾਂ ਵੱਲੋਂ ਬੱਚਿਆਂ ਦੀ ਮਦਦ ਲੈਣਾ ਕੋਈ ਅਪਰਾਧ ਨਹੀਂ। ਕਹਾਵਤ ਹੈ ਕਿ ਕੁੱਤਾ ਵੀ ਪੂਛ ਮਾਰ ਕੇ ਬੈਠਦਾ ਹੈ। ਆਪਣੇ ਪੈਰ ਧੋਂਦੀ ਰਾਣੀ ਗੋਲੀ ਨਹੀਂ ਅਖਵਾਉਂਦੀ। ਜ਼ਮਾਨਾ ਜ਼ਰੂਰ ਬਦਲ ਗਿਆ ਹੈ, ਪਰ ਨੈਤਿਕ ਕਦਰਾਂ-ਕੀਮਤਾਂ, ਸ਼ਿਸ਼ਟਾਚਾਰ ਤੇ ਸੰਸਕ੍ਰਿਤਕ ਮੁੱਲ ਨਹੀਂ ਬਦਲਦੇ ਹੁੰਦੇ। ਜੇ ਬੱਚਿਆਂ ਨੇ ਆਪਣੇ ਬੈਠਣ ਦੀ ਥਾਂ ਦੀ ਸਫ਼ਾਈ ਕਰ ਲਈ ਤਾਂ ਇਸ ਨਾਲ ਕਿਹੜਾ ਗੁਨਾਹ ਹੋ ਗਿਆ?

ਹੱਥੀਂ ਕੰਮ ਕਰਨ ਨਾਲ ਕਿਰਤ ਦੀ ਮਹਾਨਤਾ ਦਾ ਅਹਿਸਾਸ ਹੁੰਦਾ ਹੈ। ਪੜ੍ਹਾਈ ਦੇ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ । ਸਰੀਰ ਸੁਡੌਲ, ਨਿਰੋਗ ਤੇ ਚੁਸਤ ਬਣਦਾ ਹੈ। ਸਰੀਰ ਦੇ ਵਿਕਾਸ ਨਾਲ ਮਾਨਸਿਕ ਵਿਕਾਸ ਵੀ ਹੋ ਜਾਂਦਾ ਹੈ। ਫਾਰਮਿੰਗ, ਗਾਰਡਨਿੰਗ ਤੇ ਹੋਰ ਪ੍ਰੈਕਟੀਕਲ ਵਿਸ਼ੇ ਕੰਮ ਪ੍ਰਤੀ ਸਨਮਾਨ ਦਾ ਪਾਠ ਹੀ ਤਾਂ ਪੜ੍ਹਾਉਂਦੇ ਹਨ। ਆਪਸੀ ਸਹਿਯੋਗ ਅਤੇ ਮਿਲਵਰਤਨ ਵਰਗੇ ਗੁਣ ਗ੍ਰਹਿਣ ਹੁੰਦੇ ਹਨ। ਪ੍ਰਾਚੀਨ ਕਾਲ ਵਿੱਚ ਤਾਂ ਗੁਰੂਕੁਲ ਹੁੰਦੇ ਸਨ। ਜਿੱਥੇ



ਵਿਦਿਆਰਥੀ ਸ਼ਰਧਾਲੂਆਂ ਵਾਂਗ ਸ਼ਰਧਾਵਾਨ ਬਣ ਕੇ ਘਰ ਦੇ ਕੰਮ ਵਾਂਗ ਸਾਰਾ ਕੰਮ ਕਰਦੇ ਸਨ। ਜੇ ਆਪਣੇ ਜ਼ਮਾਨੇ ਦੀ ਗੱਲ ਕਰੀਏ ਅਧਿਆਪਕ ਦੇ ਹੁਕਮ ਨੂੰ ਵਿਦਿਆਰਥੀ ਰੱਬੀ ਫ਼ਰਮਾਨ ਮੰਨ ਕੇ ਚਾਈਂ-ਚਾਈਂ ਨੇਪਰੇ ਚਾੜ੍ਹਦੇ ਸੀ। ਜੇ ਪਾਣੀ ਜਾਂ ਕੁਰਸੀ ਮੰਗ ਲਈ ਤਾਂ ਅੱਧੀ ਜਮਾਤ ਇਕ ਦੂਜੇ ਤੋਂ ਅੱਗੇ ਹੋ ਕੇ ਦੌੜ ਲਾਉਂਦੀ। ਕਮਰੇ ਸਾਫ਼ ਕਰਨ ਤੇ ਪਾਣੀ ਛਿੜਕਣ ਦੀਆਂ ਵਾਰੀਆਂ ਲੱਗਦੀਆਂ ਸਨ। ਬਾਅਦ ਵਿੱਚ ਕਮਰੇ ਸਾਫ਼ ਕਰਨ ਦੇ ਮੁਕਾਬਲੇ ਕਰਵਾਏ ਜਾਂਦੇ। ਅਧਿਆਪਕ ਦੇ ਸਕੂਲ ਦੇ ਵਿਹੜੇ ਵਿੱਚ ਪ੍ਰਵੇਸ਼ ਕਰਨ 'ਤੇ ਉਨ੍ਹਾਂ ਦੇ ਸਾਈਕਲ ਨੂੰ ਪਹਿਲਾਂ ਫੜਨ ਲਈ ਵੀ ਦੌੜ ਲੱਗਦੀ। ਅੱਜ ਅਸੀਂ ਕਿੱਧਰ ਨੂੰ ਜਾ ਰਹੇ ਹਾਂ, ਕਿਹੋ ਜਿਹੀ ਫੋਕੀ ਹਮਦਰਦੀ ਦਾ ਪ੍ਰਗਟਾਵਾ ਕਰਨ ਲੱਗੇ ਹਾਂ? ਇਸ ਤਰ੍ਹਾਂ ਸਕੂਲਾਂ ਵਿੱਚ ਜਾ ਕੇ ਅਧਿਆਪਕਾਂ ਨੂੰ ਅਪਮਾਨਿਤ ਕਰਨਾ ਰਾਸ਼ਟਰ ਨੂੰ ਅਪਮਾਨਿਤ ਕਰਨ ਦੇ ਬਰਾਬਰ ਹੈ, ਕਿਉਂਕਿ ਅਧਿਆਪਕ ਨੂੰ ਰਾਸ਼ਟਰ ਨਿਰਮਾਤਾ ਕਿਹਾ ਗਿਆ ਹੈ। ਅਧਿਆਪਕ ਵਿਦਿਆਰਥੀਆਂ ਤੋਂ ਘਰ ਦਾ ਕੰਮ ਨਹੀਂ ਕਰਾਉਂਦੇ ਬਲਕਿ ਮਾਪਿਆਂ ਵਾਂਗ ਉਨ੍ਹਾਂ ਦੀ ਬਿਹਤਰੀ ਲਈ ਤਤਪਰ ਰਹਿੰਦੇ ਹਨ।

ਵੱਡੇ-ਵੱਡੇ ਰਾਜਨੀਤਕ ਨੇਤਾ, ਮਹਾਨ ਨਾਇਕ ਤੇ ਮਹਾਨ ਪੁਰਸ਼ **'ਸਵੱਛ ਭਾਰਤ ਮੁਹਿੰਮ'** ਵਿੱਚ ਝਾੜੂ ਲੈ ਕੇ ਸਭ ਤੋਂ ਅੱਗੇ ਝਾੜੂ ਮਾਰਦੇ ਦਿਖਾਈ ਦਿੰਦੇ ਹਨ। 'ਸਵੱਛ ਭਾਰਤ ਮੁਹਿੰਮ' ਦੀ ਸ਼ੁਰੂਆਤ ਜੇ ਘਰ ਤੇ ਸਕੂਲ ਤੋਂ ਨਹੀਂ ਹੋਵੇਗੀ ਤਾਂ ਫਿਰ ਸਫਲਤਾ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ । ਆਪੋ-ਆਪਣਾ ਸੁਧਾਰ ਸਾਰੇ ਕਰਨ, ਸੰਸਾਰ ਆਪ ਹੀ ਸੁਧਰ ਜਾਵੇਗਾ। ਕਹਿੰਦੇ ਹਨ ਕਿ ਜੰਗਲ ਦੀ ਅੱਗ ਬੁਝਾਉਣ ਲਈ ਚੁੰਝ ਦੇ ਪਾਣੀ ਨਾਲ ਅੱਗ ਬੁਝਾਉਣ ਜਾ ਰਹੀ ਚਿੜੀ ਨੂੰ ਪੁੱਛਿਆ ਗਿਆ ਕਿ ਤੇਰੇ ਯਤਨ ਨਾਲ ਅੱਗ ਬੁਝ ਜਾਵੇਗੀ? ਉਸਨੇ ਉੱਤਰ ਦਿੱਤਾ, ਅੱਗ ਜੇ ਨਾ ਵੀ ਬੁਝੀ ਤਾਂ ਘੱਟੋ-ਘੱਟ ਜਦੋਂ ਇਸ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਇਤਿਹਾਸਕਾਰ ਮੇਰਾ ਨਾਂ ਅੱਗ ਬੁਝਾਉਣ ਵਾਲਿਆਂ ਦੀ ਸੂਚੀ ਵਿੱਚ ਦਰਜ ਕਰਨਗੇ ਨਾ ਕਿ ਅੱਗ ਲਗਾਉਣ ਵਾਲਿਆਂ ਦੀ ਸੂਚੀ ਵਿੱਚ। ਹਨੇਰੇ ਵਿੱਚ ਇਕ ਨਿੱਕਾ ਜੁਗਨੂੰ ਵੀ ਰੋਸ਼ਨੀ ਦਾ ਪ੍ਰਤੀਕ ਬਣਦਾ ਹੈ।

ਮੈਂ ਅਧਿਆਪਕ ਦਿਵਸ ਮੌਕੇ, ਸਾਬਕਾ ਸਿੱਖਿਆ ਮੰਤਰੀ ਨੂੰ ਆਪਣੇ ਸਕੂਲੀ ਦਿਨਾਂ ਨੂੰ ਯਾਦ ਕਰਦਿਆਂ ਦੇਖਿਆ। ਉਨ੍ਹਾਂ ਨੇ ਆਪਣੇ ਸਕੂਲੀ ਕੰਮ ਵਿੱਚ ਹੱਥੀਂ ਕਿਰਤ ਕਰਨ ਦਾ ਜ਼ਿਕਰ ਕੀਤਾ। ਉਨ੍ਹਾਂ ਦੇ ਹਮਜਮਾਤੀਆਂ ਨੇ ਢੋਆ-ਢੁਆਈ ਦੇ ਖ਼ਰਚੇ ਦੀ ਬੱਚਤ ਕਰਕੇ ਅਧਿਆਪਕ ਸਾਹਿਬਾਨ ਅਤੇ

ਵਿਦਿਆਰਥੀਆਂ ਨੇ ਨੇੜੇ ਦੇ ਭੱਠੇ ਤੋਂ ਹੱਥੋ-ਹੱਥੀ ਚਾਰ-ਚਾਰ ਇੱਟਾਂ ਚੁੱਕ ਕੇ ਸਾਰੀਆਂ ਇੱਟਾਂ ਸਕੂਲ ਪਹੁੰਚਦੀਆਂ ਕਰ ਦਿੱਤੀਆਂ। ਇਹ ਹਨ ਹੱਥੀਂ ਕੰਮ ਕਰਨ ਦੀਆਂ ਸ਼ਾਨਦਾਰ ਉਦਾਹਰਣਾਂ। ਮੈਨੂੰ ਲਗਪਗ ਅੱਧੀ ਸਦੀ ਪੁਰਾਣੀ ਨਿੱਜੀ ਘਟਨਾ ਯਾਦ ਆ ਗਈ। ਮੈਂ ਇਕ ਵਰਾਂਡੇ ਦੀ ਛੱਤ ਹੇਠ ਦਿਨ-ਰਾਤ ਪੜ੍ਹਨ ਵਿੱਚ ਮਸਤ ਰਹਿੰਦਾ ਸੀ। ਮੇਰੇ ਮੰਜੇ ਦੇ ਆਲੇ-ਦੁਆਲੇ ਕਾਗ਼ਜ਼ਾਂ ਅਤੇ ਕੂੜੇ ਦੀਆਂ ਨਿੱਕੀਆਂ ਢੇਰੀਆਂ ਲੱਗੀਆਂ ਪਈਆਂ ਸਨ। ਮੇਰੇ ਦੋਸਤ ਦੇ ਪੁੱਛਣ 'ਤੇ ਮੈਂ ਆਖ ਦਿੱਤਾ ਕਿ ਬਸ ਟਾਈਮ ਨਹੀਂ ਲੱਗਦਾ। ਉਸਨੇ ਝਾੜੂ ਚੁੱਕ ਕੇ ਮੇਰੇ ਨਾਂਹ-ਨਾਂਹ ਕਹਿੰਦੇ ਹੋਏ ਕਿਹਾ, 'ਲੈ ਟਾਈਮ ਨੋਟ ਕਰ, ਐਵੇਂ ਬਹਾਨੇ ਬਣਾਈ ਜਾਨੈ।' ਉਸਨੇ ਸੱਚ-ਮੁੱਚ ਦੋ ਢਾਈ ਮਿੰਟ ਵਿੱਚ ਕਮਰਾ ਸਾਫ਼-ਸੁਥਰਾ ਕਰ ਦਿੱਤਾ। ਪੰਜਾਹ ਸਾਲ ਲੰਘਣ ਪਿੱਛੋਂ ਅੱਜ ਵੀ ਜਦੋਂ ਮੈਂ ਉਸ ਘਟਨਾ ਨੂੰ ਯਾਦ ਕਰਦਾ ਹਾਂ ਤਾਂ ਸ਼ਰਮਸਾਰ ਹੋ ਜਾਂਦਾ ਹਾਂ।

ਸੰਪਰਕ : 98171-76877

(ਰੋ: ਪੰ: ਟ੍ਰਿ: 23-01-2018 'ਚੋਂ ਧੰਨਵਾਦ ਸਹਿਤ!)



# ਸਕੂਲ ਸਿੱਖਿਆ ਬੋਰਡ ਦਾ ਕੱਚ-ਸੱਚ

**ਸੁੱਚਾ ਸਿੰਘ ਖੱਟੜਾ**

ਬਹੁਤ ਪੁਰਾਣੀ ਗੱਲ ਨਹੀਂ। 'ਬੋਰਡ ਦੀ ਪ੍ਰੀਖਿਆ' ਸ਼ਬਦ-ਵਿਦਿਆਰਥੀ, ਅਧਿਆਪਕਾਂ, ਇੱਥੋਂ ਤਕ ਕਿ ਮਾਪਿਆਂ ਅੰਦਰ ਵੀ ਕੰਬਣੀ ਛੇੜ ਦਿੰਦਾ ਸੀ। ਪੰਜਾਬ ਸਕੂਲ ਬੋਰਡ ਨੇ ਪਿਛਲੇ ਸਾਲਾਂ 'ਚ ਇਸ ਸ਼ਬਦ ਦਾ ਡਰ ਖੌਫ਼ ਹੀ ਖ਼ਤਮ ਕਰ ਦਿੱਤਾ ਜਾਪਦਾ ਹੈ। ਹੁਣ ਇਹ ਸ਼ਬਦ ਮਹੀਨੇ ਜਾਂ ਦਿਨ-ਤਿਉਹਾਰ ਵਰਗਾ ਬਣ ਕੇ ਰਹਿ ਗਿਆ ਹੈ। ਬੋਰਡ 'ਚ ਗਰੇਸ ਅੰਕਾਂ ਦੀ ਵਿਵਸਥਾ ਪਹਿਲਾਂ ਵੀ ਸੀ। ਪਹਿਲਾਂ ਗਰੇਸ ਅੰਕ ਉਨ੍ਹਾਂ ਵਿਦਿਆਰਥੀਆਂ ਲਈ ਸਨ ਜਿਨ੍ਹਾਂ ਦੀ ਕੁਝ ਨਾ ਕੁਝ ਪ੍ਰਾਪਤੀ ਉਨ੍ਹਾਂ ਦੇ ਖਾਤੇ 'ਚ ਪਹਿਲਾਂ ਹੀ ਹੁੰਦੀ ਸੀ। ਗਰੇਸ ਅੰਕ ਦਿੰਦਿਆਂ ਅੰਕਾਂ ਦੀ ਆਪਣੀ ਗਰੇਸ ਕਾਇਮ ਰਹਿੰਦੀ ਸੀ। ਇਸ ਵਾਰ ਗਰੇਸ ਅੰਕ ਵਿਦਿਆਰਥੀਆਂ ਨੂੰ ਨਹੀਂ, ਬੋਰਡ ਵੱਲੋਂ ਸਰਕਾਰ ਦੀ ਸਿੱਖਿਆ ਖੇਤਰ 'ਚ ਅਤਿ ਮਾੜੀ ਕਾਰਗੁਜ਼ਾਰੀ ਨੂੰ ਦਿੱਤੇ ਫੜੇ ਗਏ ਹਨ। ਮਸਲਾ ਹੁਣ ਗਰੇਸ ਅੰਕਾਂ ਤੋਂ ਅੱਗੇ ਬੋਰਡ ਦੇ ਕੰਮ-ਕਾਜ ਦੇ ਹਰ ਖੇਤਰ ਨੂੰ ਪੜਚੋਲਵੀਂ ਨਜ਼ਰ ਦੇ ਕੇਂਦਰ ਵਿੱਚ ਲਿਆਉਣਾ ਜ਼ਰੂਰੀ ਬਣ ਗਿਆ ਹੈ। ਗਰੇਸ ਅੰਕ ਬਿਮਾਰੀ ਦਾ ਮਹਿਜ਼ ਇੱਕ ਲੱਛਣ ਹੈ। ਸਕੂਲ ਸਿੱਖਿਆ ਬੋਰਡ ਆਪਣੇ ਹਰ ਖੇਤਰ ਦੇ ਸਿਲੇਬਸ ਬਣਾਉਣੇ, ਕਿਤਾਬਾਂ ਛਪਾਉਣੀਆਂ, ਪੇਪਰ ਸੈੱਟ ਕਰਨੇ, ਪ੍ਰੀਖਿਆ ਕੇਂਦਰ ਬਣਾਉਣੇ, ਪ੍ਰੀਖਿਆ ਲੈਣੀ ਅਤੇ ਨਤੀਜੇ ਐਲਾਨਣ ਆਦਿ ਖੇਤਰਾਂ ਵਿੱਚ ਬਿਮਾਰ ਪਿਆ ਲੱਗਦਾ ਹੈ।

ਪੰਜਾਬ ਦੇ ਪੁਨਰਗਠਨ ਸਮੇਂ ਇਸ ਬੋਰਡ ਦਾ ਗਠਨ ਪੰਜਾਬ ਯੂਨੀਵਰਸਿਟੀ ਵਰਗੀ ਖ਼ੁਦਮੁਖ਼ਤਿਆਰੀ ਨਾਲ ਕੀਤਾ ਗਿਆ ਸੀ ਕਿਉਂਕਿ ਇਸ ਤੋਂ ਪਹਿਲਾਂ ਦਸਵੀਂ ਦੀ ਪ੍ਰੀਖਿਆ ਪੰਜਾਬ ਯੂਨੀਵਰਸਿਟੀ ਲੈਂਦੀ ਸੀ। ਸ਼ੁਰੂ-ਸ਼ੁਰੂ 'ਚ ਇਸ ਸਕੂਲ ਦੀ ਬੋਰਡ ਦੀ ਕਾਰਗੁਜ਼ਾਰੀ 'ਤੇ ਉਂਗਲ ਉਠਾਉਣ ਦਾ ਮੌਕਾ ਘੱਟ-ਵੱਧ ਹੀ ਮਿਲਦਾ ਸੀ, ਪਰ ਜਿਵੇਂ-ਜਿਵੇਂ ਬੋਰਡ ਦੀਆਂ ਪ੍ਰਬੰਧਕੀ ਆਸਾਮੀਆਂ ਸਿਆਸੀ ਗਲਿਆਰਿਆਂ ਦੇ ਨੇੜੇ ਜਾਂਦੀਆਂ ਰਹੀਆਂ, ਤਿਉਂ-ਤਿਉਂ ਬੋਰਡ ਦੀ ਖ਼ੁਦਮੁਖ਼ਤਿਆਰੀ ਨੂੰ ਢਾਹ ਲੱਗਦੀ ਰਹੀ। ਹੁਣ ਸਿੱਖਿਆ ਬੋਰਡ ਇੱਕ ਖ਼ੁਦਮੁਖ਼ਤਿਆਰ ਅਦਾਰਾ ਰਹਿ ਗਿਆ ਹੈ। ਹੁਣ ਇਹ ਇੱਕ ਅਜਿਹਾ ਅਦਾਰਾ ਹੈ ਜਿੱਥੇ ਨਿਯੁਕਤੀਆਂ ਹਨ, ਪਦ ਉੱਨਤੀਆਂ, ਕਾਰੋਬਾਰ ਹੈ ਤੇ ਸਿੱਖਿਆ ਦੇ ਵਪਾਰੀ ਗਰੋਹਾਂ ਦਾ 'ਕਨਾਟ ਪਲੇਸ' ਹੈ। ਇਸ ਲਈ ਹੋਰ ਅਦਾਰਿਆਂ ਵਾਂਗ ਪੰਜਾਬ ਸਕੂਲ ਬੋਰਡ ਦੀ ਖ਼ੁਦਮੁਖ਼ਤਿਆਰੀ ਬਾਹਰੀ ਸਿਆਸੀ ਦਬਾਅ ਤੋਂ ਮੁਕਤ ਰੱਖਣੀ ਜੇ ਅਸੰਭਵ ਨਹੀਂ ਤਾਂ ਮੁਸ਼ਕਲ

ਜ਼ਰੂਰ ਸੀ। ਇਕ ਸਮਾਂ ਅਜਿਹਾ ਵੀ ਸੀ ਜਦੋਂ ਸਰਕਾਰੀ ਟੀਚਰ ਯੂਨੀਅਨ, ਬੋਰਡ ਦੀ ਪ੍ਰਬੰਧਕੀ ਬਾਡੀ ਵਿੱਚ ਆਪਣੀ ਨੁਮਾਇੰਦਗੀ ਦੀ ਮੰਗ ਕਰਦੇ ਸਨ।

ਕਿਤਾਬਾਂ ਅਤੇ ਸਿਲੇਬਸ ਦੀਆਂ ਕਮੀਆਂ ਕਮਜ਼ੋਰੀਆਂ ਬੋਰਡ ਦੇ ਧਿਆਨ ਵਿੱਚ ਲਿਆਉਣ ਲਈ ਮੀਟਿੰਗਾਂ ਦੀ ਮੰਗ ਕੀਤੀ ਜਾਂਦੀ ਸੀ, ਪਰ ਬੋਰਡ ਨੇ ਕਦੇ ਹਾਂ-ਪੱਖੀ ਹੁੰਗਾਰਾ ਹੀ ਨਹੀਂ ਦਿੱਤਾ। ਇਸਦਾ ਨਤੀਜਾ ਹੈ ਕਿ ਬੋਰਡ ਆਪਣੀ ਧਰਾਤਲ ਨਾਲ ਪੂਰੀ ਤਰ੍ਹਾਂ ਨਹੀਂ ਜੁੜ ਸਕਿਆ। ਇਸੇ ਲਈ ਸਕੂਲ ਬੋਰਡ ਵੱਲੋਂ ਬਣਾਏ ਵਿਸ਼ਿਆਂ ਦੇ ਸਿਲੇਬਸ ਪੰਜਾਬੀ ਜੀਵਨ, ਰਹੁ-ਰੀਤਾਂ, ਆਰਥਿਕ ਅਤੇ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਸਕੂਲਾਂ ਦੀਆਂ ਜ਼ਮੀਨੀ ਹਕੀਕਤਾਂ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੇ। ਇੱਕਾ-ਦੁੱਕਾ ਸਿਆਣੇ ਅਧਿਆਪਕ ਇਨ੍ਹਾਂ ਕਮਜ਼ੋਰੀਆਂ ਵੱਲ ਸਕੂਲ ਬੋਰਡ ਦਾ ਧਿਆਨ ਮੰਗਦੇ ਵੀ ਵੇਖੇ ਜਾਂਦੇ ਹਨ। ਸਿਸਟਮ ਦਾ ਨਿਯਮਿਤ ਵਰਤਾਰਾ ਨਹੀਂ ਹੈ ਜੋ ਹੋਣਾ ਚਾਹੀਦਾ ਸੀ। ਲੋੜ ਸੀ ਕਿ ਬੋਰਡ ਆਪਣੀ ਕਾਰਗੁਜ਼ਾਰੀ ਦੇ ਸਿਰ 'ਤੇ ਸਮਾਜ ਦੀ ਸੇਵਾ ਕਰ ਕੇ ਨਾਂ ਕਮਾਉਂਦਾ ਅਤੇ ਆਪਣੀ ਸੁਰੱਖਿਆ ਦਾ ਕਵਚ ਵੀ ਮਜ਼ਬੂਤ ਕਰਦਾ; ਪਰ ਇਸ ਤੋਂ ਉਲਟ ਬੋਰਡ ਦੇ ਪ੍ਰਬੰਧਕਾਂ ਨੇ ਆਪਣੀ ਸੁਰੱਖਿਆ ਨੂੰ ਸਿਆਸੀ ਛਤਰੀ ਅਧੀਨ ਕਰ ਦਿੱਤਾ ਹੈ ਅਤੇ ਆਪਣੀ ਖ਼ੁਦਮੁਖ਼ਤਿਆਰੀ ਗੁਆ ਲਈ ਹੈ। ਸਿੱਟਾ ਉਹੀ ਨਿਕਲਿਆ ਜੋ ਅੱਜ ਪੰਜਾਬ ਦੇ ਅਸਮਾਨਾਂ ਉੱਤੇ ਉੱਡ ਰਿਹਾ ਹੈ।

ਬੋਰਡ ਦੀ ਪ੍ਰਬੰਧਕੀ ਇਕਾਈ ਸਰਕਾਰ ਦੇ ਪਰਦੇ ਢੱਕਣ ਵਾਲੀ ਏਜੰਸੀ ਬਣ ਕੇ ਰਹਿ ਗਈ ਹੈ। ਇਸ ਸਿਲਸਿਲੇ ਦਾ ਸਿੱਟਾ ਹੈ ਕਿ ਬੋਰਡ ਨੇ ਸਿਲੇਬਸ ਬਣਾਉਂਦਿਆਂ ਕਦੇ ਨਹੀਂ ਦੱਸਿਆ ਕਿ ਇਸ ਨੂੰ ਪੜ੍ਹਾਉਣ ਲਈ ਕਿੰਨੇ ਵਿਦਿਆਰਥੀਆਂ ਦੇ ਸੈਕਸ਼ਨ ਲਈ ਕਿੰਨੇ ਪੀਰੀਅਡਾਂ ਦੀ ਜ਼ਰੂਰਤ ਹੈ। ਸਕੂਲਾਂ ਵਿੱਚ ਬੇਲੋੜੀਆਂ ਛੁੱਟੀਆਂ ਅਤੇ ਸਰਦੀ-ਗਰਮੀ ਵਿੱਚ ਸਮਾਂ ਘਟਾਉਣ ਦਾ ਕੰਮ ਜਦੋਂ ਸਿੱਖਿਆ-ਮੰਤਰੀ ਕਰਦਾ ਹੈ ਤਾਂ ਬੋਰਡ ਨੇ ਕਦੇ ਨਹੀਂ ਕਿਹਾ ਕਿ ਇਸ ਕਾਰਵਾਈ ਨਾਲ ਪੜ੍ਹਾਈ ਦਾ ਨਿਸ਼ਚਿਤ ਸਮਾਂ ਘਟਦਾ ਹੈ। ਸਰਕਾਰ ਪੋਸਟਾਂ ਖ਼ਾਲੀ ਰੱਖਦੀ ਹੈ। ਬੋਰਡ ਕਦੇ ਨਹੀਂ ਆਖੇਗਾ ਕਿ ਇਸ ਨਾਲ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਥਾਂ-ਥਾਂ ਪ੍ਰਾਈਵੇਟ ਸਕੂਲ ਬਣਦੇ ਜਾ ਰਹੇ ਹਨ। ਬੋਰਡ ਕਦੇ ਪੰਜਾਬ ਸਰਕਾਰ ਨੂੰ ਨਹੀਂ ਕਹੇਗਾ ਕਿ ਇਨ੍ਹਾਂ ਸੰਬੰਧੀ ਨਿਯਮ ਬਣਾਏ ਜਾਣ।

ਸਰਕਾਰੀ ਸਕੂਲਾਂ 'ਚ ਬਿਨਾਂ ਵਾਧੂ ਅਧਿਆਪਕ ਦਿੱਤਿਆਂ ਪਹਿਲੀ



ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣੀ ਲਾਗੂ ਕੀਤੀ ਤੇ ਫਿਰ ਤੀਸਰੀ ਜਮਾਤ ਤੋਂ ਕਰ ਦਿੱਤੀ ਗਈ। ਬੋਰਡ ਨੇ ਤੁਰੰਤ ਸਿਲੇਬਸ ਬਣਾ ਦਿੱਤਾ। ਸਰਕਾਰ ਨੂੰ ਇਹ ਨਾ ਦੱਸਿਆ ਕਿ ਇਸ ਸਿਲੇਬਸ ਲਈ ਕਿੰਨਾ ਸਮਾਂ ਅਤੇ ਕਿੰਨੇ ਵਾਧੂ ਅਧਿਆਪਕ ਚਾਹੀਦੇ ਹਨ। ਸਰਕਾਰ ਅਤੇ ਬੋਰਡ ਦਾ ਕਮਾਲ ਦਾ ਮੇਲ ਹੈ। ਬੋਰਡ ਨੇ ਛੇਵੀਂ, ਸੱਤਵੀਂ ਅਤੇ ਅੱਠਵੀਂ ਲਈ ਅੰਗਰੇਜ਼ੀ ਦੀਆਂ ਪਾਠ ਪੁਸਤਕਾਂ ਇਸ ਅਧਾਰ 'ਤੇ ਤਿਆਰ ਕੀਤੀਆਂ ਕਿ ਬੱਚੇ ਤਿੰਨ ਸਾਲ ਪ੍ਰਾਇਮਰੀ ਵਿੱਚ ਅੰਗਰੇਜ਼ੀ ਪੜ੍ਹ ਕੇ ਆਉਂਦੇ ਹਨ। ਬੋਰਡ ਨੇ ਕਦੇ ਸਰਵੇ ਨਹੀਂ ਕਰਵਾਇਆ ਕਿ ਪੰਜਵੀਂ ਤੋਂ ਬਾਅਦ ਵਿਦਿਆਰਥੀ ਛੇਵੀਂ ਜਮਾਤ 'ਚ ਅੰਗਰੇਜ਼ੀ ਦਾ ਕਿਹੜਾ ਪੱਧਰ ਲੈ ਕੇ ਜਾਂਦਾ ਹੈ। ਅਜਿਹੇ 'ਚ ਜਦੋਂ ਸਕੂਲਾਂ 'ਚ ਹਜ਼ਾਰਾਂ ਪੋਸਟਾਂ ਖ਼ਾਲੀ ਰੱਖੀਆਂ ਜਾਂਦੀਆਂ ਹੋਣ ਤਾਂ ਦਸਵੀਂ ਦਾ ਸ਼ਾਨਦਾਰ ਨਤੀਜਾ ਗਰੇਸ ਅੰਕਾਂ ਦੀ ਮਦਦ ਨਾਲ ਹੀ ਆ ਸਕਦਾ ਸੀ।

ਗਰੇਸ ਅੰਕਾਂ ਦਾ ਘਪਲਾ ਉਜਾਗਰ ਹੋਣ ਉਪਰੰਤ ਮੈਰੀਟੋਰੀਅਸ ਸਕੂਲਾਂ ਵਿੱਚ ਦਾਖ਼ਲੇ ਲਈ ਇਸੇ ਬੋਰਡ ਨੇ ਪ੍ਰੀਖਿਆ ਕਰਵਾਈ ਜਿਸ ਵਿੱਚ 80 ਫ਼ੀਸਦੀ ਤੋਂ ਉੱਪਰ ਅੰਕਾਂ ਵਾਲੇ 6,000 ਤੋਂ ਵੱਧ ਵਿਦਿਆਰਥੀ ਬੈਠੇ। ਅੱਧੇ ਵਿਦਿਆਰਥੀ 33 ਫ਼ੀਸਦੀ ਅੰਕ ਵੀ ਪ੍ਰਾਪਤ ਨਾ ਕਰ ਸਕੇ। ਬੋਰਡ ਨੇ ਇਹ ਵੀ ਜੱਗ ਜ਼ਾਹਰ ਨਹੀਂ ਸੀ ਹੋਣ ਦੇਣਾ ਜੇ ਗਰੇਸ ਦੇ 'ਜਾਦੂ ਦੀ ਛੜੀ' ਬੋਰਡ ਤੋਂ ਜਨਤਕ ਵਿਰੋਧ ਕਾਰਨ ਖੋਹੀ ਨਾ ਹੁੰਦੀ। ਮੈਰੀਟੋਰੀਅਸ ਸਕੂਲਾਂ ਲਈ ਇਹ ਪ੍ਰੀਖਿਆ ਪੰਜਾਬ ਦੇ ਸਿੱਖਿਆ ਮੰਤਰੀ, ਸਕੂਲ ਬੋਰਡ ਅਤੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦਾ ਅਸਲ ਸੱਚ ਹੈ। ਪੰਜਾਬ ਸਕੂਲ ਬੋਰਡ ਜਾਂ ਪੰਜਾਬ ਸਿੱਖਿਆ ਤੰਤਰ ਦੀ ਕਾਰਗੁਜ਼ਾਰੀ ਪੰਜਾਬ ਦੇ ਇੱਕ ਤਬਕੇ ਨਾਲ ਜੁੜੀ ਸਮੱਸਿਆ ਨਹੀਂ ਹੈ। ਇਹ ਸਾਰੇ ਪੰਜਾਬ ਵਾਸੀਆਂ ਦੀ ਚਿੰਤਾ ਦਾ ਵਿਸ਼ਾ ਹੈ। ਬੋਰਡ ਅਤੇ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਤੋਂ ਬਿਨਾਂ ਲੱਖਾਂ ਵਿਦਿਆਰਥੀਆਂ ਨੂੰ ਜਦੋਂ ਗਰੇਸ ਅੰਕਾਂ ਨਾਲ ਪਾਸ ਕੀਤਾ ਜਾਂਦਾ ਹੈ ਤਾਂ ਉਹ ਬੱਚੇ ਭਾਵੇਂ ਗ਼ਰੀਬਾਂ ਦੇ ਹਨ, ਪਰ ਕੱਲ੍ਹ ਨੂੰ ਭਵਿੱਖ ਤਾਂ ਪੰਜਾਬ ਦਾ ਹੀ ਬਣਨਗੇ।

ਮਿਆਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾ ਰਹੇ ਮਾਪਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸੰਤਾਨ ਦਾ ਵਾਹ ਪੰਜਾਬ ਦੀਆਂ ਗਲੀਆਂ-ਕੂਚਿਆਂ ਵਿੱਚ ਇਨ੍ਹਾਂ ਨਾਗਰਿਕਾਂ ਨਾਲ ਹੀ ਪਏਗਾ। ਇਸ ਲਈ ਆਓ ਰਲ ਮਿਲ ਕੇ ਪੰਜਾਬ ਸਕੂਲ ਅਤੇ ਪੰਜਾਬ ਦੇ ਸਰਕਾਰੀ ਸਿੱਖਿਆ-ਤੰਤਰ ਦੇ ਵਿਗਾੜਾਂ ਨੂੰ ਠੀਕ ਕਰਨ ਦੀ ਆਪੋ-ਆਪਣੀ ਜ਼ਿੰਮੇਵਾਰੀ ਸਮਝੀਏ। ਇਸ ਵਿੱਚ

ਅਧਿਆਪਕ ਅਤੇ ਅਧਿਆਪਕ ਜਥੇਬੰਦੀਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ। ਬੋਰਡ ਨੇ ਤਾਂ ਗਰੇਸ ਅੰਕ ਇੱਕ ਦਿਨ ਦੇਣੇ ਹਨ ਪਰ ਗਰੇਸ ਅੰਕਾਂ ਨਾਲ ਪਾਸ ਬੱਚਿਆਂ ਨੂੰ ਜ਼ਿੰਦਗੀ ਭਰ ਹਰ ਰੋਜ਼ ਆਪਣੀ ਹਰ ਅਸਫਲਤਾ ਅਤੇ ਹਰ ਨਮੋਸ਼ੀ ਸਮੇਂ ਅਧਿਆਪਕ ਹੀ ਯਾਦ ਆਉਣਗੇ। ਇਸ ਲਈ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਅਧਿਆਪਕ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਸੰਬੰਧ ਵਿੱਚ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਦਰਸਾਉਂਦੇ ਬੋਰਡ ਸੜਕਾਂ 'ਤੇ ਲਗਾਉਣ ਤਾਂ ਕਿ ਹੂਟਰ ਵੱਜਦੀਆਂ ਕਾਰਾਂ ਵਿੱਚ ਜਾ ਰਹੇ ਮੰਤਰੀਆਂ ਦੀ ਨਜ਼ਰ ਇਸ ਸਮੱਸਿਆ ਵੱਲ ਜਾ ਸਕੇ।

ਮੋਬਾਈਲ ਨੰ. 94176-52947
response@punjabi.jagran.com

(ਰੋਜ਼ਾਨਾ ਪੰ: ਜਾ: 28-7-2016 'ਚੋਂ ਧੰਨਵਾਦ ਸਹਿਤ !)



# ਉਹ ਅਧਿਆਪਕ ਦਿਵਸ ਕਦੋਂ ਆਵੇਗਾ?

**ਪ੍ਰਿੰਸੀਪਲ ਵਿਜੈ ਕੁਮਾਰ**

ਬਹੁਤ ਹੀ ਅਜ਼ੀਮ ਸ਼ਖ਼ਸੀਅਤ ਉੱਚ-ਕੋਟੀ ਦੇ ਸਿੱਖਿਆ-ਸ਼ਾਸਤਰੀ ਡਾ: ਰਾਧਾ ਕ੍ਰਿਸ਼ਨਨ ਨੇ ਜਿਸ ਮਿਆਰੀ ਸਿੱਖਿਆ ਦੀ ਤਸਵੀਰ ਆਪਣੇ ਸੁਪਨਿਆਂ ਵਿੱਚ ਉਲੀਕੀ ਸੀ, ਉਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀ ਥਾਂ ਕੇਵਲ ਤੇ ਕੇਵਲ ਇੱਕੋ ਤਰ੍ਹਾਂ ਦੇ ਸਕੂਲ ਸਨ। ਉਨ੍ਹਾਂ ਦੀ ਸੋਚ ਵਿੱਚ 6 ਹਜ਼ਾਰ, 31 ਹਜ਼ਾਰ, 70 ਹਜ਼ਾਰ ਵੱਖ-ਵੱਖ ਤਰ੍ਹਾਂ ਦੀ ਤਨਖ਼ਾਹ ਲੈਣ ਵਾਲੇ ਅਧਿਆਪਕ ਨਹੀਂ, ਸਗੋਂ ਸਨਮਾਨਯੋਗ ਰੁਤਬਾ ਰੱਖਣ ਵਾਲੇ ਅਧਿਆਪਕ ਸਨ। ਉਨ੍ਹਾਂ ਨੇ ਇਹ ਗੱਲ ਕਦੇ ਸੋਚੀ ਵੀ ਨਹੀਂ ਸੀ ਕਿ ਅਧਿਆਪਕਾਂ ਦੇ ਰੁਤਬੇ ਨਾਲ ਆਲੋਚਨਾ ਜੁੜੇ ਕਿ ਅਧਿਆਪਕ ਵਰਗ ਦਾ ਕੁਝ ਹਿੱਸਾ ਆਪਣੇ ਕਿੱਤੇ ਨਾਲ ਇਨਸਾਫ਼ ਨਹੀਂ ਕਰਦਾ। ਸਮਾਜ ਦੇ ਲੋਕ ਅਧਿਆਪਕਾਂ ਨੂੰ ਇਹ ਕਹਿਣ ਕਿ ਉਹ ਬੱਚਿਆਂ ਦਾ ਭਵਿੱਖ ਸੁਨਹਿਰੀ ਬਣਾਉਣ ਵਿੱਚ ਬਣਦੀ ਭੂਮਿਕਾ ਨਹੀਂ ਨਿਭਾਉਂਦੇ। ਉਹ ਉਨ੍ਹਾਂ ਸਿੱਖਿਆ ਨੀਤੀਆਂ ਦੇ ਕਰੜੇ ਆਲੋਚਕ ਹਨ ਜਿਹੜੀਆਂ ਨੀਤੀਆਂ ਅਧਿਆਪਕਾਂ ਨੂੰ ਪੜ੍ਹਾਈ ਤੋਂ ਦੂਰ ਰੱਖਦੀਆਂ ਹਨ ਅਤੇ ਜਿਨ੍ਹਾਂ ਕਾਰਨ ਉਨ੍ਹਾਂ ਨੂੰ ਇਨਸਾਫ਼ ਲੈਣ ਲਈ ਅਦਾਲਤਾਂ ਦੇ ਚੱਕਰ ਕੱਟਣੇ ਪੈਂਦੇ ਹਨ ਤੇ ਉਨ੍ਹਾਂ ਨੂੰ ਹੜਤਾਲਾਂ, ਮੁਜ਼ਾਹਰੇ ਕਰਨ ਲਈ ਮਜਬੂਰ ਕਰਦੀਆਂ ਹਨ। ਉਨ੍ਹਾਂ ਦੀ ਨਜ਼ਰ ਵਿੱਚ ਸਿੱਖਿਆ ਦਾ ਮਿਆਰ ਉਦੋਂ ਹੀ ਉੱਚਾ ਹੋਵੇਗਾ ਜਦੋਂ ਸਕੂਲਾਂ ਵਿੱਚ ਅਧਿਆਪਕ, ਸਕੂਲ ਮੁਖੀ ਅਤੇ ਸਾਜ਼ੋ-ਸਮਾਨ ਸਭ ਕੁਝ ਪੂਰਾ ਹੋਵੇਗਾ।

ਗ਼ਰੀਬਾਂ ਵਾਲੀ ਅਤੇ ਅਮੀਰਾਂ ਵਾਲੀ ਸਿੱਖਿਆ ਇੱਕੋ ਹੀ ਤਰ੍ਹਾਂ ਦੀ ਸਿੱਖਿਆ ਦਾ ਅਪਵਾਦ ਹੈ, ਜੋ ਲੋਕ-ਤੰਤਰੀ ਵਿਵਸਥਾ ਲਈ ਬਹੁਤ ਵੱਡੀ ਚੁਣੌਤੀ ਹੈ। ਉਨ੍ਹਾਂ ਨੇ ਇਹੋ ਜਿਹੀ ਸਿੱਖਿਆ ਨੂੰ ਕਦੇ ਵੀ ਪ੍ਰਵਾਨਗੀ ਨਹੀਂ ਸੀ ਦਿੱਤੀ, ਜਿਸ ਵਿੱਚ ਸਰਕਾਰੀ ਸਕੂਲਾਂ ਵਿੱਚੋਂ ਅੱਠਵੀਂ ਪਾਸ ਬੱਚੇ ਅਨਪੜ੍ਹਾਂ ਵਾਂਗ ਹੋ ਕੇ ਨਿਕਲਣ। ਡਾ: ਰਾਧਾ ਕ੍ਰਿਸ਼ਨਨ ਨੇ ਤਾਂ ਹਰ ਅਧਿਆਪਕ ਦੇ ਬਾਕੀਆਂ ਲਈ ਇਕ ਆਦਰਸ਼ ਬਣਨ ਅਤੇ ਮਿਆਰੀ ਸਿੱਖਿਆ ਦੀ ਵਿਵਸਥਾ ਕਾਇਮ ਕਰਨ ਨੂੰ ਤਰਜੀਹ ਦਿੱਤੀ ਸੀ। ਅਧਿਆਪਕ ਦਿਵਸ 'ਤੇ ਹਰ ਸਾਲ ਦੇਸ਼ ਵਿੱਚ ਸਰਕਾਰਾਂ ਅਧਿਆਪਕਾਂ ਨੂੰ ਰਾਜ-ਪੱਧਰੀ ਅਤੇ ਕੌਮੀ ਪੁਰਸਕਾਰ ਦੇ ਕੇ ਅਤੇ ਆਦਰਸ਼ ਅਧਿਆਪਕਾਂ ਦੇ ਕਸੀਦੇ ਪੜ੍ਹ ਕੇ ਆਪਣੇ ਫ਼ਰਜ਼ਾਂ ਤੋਂ ਵਿਹਲੀਆਂ ਹੋ ਜਾਂਦੀਆਂ ਹਨ। ਸਿੱਖਿਆ ਵਿੱਚ ਸੁਧਾਰ ਕਰਨ ਦੀ ਗੱਲ ਛੇੜ ਕੇ ਗੱਲ ਆਈ-ਗਈ ਕਰ ਦਿੰਦੀਆਂ ਹਨ। ਅਧਿਆਪਕ ਦਿਵਸ 'ਤੇ ਇਹ ਕਿਉਂ ਨਹੀਂ ਸੋਚਿਆ ਜਾਂਦਾ ਕਿ ਇਲਾਹਾਬਾਦ ਹਾਈਕੋਰਟ ਨੂੰ ਇਹ ਫ਼ੈਸਲਾ ਕਿਉਂ ਸੁਣਾਉਣਾ ਪਿਆ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹ

ਲੈਣ ਵਾਲਾ ਹਰ ਵਿਅਕਤੀ ਆਪਣਾ ਬੱਚਾ ਸਰਕਾਰੀ ਸਕੂਲ ਵਿੱਚ ਪੜ੍ਹਾਵੇ। ਇਹ ਫ਼ੈਸਲਾ ਸਿੱਧੇ-ਅਸਿੱਧੇ ਤੌਰ 'ਤੇ ਇਸ ਨੁਕਤੇ ਵੱਲ ਇਸ਼ਾਰਾ ਸੀ ਕਿ ਅਮੀਰਾਂ-ਗ਼ਰੀਬਾਂ ਦੇ ਸਕੂਲਾਂ ਦਾ ਫ਼ਰਕ ਖ਼ਤਮ ਹੋਵੇ। ਦੇਸ਼ ਵਿੱਚ ਕੇਵਲ ਇਕੋ ਜਿਹੇ ਹੀ ਸਕੂਲ ਹੋਣ।

ਉਹ ਅਧਿਆਪਕ ਦਿਵਸ ਕਦੋਂ ਆਵੇਗਾ, ਜਦੋਂ ਸਰਕਾਰੀ ਸਕੂਲਾਂ ਦੇ ਬੱਚੇ ਆਪਣੇ ਮਾਪਿਆਂ ਨੂੰ ਇਹ ਕਹਿਣ ਜੋਗੇ ਨਹੀਂ ਹੋਣਗੇ ਕਿ ਅਧਿਆਪਕਾਂ ਦੀ ਘਾਟ ਕਾਰਨ ਉਨ੍ਹਾਂ ਦੇ ਸਕੂਲ ਵਿੱਚ ਪੜ੍ਹਾਈ ਨਹੀਂ ਹੁੰਦੀ? ਹੋਰ ਕੰਮਾਂ ਕਾਰਨ ਅਧਿਆਪਕਾਂ ਨੂੰ ਪੜ੍ਹਾਉਣ ਦਾ ਮੌਕਾ ਹੀ ਨਹੀਂ ਮਿਲਦਾ। ਉਹ ਅਧਿਆਪਕ ਦਿਵਸ ਕਦੋਂ ਆਵੇਗਾ ਜਦੋਂ ਹਰ ਸਰਕਾਰੀ ਸਕੂਲ ਦੇ ਨਤੀਜੇ ਮਾਣ-ਮੱਤੇ ਹੋਣਗੇ? ਉਹ ਅਧਿਆਪਕ ਦਿਵਸ ਕਦੋਂ ਆਵੇਗਾ ਜਦੋਂ ਅਧਿਆਪਕ ਜਥੇਬੰਦੀਆਂ ਆਪਣੇ ਹਿੱਤਾਂ ਦੇ ਨਾਲ-ਨਾਲ ਵਿਦਿਆਰਥੀ ਹਿੱਤਾਂ ਦੀ ਵੀ ਗੱਲ ਕਰਨਗੀਆਂ, ਜਦੋਂ ਉਨ੍ਹਾਂ ਨੂੰ ਆਪਣੇ ਹਿੱਤਾਂ ਨਾਲੋਂ ਬੱਚਿਆਂ ਦੇ ਭਵਿੱਖ ਅਤੇ ਮਿਆਰੀ ਸਿੱਖਿਆ ਦਾ ਜ਼ਿਆਦਾ ਫ਼ਿਕਰ ਹੋਵੇਗਾ। ਉਹ ਅਧਿਆਪਕ ਦਿਵਸ ਸਾਰਥਿਕ ਹੋਵੇਗਾ ਜਦੋਂ ਸਮਾਜ ਦਾ ਇਕ ਵੀ ਵਿਅਕਤੀ ਸਰਕਾਰੀ ਸਕੂਲਾਂ ਬਾਰੇ ਆਪਣੇ ਇਹ ਵਿਚਾਰ ਨਹੀਂ ਰੱਖੇਗਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਨਹੀਂ ਹੁੰਦੀ, ਜਦੋਂ ਹਰ ਮਾਂ-ਬਾਪ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਕੇ ਆਪਣੇ-ਆਪ ਵਿੱਚ ਮਾਣ ਮਹਿਸੂਸ ਕਰੇਗਾ। ਅਧਿਆਪਕ ਦਿਵਸ ਮਨਾਉਣ ਦਾ ਸਾਡਾ ਉਦੇਸ਼ ਉਦੋਂ ਹੀ ਪੂਰਾ ਹੋਵੇਗਾ ਜਦੋਂ ਸਾਰੇ ਸਰਕਾਰੀ ਅਧਿਆਪਕਾਂ ਦੀ ਤਨਖ਼ਾਹ ਇਕੋ ਜਿਹੀ ਹੋਵੇਗੀ। ਉਨ੍ਹਾਂ ਦੇ ਮਨਾਂ ਵਿੱਚ ਕੱਚੀ-ਪੱਕੀ ਨੌਕਰੀ ਦਾ ਫ਼ਰਕ ਖ਼ਤਮ ਹੋ ਜਾਵੇਗਾ। ਉਨ੍ਹਾਂ ਨੂੰ ਤਰੱਕੀਆਂ, ਗਰੇਡ ਅਤੇ ਹੋਰ ਲਾਭ ਲੈਣ ਲਈ ਅਦਾਲਤਾਂ ਵਿੱਚ ਨਹੀਂ ਜਾਣਾ ਪਵੇਗਾ। ਉਨ੍ਹਾਂ ਨੂੰ ਹੜਤਾਲਾਂ ਅਤੇ ਮੁਜ਼ਾਹਰਿਆਂ ਦਾ ਸਹਾਰਾ ਨਹੀਂ ਲੈਣਾ ਪਵੇਗਾ। ਦੇਸ਼ ਦਾ ਹਰ ਅਧਿਆਪਕ ਆਦਰਸ਼ ਅਧਿਆਪਕ ਉਦੋਂ ਹੀ ਕਹਾ ਸਕੇਗਾ ਜਦੋਂ ਉਹ ਵੱਧ ਤੋਂ ਵੱਧ ਛੁੱਟੀਆਂ ਦੀ ਲਾਲਸਾ ਛੱਡ ਕੇ ਆਪਣੇ ਮਨ ਵਿੱਚ ਇਹ ਭਾਵਨਾ ਪੈਦਾ ਕਰੇਗਾ ਕਿ ਉਸ ਦਾ ਨਤੀਜਾ 100 ਫ਼ੀਸਦੀ ਹੀ ਹੋਵੇਗਾ। ਉਸਦਾ ਹਰ ਪਲ ਬੱਚਿਆਂ ਪ੍ਰਤੀ ਸਮਰਪਿਤ ਹੋਵੇਗਾ।

ਦੇਸ਼ ਦੇ ਲੋਕਾਂ ਨੂੰ ਉਸ ਅਧਿਆਪਕ ਦਿਵਸ ਦੀ ਉਡੀਕ ਹੈ, ਜਿਸ ਦਿਨ ਦੇਸ਼ ਦਾ ਹਰ ਸਰਕਾਰੀ ਸਕੂਲ ਮੈਰੀਟੋਰੀਅਸ ਸਕੂਲ ਹੋਵੇਗਾ। ਬੱਚਿਆਂ ਦੇ ਮੋਢਿਆਂ ਉੱਤੇ ਕਿਤਾਬਾਂ ਦਾ ਬੇਲੋੜਾ ਬੋਝ ਨਹੀਂ ਹੋਵੇਗਾ। ਅਧਿਆਪਕ ਵਰਗ ਨੂੰ ਮਿਡ-ਡੇ ਮੀਲ, ਵਜ਼ੀਫੇ, ਅੰਕੜੇ ਇਕੱਠੇ ਕਰਨ ਅਤੇ ਸਰਵੇ ਕਰਨ ਦੇ ਕੰਮਾਂ ਤੋਂ ਹਟਾ ਕੇ ਉਨ੍ਹਾਂ ਤੋਂ ਕੇਵਲ ਤੇ ਕੇਵਲ ਪੜ੍ਹਾਈ ਕਰਾਉਣ ਦਾ ਹੀ



ਕੰਮ ਲਿਆ ਜਾਵੇਗਾ। ਅਧਿਆਪਕ ਦਿਵਸ 'ਤੇ ਕੇਂਦਰੀ ਸਰਕਾਰਾਂ ਨੂੰ ਪ੍ਰਾਂਤਕ ਸਰਕਾਰਾਂ ਅਤੇ ਸਿੱਖਿਆ-ਸ਼ਾਸਤਰੀਆਂ ਦੇ ਸੁਝਾਵਾਂ 'ਤੇ ਗ਼ੌਰ ਕਰਦਿਆਂ ਲਾਜ਼ਮੀ ਸਿੱਖਿਆ ਅਧਿਕਾਰ ਦੇ ਕਾਨੂੰਨ ਵਿੱਚ ਉਹ ਬਣਦੀਆਂ ਸੋਧਾਂ ਕਰ ਦੇਣੀਆਂ ਚਾਹੀਦੀਆਂ ਹਨ, ਜਿਨ੍ਹਾਂ ਕਾਰਨ ਸਿੱਖਿਆ ਦੇ ਮਿਆਰ ਨੂੰ ਦਿਨੋ-ਦਿਨ ਢਾਹ ਲੱਗਦੀ ਜਾ ਰਹੀ ਹੈ। ਅਧਿਆਪਕ ਦਿਵਸ 'ਤੇ ਸਰਕਾਰਾਂ ਦਾ ਇਹ ਵਿਚਾਰ ਵੀ ਕਰਨਾ ਬਣਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਬਾਵਜੂਦ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਕਿਉਂ ਘਟਦੀ ਜਾ ਰਹੀ ਹੈ। ਅਧਿਆਪਕ ਦਿਵਸ 'ਤੇ ਇਸ ਗੱਲ ਦਾ ਅਹਿਦ ਹੋਣਾ ਚਾਹੀਦਾ ਹੈ ਕਿ ਸਿੱਖਿਆ ਅਤੇ ਸਿਆਸੀ ਹਿੱਤ ਇਕ ਦੂਜੇ ਤੋਂ ਫ਼ਾਸਲਾ ਬਣਾ ਕੇ ਰੱਖਣ। ਹਰ ਸਰਕਾਰ ਨੂੰ ਸਿੱਖਿਆ ਸੁਧਾਰ ਲਈ ਆਪਣੇ ਸਿਆਸੀ ਹਿੱਤਾਂ ਤੋਂ ਲਾਂਭੇ ਹੋ ਕੇ ਉਹ ਫ਼ੈਸਲੇ ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ, ਜਿਨ੍ਹਾਂ ਨਾਲ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਵੀ ਆਵੇ ਤੇ ਨਾਲ ਦੇ ਨਾਲ ਅਨੇਕ ਸਮੱਸਿਆਵਾਂ ਦਾ ਹੱਲ ਵੀ ਨਿਕਲੇ।

ਘੱਟ-ਗਿਣਤੀ ਵਾਲੇ ਸਕੂਲਾਂ ਨੂੰ ਦੂਜੇ ਸਕੂਲਾਂ ਨਾਲ ਇਕੱਠੇ ਕਰਕੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨ ਦਾ ਫ਼ੈਸਲਾ ਬਿਨਾਂ ਦੇਰੀ ਤੋਂ ਲਿਆ ਜਾਣਾ ਚਾਹੀਦਾ ਹੈ। ਵੱਧ ਤੋਂ ਵੱਧ ਸਕੂਲ ਖੋਲ੍ਹਣ ਦੀ ਥਾਂ ਵੱਧ ਤੋਂ ਵੱਧ ਸਹੂਲਤਾਂ ਵਾਲੇ ਸਕੂਲ ਬਣਾਉਣ ਦੀ ਵਿਸ਼ੇਸ਼ ਲੋੜ ਹੈ। ਸਰਕਾਰਾਂ ਨੂੰ ਇਹ ਗੱਲ ਕਬੂਲ ਕਰ ਲੈਣੀ ਚਾਹੀਦੀ ਹੈ ਕਿ ਸਿੱਖਿਆ ਦਾ ਮਿਆਰ ਨੀਵਾਂ ਕਰਨ ਲਈ ਸਿੱਖਿਆ ਨੀਤੀਆਂ ਹੀ ਜ਼ਿੰਮੇਵਾਰ ਹਨ। ਬੱਚਿਆਂ ਦੇ ਬਸਤਿਆਂ ਵਿੱਚ ਕਿਤਾਬਾਂ ਦੀ ਗਿਣਤੀ ਵਧਦੀ ਜਾ ਰਹੀ ਤੇ ਸਿੱਖਿਆ ਦਾ ਮਿਆਰ ਨੀਵਾਂ ਹੁੰਦਾ ਜਾ ਰਿਹਾ ਹੈ। ਮਿਆਰੀ ਸਿੱਖਿਆ ਦੇ ਨਾਂ 'ਤੇ ਪ੍ਰਾਈਵੇਟ ਸਕੂਲ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਹਨ। ਸਿੱਖਿਆ ਦੇ ਮਿਆਰ ਦਾ ਇਹ ਆਲਮ ਹੋਣਾ ਦੇਸ਼ ਦੇ ਹਿੱਤ ਵਿੱਚ ਨਹੀਂ ਹੈ ਕਿ ਬੋਰਡਾਂ ਨੂੰ ਚੰਗੇ ਨਤੀਜੇ ਵਿਖਾਉਣ ਲਈ ਗਰੇਸ ਅੰਕਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਅਧਿਆਪਕ ਦਿਵਸ ਮਨਾਉਣਾ ਉਦੋਂ ਹੀ ਸਾਰਥਿਕ ਹੋਵੇਗਾ, ਜਿਸ ਦਿਨ ਸਰਕਾਰਾਂ ਦਾ ਧਿਆਨ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ 'ਤੇ ਹੀ ਕੇਂਦਰਿਤ ਹੋਵੇਗਾ, ਜਦੋਂ ਦੇਸ਼ ਦਾ ਹਰ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਵਾਂਗ ਮਿਆਰੀ ਸਿੱਖਿਆ ਮੁਹੱਈਆ ਕਰਾਉਣ ਦੀ ਸਥਿਤੀ ਵਿੱਚ ਹੋਵੇਗਾ।

-ਮਾਧਵ ਨਗਰ, ਨੰਗਲ ਟਾਊਨਸ਼ਿਪ, ਰੋਪੜ।
ਫੋਨ: 98726-27136

(ਰੋਜ਼ਾਨਾ ਅਜੀਤ, 05-09-2016 'ਚੋਂ ਧੰਨਵਾਦ ਸਹਿਤ !)

# ਅਜੋਕੀ ਸਿੱਖਿਆ-ਪ੍ਰਣਾਲੀ

## ਕੁਲਵਿੰਦਰ ਚਾਨੀ

ਸਕੂਲਾਂ-ਕਾਲਜਾਂ ਦੀਆਂ ਇਮਾਰਤਾਂ ਦੀ ਖ਼ਸਤਾ ਹਾਲਤ ਨੂੰ ਅੱਖੋਂ ਪਰੋਖੇ ਕਰਨਾ ਤਾਂ ਮਜਬੂਰੀ ਜਿਹੀ ਬਣ ਗਈ ਹੈ। ਜੋ ਹਾਲ ਅਧਿਆਪਕਾਂ ਦਾ ਹੈ, ਉਹ ਵੀ ਭਲੀ-ਭਾਂਤ ਸਭ ਨੂੰ ਪਤਾ ਹੀ ਹੈ। ਪਹਿਲੀ ਗੱਲ ਤਾਂ ਇਹ ਕਿ ਕਿਤੇ ਵੀ ਅਧਿਆਪਕਾਂ ਦੀਆਂ ਅਸਾਮੀਆਂ ਪੂਰੀਆਂ ਭਰੀਆਂ ਹੋਈਆਂ ਹੀ ਨਹੀਂ ਹਨ ਤੇ ਜੋ ਅਧਿਆਪਕ ਆਪਣੀਆਂ ਅਸਾਮੀਆਂ 'ਤੇ ਮੌਜੂਦ ਹਨ ਉਹਨਾਂ ਵਿੱਚੋਂ ਜ਼ਿਆਦਾਤਰ ਅਧਿਆਪਕ ਕਹਾਉਣ ਦੇ ਯੋਗ ਹੀ ਨਹੀਂ ਹਨ। ਕਿਉਂ? ਕਿਉਂਕਿ ਅਧਿਆਪਕ ਤਾਂ ਉਸਨੂੰ ਹੀ ਕਿਹਾ ਜਾ ਸਕਦਾ ਹੈ ਜਿਸਦਾ ਪੜ੍ਹਾਇਆ ਵਿਦਿਆਰਥੀਆਂ ਦੇ ਦਿਲ ਵਿੱਚ ਉੱਤਰ ਜਾਵੇ ਅਤੇ ਦਿਮਾਗ਼ ਉੱਪਰ ਛਪ ਜਾਵੇ ਤੇ ਵਿਦਿਆਰਥੀ ਉਸਦੇ ਡਰ ਨਾਲ ਨਹੀਂ ਸਗੋਂ ਸਤਿਕਾਰ ਨਾਲ ਪੜ੍ਹਨ। ਇਸ ਸਭ ਦੀ ਆਸ ਉਸ ਵਿਅਕਤੀ ਤੋਂ ਹੀ ਕੀਤੀ ਜਾ ਸਕਦੀ ਹੈ ਜੋ ਕਿਤਾਬੀ ਦੁਨੀਆਂ ਦੇ ਨਾਲ-ਨਾਲ ਆਮ ਦੁਨੀਆਂ ਵਿੱਚ ਵੀ ਵਿਚਰਿਆ ਹੋਵੇ। ਜਿਸ ਨੇ ਬੰਦ ਕਮਰਿਆਂ ਵਿੱਚ ਬੈਠ ਕੇ ਕਿਤਾਬਾਂ ਤੋਂ ਹੀ ਰੱਟੇ ਲਾਏ ਹਨ, ਉਹ ਸਿਰਫ਼ ਰੱਟੇ ਹੀ ਲਗਵਾ ਸਕਦਾ ਹੈ, ਸਮਝਾ ਕੁਝ ਨਹੀਂ ਸਕਦਾ, ਸਿਖਾ ਕੁਝ ਨਹੀਂ ਸਕਦਾ। ਆਮ ਵੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਅਧਿਆਪਕਾਂ ਦਾ ਵਿਦਿਆਰਥੀਆਂ ਪ੍ਰਤੀ ਵਤੀਰਾ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਜਿਵੇਂ ਉਹ ਉਨ੍ਹਾਂ ਦੇ ਸ਼ਗਿਰਦ ਨਹੀਂ, ਬਲਕਿ ਗ਼ੁਲਾਮ ਹੋਣ। ਅਧਿਆਪਕ ਦੀ ਕੁਰਸੀ 'ਤੇ ਬੈਠ ਜਾਣ ਨਾਲ ਕੋਈ ਅਧਿਆਪਕ ਨਹੀਂ ਬਣ ਜਾਂਦਾ, ਜਿਸ ਤਰ੍ਹਾਂ ਸ਼ੇਰ ਦੀ ਖੱਲ ਪਾ ਲੈਣ ਨਾਲ ਕੋਈ ਗਿੱਦੜ ਸ਼ੇਰ ਨਹੀਂ ਬਣ ਸਕਦਾ। ਅਧਿਆਪਕ ਹੋਣ ਅਤੇ ਅਧਿਆਪਕ ਕਹਾਉਣ ਵਿੱਚ ਬਹੁਤ ਫ਼ਰਕ ਹੈ। ਇੱਥੇ ਤਾਂ ਹੱਦ ਹੀ ਹੋਈ ਪਈ ਹੈ ਕਿਉਂਕਿ ਪ੍ਰਿੰਸੀਪਲ ਵਰਗੇ ਸਤਿਕਾਰਤ ਅਹੁਦੇ ਦੀਆਂ ਕੁਰਸੀਆਂ 'ਤੇ ਵੀ ਏਨੇ 'ਯੱਬਲ' ਵਿਅਕਤੀਆਂ ਨੇ ਤਸ਼ਰੀਫ਼ ਰੱਖੀ ਹੋਈ ਹੈ, ਜਿਨ੍ਹਾਂ ਕੋਲ ਡਿਗਰੀਆਂ ਤਾਂ ਬਹੁਤ ਵੱਡੀਆਂ ਹਨ, ਗੋਲਡ ਮੈਡਲ ਵੀ (ਪਤਾ ਨਹੀਂ ਕਿਵੇਂ ਲਏ ਹੋਣਗੇ) ਹਨ ਪਰ ਆਮ ਸੂਝ-ਬੂਝ ਬਿਲਕੁੱਲ ਸਿਫ਼ਰ ਹੈ। ਜ਼ਿਆਦਾਤਰ ਵਿੱਦਿਅਕ ਸੰਸਥਾਵਾਂ ਦੀ ਸਮੁੱਚੀ ਕਾਰਗੁਜ਼ਾਰੀ ਫੇਲ੍ਹ ਹੋਣ ਪਿੱਛੇ ਇਹ ਇੱਕ ਬਹੁਤ ਵੱਡਾ ਕਾਰਨ ਹੈ। ਇਸ ਤੋਂ ਵੀ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਲੈਕਚਰ ਸਟੈਂਡ 'ਤੇ ਖੜ੍ਹ ਕੇ ਜਾਂ ਕਿਸੇ ਸਮਾਗਮ ਦੌਰਾਨ ਸਟੇਜ 'ਤੇ ਮਾਈਕ ਫੜ ਕੇ ਵਿਦਿਆਰਥੀਆਂ ਨੂੰ ਪਿਆਰ,



ਸਦਭਾਵਨਾ, ਮਿਲਵਰਤਣ ਆਦਿ ਦੇ ਵੱਡੇ-ਵੱਡੇ ਭਾਸ਼ਣ ਦੇਣ ਵਾਲੇ ਸਟਾਫ਼ ਮੈਂਬਰ ਆਪਸ ਵਿੱਚ ਨਿਤ ਜੂੰਡੋ-ਜੂੰਡੀ ਹੁੰਦੇ ਹਨ। ਵਿੱਦਿਅਕ ਸੰਸਥਾਵਾਂ ਸਿਰਫ਼ ਵਿੱਦਿਅਕ ਸੰਸਥਾਵਾਂ ਨਾ ਰਹਿ ਕੇ, ਪ੍ਰਧਾਨ ਲਈ ਅਖਾੜਾ ਬਣ ਕੇ ਰਹਿ ਗਈਆਂ ਹਨ।

ਸਾਲ ਛਿਮਾਹੀ ਹੋਣ ਵਾਲੇ ਪੇਪਰਾਂ ਦੇ ਅੰਕ, ਹੱਲ ਕੀਤੇ ਸਵਾਲਾਂ ਦਾ ਆਕਾਰ ਵੇਖ ਕੇ ਲਾਏ ਜਾਂਦੇ ਹਨ ਨਾ ਕਿ ਸਵਾਲ ਦਾ ਵਜ਼ਨ ਵੇਖ ਕੇ। ਅਗਰ ਇਹ ਗੱਲ ਝੂਠ ਨਹੀਂ ਕਿ ਇਹ ਪਰਚੇ ਇਸ ਲਈ ਲਏ ਜਾਂਦੇ ਹਨ ਕਿ ਵਿਦਿਆਰਥੀ ਹੁਣ ਤਕ ਪੜ੍ਹਾਏ ਨੂੰ ਕਿੰਨਾ ਕੁ ਸਮਝ ਸਕੇ ਹਨ, ਪਰ ਮਾਜਰਾ ਤਾਂ ਉਲਟ ਹੈ। ਪੇਪਰ ਚੈੱਕ ਕਰਨ ਦੀ ਕਾਹਲੀ ਨਾਲ ਜਾਂ ਫਿਰ ਜਿਹੜੇ ਵਿਚਾਰੇ ਅਧਿਆਪਕਾਂ ਨੇ ਖ਼ੁਦ ਵੀ ਗਾਈਡਾਂ ਦਾ ਸਹਾਰਾ ਲੈ ਕੇ ਡਿਗਰੀਆਂ ਕੀਤੀਆਂ ਹਨ, ਉਹ ਤਾਂ ਫਿਰ ਰੱਟੂ ਹੀ ਕੁਝ ਖੱਟੂ ਵਾਲੀ ਆਵਾਜ਼ ਬੁਲੰਦ ਕਰਨਗੇ। ਦੂਜਾ ਪਾਠ-ਪੁਸਤਕਾਂ ਦੇ ਪਾਠਕ੍ਰਮ ਵਿੱਚ ਪਹਿਲੀ ਕਲਾਸ ਤੋਂ ਚਲਿਆ ਸਿਲੇਬਸ ਉਵੇਂ ਹੀ ਤੁਰਿਆ ਆਉਂਦਾ ਹੈ। ਕਹਾਣੀਆਂ, ਕਵਿਤਾਵਾਂ ਅਦਿ ਦੇ ਸਾਰ, ਪਾਤਰ-ਚਿਤਰਨ ਆਦਿ ਵਰਗੇ ਬੇਹੂਦਾ, ਭਵਿੱਖ ਵਿੱਚ ਕੋਈ ਕੰਮ ਨਾ ਆਉਣ ਵਾਲੇ ਬੇਕਾਰ ਸਵਾਲ ਪੁੱਛ-ਪੁੱਛ ਕੇ, ਕੁਝ ਸਿੱਖਣ ਦੀ ਚਾਹਤ ਰੱਖਣ ਵਾਲੇ ਵਿਦਿਆਰਥੀਆਂ ਨੂੰ ਸੁਸਤ ਹੀ ਕਰ ਦਿੱਤਾ ਜਾਂਦਾ ਹੈ।

ਵਿਦਿਆਰਥੀ ਦਾ ਨਾਮ, ਮਾਤਾ-ਪਿਤਾ ਦਾ ਨਾਮ ਅਤੇ ਜਨਮ ਮਿਤੀ ਦਾ ਗ਼ਲਤ ਹੋਣਾ ਜਾਂ ਨਤੀਜੇ ਦਾ ਲਮਕ ਜਾਣਾ ਜਿਹੀਆਂ ਲਾਪ੍ਰਵਾਹੀਆਂ ਤਾਂ ਬੋਰਡ ਯੂਨੀਵਰਸਿਟੀਆਂ ਲਈ ਮਸ਼ਹੂਰੀ ਜਿਹੀ ਬਣ ਗਈ ਹੈ।

ਆਪਣੇ ਆਪ ਨੂੰ ਮਹਾਨ ਸ਼ਖ਼ਸੀਅਤਾਂ ਅਖਵਾਉਣ ਵਾਲਿਆਂ ਨੂੰ ਕਿਸੇ ਯੁਵਕ ਪ੍ਰੋਗਰਾਮ ਦੀ ਸਟੇਜ ਤੋਂ ਅਕਸਰ ਸੰਘ ਪਾੜ ਪਾੜ ਕੇ ਕਹਿੰਦਿਆਂ ਸੁਣਿਆ ਜਾ ਸਕਦਾ ਹੈ ਕਿ ਸਹਾਇਕ ਗਤੀਵਿਧੀਆਂ ਸਿੱਖਿਆ ਦਾ ਜ਼ਰੂਰੀ ਅੰਗ ਹਨ ਅਤੇ ਇਨ੍ਹਾਂ ਬਿਨਾਂ ਸਿੱਖਿਆ ਅਧੂਰੀ ਹੈ। ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਦਫ਼ਤਰ ਵਿੱਚ ਜਦੋਂ ਕੋਈ ਨੌਜਵਾਨ ਇਨ੍ਹਾਂ ਦੇ ਆਧਾਰ 'ਤੇ ਨੌਕਰੀ ਮੰਗਣ ਜਾਂਦਾ ਹੈ ਤਾਂ ਉਹ ਇਸ ਦੇ ਸਰਟੀਫਿਕੇਟਾਂ ਨੂੰ ਇਸ ਤਰ੍ਹਾਂ ਬੇਰੁਖੀ ਨਾਲ ਪਾਸੇ ਰੱਖ ਦਿੰਦਾ ਹੈ ਜਿਵੇਂ ਇਹ ਫਾਲਤੂ ਹੋਣ ਤੇ ਇਨ੍ਹਾਂ ਨੂੰ ਕਮਾਉਣ ਵਿੱਚ ਮਿਹਨਤ ਨਾ ਲੱਗੀ ਹੋਈ ਹੋਵੇ । ਉਦੋਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਿੱਖਿਆ ਦੇ ਇਸ ਜ਼ਰੂਰੀ ਅੰਗ ਨੂੰ ਸਿੱਖਿਆ ਦੇ ਸਰੀਰ ਤੋਂ ਕੱਟ ਦਿੱਤਾ ਹੈ। ਦਰਅਸਲ ਇਹ ਗਤੀਵਿਧੀਆਂ ਵੀ ਹੁਣ ਵਿਖਾਵੇ ਮਾਤਰ ਹੀ ਰਹਿ ਗਈਆਂ ਹਨ। ਇਨ੍ਹਾਂ ਦੀ ਜਜਮੈਂਟ ਉਨ੍ਹਾਂ ਵਿਅਕਤੀਆਂ ਵੱਲੋਂ ਕੀਤੀ

ਜਾਂਦੀ ਹੈ ਜਿਨ੍ਹਾਂ ਦੇ ਨਾਮ ਨਾਲ ਤਾਂ ਡਾਕਟਰ ਲੱਗਿਆ ਹੁੰਦਾ ਹੈ ਪਰ ਅਸਲ 'ਚ ਨਾ ਉਹ ਕਦੇ ਗਰਾਊਂਡ 'ਚ ਵੜੇ ਹੁੰਦੇ ਹਨ ਤੇ ਨਾ ਹੀ ਕਦੇ ਉਨ੍ਹਾਂ ਨੇ ਸਟੇਜ 'ਤੇ ਚੜ੍ਹ ਕੇ ਵੇਖਿਆ ਹੁੰਦਾ ਹੈ। ਫਿਰ ਉਹ ਠੀਕ ਜਜਮੈਂਟ ਕਿਵੇਂ ਕਰ ਸਕਦੇ ਹਨ, ਕਿਉਂਕਿ ਕਿਤਾਬਾਂ ਸਿਰਫ਼ ਜਾਣਕਾਰੀ ਦਿੰਦੀਆਂ ਹਨ, ਬਰੀਕੀਆਂ ਦਾ ਪਤਾ ਅਭਿਆਸ ਵੇਲੇ ਪਸੀਨਾ ਵਹਾਅ ਕੇ ਹੀ ਲੱਗਦਾ ਹੈ। ਜੇਕਰ ਕੋਈ ਕਦੇ ਭੁੱਲ-ਭੁਲੇਖੇ ਹੰਢਿਆ ਵਰਤਿਆ ਬੰਦਾ ਜਜਮੈਂਟ 'ਤੇ ਆ ਜਾਵੇ ਤਾਂ ਜ਼ਿਆਦਾਤਰ ਇਹ ਹੁੰਦਾ ਹੈ ਕਿ ਉਸ ਨੇ ਆਪਣਾ ਫ਼ੈਸਲਾ ਕਿਸੇ ਪੱਖ ਵਿੱਚ ਦੇਣ ਦੀ ਕੀਮਤ ਲਈ ਹੁੰਦੀ ਹੈ ਭਾਵ ਵਿਕਾਊ ਹੁੰਦਾ ਹੈ। ਕਈ ਵਾਰ ਤਾਂ ਜਾਣਕਾਰੀ ਤੋਂ ਸੱਖਣੇ ਵਿਅਕਤੀ ਹੀ ਇਨ੍ਹਾਂ ਬਾਬਤ ਫ਼ੈਸਲੇ ਕਰ ਦਿੰਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ। ਉਦਾਹਰਣ ਲਈ ਬੀਤੇ ਸਾਲ ਮੈਂ ਤੇ ਮੇਰੇ ਵਰਗੇ ਹੋਰ ਸੈਂਕੜੇ ਵਿਦਿਆਰਥੀ ਵੱਖ-ਵੱਖ ਗਤੀਵਿਧੀਆਂ ਵਿੱਚ ਨਾਮਣਾ ਖੱਟ ਕੇ ਕਾਲਜ ਵੱਲੋਂ ਦਿੱਤੇ ਜਾਣ ਵਾਲੇ ਸਾਲਾਨਾ ਸਨਮਾਨ ਚਿੰਨ੍ਹ ਦੇ ਭਾਗੀਦਾਰ ਬਣੇ। ਪਰ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਇਹ ਦੇਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਇਨ੍ਹਾਂ ਦੇ ਕਾਲਜ 'ਚ ਹੋਈਆਂ ਘਰੇਲੂ ਪ੍ਰੀਖਿਆਵਾਂ ਵਿੱਚ ਹਰ ਵਿਸ਼ੇ ਵਿੱਚੋਂ ਪੈਂਤੀ ਪ੍ਰਤੀਸ਼ਤ ਨੰਬਰ ਨਹੀਂ ਸਨ। ਇਹ ਨਵਾਂ ਤੇ ਹੈਰਾਨ ਕਰ ਦੇਣ ਵਾਲਾ ਨਿਯਮ ਇਸੇ ਸਾਲ ਹੀ ਲਾਗੂ ਕੀਤਾ ਗਿਆ ਹੈ ਤੇ ਇਸ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਕਿ ਇਸ ਦਾ ਪਤਾ ਵਿਦਿਆਰਥੀਆਂ ਨੂੰ ਤਾਂ ਬਹੁਤ ਦੂਰ, ਲਾਗੂ ਕਰਨ ਵਾਲੇ ਕਮੇਟੀ ਦੇ ਤਿੰਨ ਚਾਰ ਪ੍ਰੋਫ਼ੈਸਰਾਂ ਤੋਂ ਇਲਾਵਾ ਕਿਸੇ ਪ੍ਰੋਫ਼ੈਸਰ ਨੂੰ ਵੀ ਨਹੀਂ ਸੀ। ਇਸ ਕਮੇਟੀ ਵਿੱਚ ਉਹ ਪ੍ਰੋਫ਼ੈਸਰ ਸ਼ਾਮਲ ਸਨ, ਜਿਨ੍ਹਾਂ ਦਾ ਕਲਾ ਨਾਲ ਦੂਰ-ਦੂਰ ਤਕ ਕੋਈ ਵਾਹ ਵਾਸਤਾ ਨਹੀਂ ਸੀ। ਫਿਰ ਉਹ ਕਿਸ ਤਰ੍ਹਾਂ ਸਮਝ ਸਕਦੇ ਸੀ ਇਨ੍ਹਾਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀਆਂ ਭਾਵਨਾਵਾਂ ਨੂੰ, ਜਿਨ੍ਹਾਂ ਨੇ ਦਿਨ-ਰਾਤ ਇੱਕ ਕਰ ਕੇ ਕਾਲਜ ਦਾ ਨਾਮ ਉੱਚਾ ਕੀਤਾ ਸੀ?

ਸੋ, ਜੇਕਰ ਸਿਰਫ਼ ਪੜ੍ਹਨ ਵਾਲੇ ਵਿਦਿਆਰਥੀ ਹੀ ਦੇਸ਼ ਦਾ ਨਾਮ ਉੱਚਾ ਕਰ ਸਕਦੇ ਹਨ ਤਾਂ ਫਿਰ ਇਨ੍ਹਾਂ ਗਤੀਵਿਧੀਆਂ ਦਾ ਵਿਖਾਵਾ ਕਰਨ ਦੀ ਕੋਈ ਲੋੜ ਨਹੀਂ, ਇਨ੍ਹਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਪਰ ਧਿਆਨ ਰੱਖਣਾ ਕਿ ਨਾ ਕੋਈ ਦਾਰਾ ਪਹਿਲਵਾਨ, ਨਾ ਕੋਈ ਮਿਲਖਾ ਸਿੰਘ ਬਣ ਕੇ ਚਮਕੇਗਾ, ਨਾ ਕੋਈ ਧਰਮਿੰਦਰ, ਅਮਰੀਸ਼ ਪੁਰੀ ਵਾਂਗ ਛਾਏਗਾ, ਨਾ ਕੋਈ ਸੁਲਝੀਆਂ ਗੱਲਾਂ ਕਰੇਗਾ ਅਤੇ ਨਾ ਹੀ ਕੋਈ ਬੱਬੂ ਮਾਨ ਅਤੇ ਗੁਰਦਾਸ ਮਾਨ ਵਾਂਗੂੰ ਪੰਜਾਬ ਦਾ ਮਾਣ ਬਣ ਸਕੇਗਾ। ਦਿਨ ਉਹ ਵੀ ਦੂਰ ਨਹੀਂ ਹੋਣਾ ਜਦੋਂ



ਪੰਜਾਬ ਨੂੰ ਕਿਤਾਬੀ ਕੀੜਿਆਂ ਦਾ ਦੇਸ਼ ਕਿਹਾ ਜਾਇਆ ਕਰੇਗਾ।

ਬਹੁਤ ਵੱਡੇ ਹੱਲ ਦੀ ਲੋੜ ਹੈ ਸਮੁੱਚੇ ਵਿੱਦਿਅਕ ਢਾਂਚੇ ਵਿੱਚ ਸੁਧਾਰ ਕਰਨ ਲਈ। ਇਹ ਨਹੀਂ ਕਿ ਕਮੀਆਂ ਪਿੱਛੇ ਵਿਦਿਆਰਥੀਆਂ ਦਾ ਕੋਈ ਦੋਸ਼ ਨਹੀਂ। ਦੋਸ਼ ਹੈ ਪਰ ਉਨ੍ਹਾਂ ਦੇ ਦੋਸ਼ ਪਿੱਛੇ ਵੀ ਸਿਸਟਮ ਦਾ ਹੀ ਦੋਸ਼ ਹੈ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਅਧਿਆਪਕ ਬਣ ਕੇ ਖ਼ੁਦੀ ਬਣ ਕੇ ਪੜ੍ਹਾਉਣ ਨਾ ਕਿ ਖ਼ੁਦਾ ਬਣ ਕੇ। ਵਿਦਿਆਰਥੀ ਵੀ ਹੀਰੋਇਜ਼ਮ ਛੱਡ ਕੇ ਪੜ੍ਹਾਈ ਨੂੰ ਪੜ੍ਹਾਈ ਵਾਂਗ ਲੈਣ। ਪੇਪਰ ਚੈੱਕ ਕਰਨ ਸਮੇਂ ਅੰਕ ਪੇਪਰ ਸਵਾਲ ਦਾ ਵਜ਼ਨ ਵੇਖ ਕੇ ਦਿੱਤੇ ਜਾਣ ਨਾ ਕਿ ਆਕਾਰ ਵੇਖ ਕੇ ਅਤੇ ਨੌਕਰੀ ਵੇਲੇ ਸਿਰਫ਼ ਨੰਬਰਾਂ ਨੂੰ ਹੀ ਤਰਜੀਹ (ਅੰਕਾਂ ਨੂੰ ਤਰਜੀਹ ਦਿੱਤੀ ਜਾਵੇ ਪਰ ਸਿਰਫ਼ ਅੰਕਾਂ ਨੂੰ ਹੀ ਨਹੀਂ) ਨਾ ਦਿੱਤੀ ਜਾਵੇ। ਫਿਰ ਵਿਦਿਆਰਥੀ ਸਹੀ ਤਰੀਕੇ ਨਾਲ ਪੜ੍ਹਨਾ ਸ਼ੁਰੂ ਕਰਨਗੇ। ਸਿਲੇਬਸ ਵਿੱਚੋਂ ਵਾਧੂ ਪਾਠਕ੍ਰਮ ਕੱਢ ਕੇ ਸਿਰਫ਼ ਲੋੜੀਂਦੀਆਂ ਵੰਨਗੀਆਂ ਰੱਖੀਆਂ ਜਾਣ ਤੇ ਉਨ੍ਹਾਂ ਦੀ ਸਿਰਜਣਾ ਦੇ ਤਕਨੀਕੀ ਪੱਖਾਂ ਤੋਂ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਸਹਾਇਕ ਗਤੀਵਿਧੀਆਂ ਨੂੰ ਬਣਦੀ ਤਰਜੀਹ ਦਿੱਤੀ ਜਾਵੇ ਅਤੇ ਇਨ੍ਹਾਂ ਦੇ ਪ੍ਰੋਗਰਾਮਾਂ ਨੂੰ ਈਮਾਨਦਾਰੀ ਨਾਲ ਹੋਣਾ ਯਕੀਨੀ ਬਣਾਇਆ ਜਾਵੇ, ਨਹੀਂ ਤਾਂ ਬੰਦ ਕਰ ਦਿੱਤੀਆਂ ਜਾਣ। ਵੱਡੇ-ਵੱਡੇ ਸਿੱਖਿਆ ਅਦਾਰਿਆਂ 'ਤੇ ਆਪਣੀ ਮਲਕੀਅਤ ਜਮਾਈ ਬੈਠੇ ਵਿਦਿਆਰਥੀਆਂ ਨਾਲ ਸਹੀ ਢੰਗ, ਸਲੀਕੇ ਨਾਲ ਪੇਸ਼ ਆਉਣ ਤੇ ਇਹ ਗੱਲ ਚੰਗੀ ਤਰ੍ਹਾਂ ਯਾਦ ਰੱਖਣ ਕਿ ਇਹ ਸਿਰਫ਼ ਵਿਦਿਆਰਥੀਆਂ ਕਰ ਕੇ ਹੀ ਚੱਲਦੇ ਹਨ ਨਾ ਕਿ ਉਨ੍ਹਾਂ ਕਰ ਕੇ।

ਕੁਲਵਿੰਦਰ ਸਿੰਘ ਚਾਨੀ
-ਸੰਗਤ ਕਲਾਂ, ਬਠਿੰਡਾ
ਮੋਬਾਈਲ: 97807-08788

# ਮਾਤ-ਭਾਸ਼ਾ ਵਿੱਚ ਸਿੱਖਿਆ ਕਿਉਂ ਜ਼ਰੂਰੀ ਹੈ?

**ਡਾ: ਧਰਮ ਪਾਲ ਸਾਹਿਲ**

ਕਈ ਵਾਰ ਸੋਚਦਾ ਹਾਂ, ਮਾਤ-ਭਾਸ਼ਾ ਤੋਂ ਬਿਨਾਂ ਹੋਰ ਭਾਸ਼ਾਵਾਂ ਰਾਹੀਂ ਦਿੱਤੀ ਜਾ ਰਹੀ ਸਿੱਖਿਆ, ਵਿਸ਼ਿਆਂ ਨੂੰ ਹੋਰ ਗੁੰਝਲਦਾਰ ਤੇ ਔਖਾ ਨਹੀਂ ਬਣਾ ਦਿੰਦੀ? ਜਿਹੜੀ ਗੱਲ, ਨੁਕਤਾ, ਬੱਚਾ ਆਪਣੀ ਮਾਤ-ਬੋਲੀ ਵਿੱਚ ਆਸਾਨੀ ਨਾਲ ਸਮਝ ਸਕਦਾ ਹੈ, ਉਹ ਦੂਸਰੀ ਭਾਸ਼ਾ ਵਿੱਚ ਹੋਰ ਔਖਾ ਤੇ ਮੁਸ਼ਕਲ ਨਹੀਂ ਹੋ ਜਾਂਦਾ? ਹੋਣਹਾਰ ਵਿਦਿਆਰਥੀ ਸਿਰਫ਼ ਪਰਾਈ ਭਾਸ਼ਾ ਦੇ ਬੋਝ ਹੇਠ ਦੱਬ ਕੇ ਪੱਛੜ ਨਹੀਂ ਜਾਂਦੇ? ਮਾਤ-ਭਾਸ਼ਾ ਵਿੱਚ ਵਿਚਾਰਾਂ ਦਾ ਅਦਾਨ-ਪ੍ਰਦਾਨ, ਆਪਣੇ ਸੱਭਿਆਚਾਰ, ਆਪਣੇ ਇਤਿਹਾਸ, ਮਿਥਿਹਾਸ ਨੂੰ ਸਮਝਣਾ ਸਮਝਾਉਣਾ ਵਧੇਰੇ ਅਸਾਨ ਨਹੀਂ ਹੁੰਦਾ? ਮਾਤ-ਭਾਸ਼ਾ ਵਿੱਚ ਮਾਤਾ-ਪਿਤਾ ਤੋਂ ਮਿਲੀ ਗੁੜ੍ਹਤੀ ਵਿੱਚ ਜਿਹੜੇ ਤੱਤ ਮੌਜੂਦ ਹੁੰਦੇ ਹਨ ਉਹ ਕਿਸੇ ਹੋਰ ਭਾਸ਼ਾ ਵਿੱਚ ਉਪਲਬਦ ਹੋ ਸਕਦੇ ਹਨ? ਖ਼ਾਨਦਾਨੀ, ਪੀੜ੍ਹੀ-ਦਰ-ਪੀੜ੍ਹੀ ਤੁਰੀਆਂ ਆਉਂਦੀਆਂ ਵਿਲੱਖਣਤਾਵਾਂ, ਉਨ੍ਹਾਂ ਦੇ ਬਿੰਬ ਅਤੇ ਪਛਾਣ ਮਾਤ-ਭਾਸ਼ਾ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਰਾਹੀਂ ਸਾਡੇ ਤਕ ਪੁੱਜ ਸਕਦੇ ਹਨ? ਸ਼ਾਇਦ ਇਹ ਕਿਸੇ ਹੋਰ ਭਾਸ਼ਾ ਵਿੱਚ ਸੰਭਵ ਹੀ ਨਹੀਂ। ਜੇ ਇਹ ਕਹਿ ਦਿੱਤਾ ਜਾਵੇ ਕਿ ਮਾਤ-ਭਾਸ਼ਾ ਹੀ ਸੰਸਾਰ ਨੂੰ ਨਵੀਂ ਦ੍ਰਿਸ਼ਟੀ ਤੋਂ ਇਸ ਸ੍ਰਿਸ਼ਟੀ ਨੂੰ ਵੇਖਣ, ਸਮਝਣ ਤੇ ਘੋਖਣ ਦਾ ਢੰਗ ਵਿਕਸਿਤ ਕਰ ਸਕਦੀ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਲੰਮੀ ਗ਼ੁਲਾਮੀ ਕਰ ਕੇ ਸਾਨੂੰ ਦੂਸਰੀਆਂ ਭਾਸ਼ਾਵਾਂ ਵਿੱਚ ਦੂਸਰੀ ਦੁਨੀਆਂ ਦੇ ਸਿਰਜਤ ਸੁਪਨਿਆਂ ਅਤੇ ਉਨ੍ਹਾਂ ਦੇ ਅਣਪਛਾਤੇ ਸੰਸਾਰ ਨੂੰ ਵੇਖਣ ਲਈ ਪ੍ਰੇਰਿਆ ਜਾਂਦਾ ਰਿਹਾ। ਸਾਨੂੰ ਗ਼ੁਲਾਮ ਬਣਾਉਣ ਵਾਲਿਆਂ ਨੇ ਆਪਣੀ ਸੱਭਿਅਤਾ ਦੇ ਨਾਲ-ਨਾਲ ਆਧੁਨਿਕਤਾ ਦਾ ਅਜਿਹਾ ਸੰਸਾਰ ਪੇਸ਼ ਕੀਤਾ ਕਿ ਸਾਡੀਆਂ ਨਜ਼ਰਾਂ ਉਹੋ ਕੁਝ ਵੇਖਣ ਲਈ ਵਿਆਕੁਲ ਹੋ ਗਈਆਂ ਤੇ ਅਸੀਂ ਆਪਣਾ ਅਮੀਰ ਵਿਰਸਾ ਤੇ ਜ਼ਮੀਨ ਨਾਲ ਜੁੜੀ ਸੱਭਿਅਤਾ ਨੂੰ ਅੱਖੋਂ-ਪਰੋਖੇ ਕਰਦੇ ਗਏ । ਅਸੀਂ ਆਪਣੀ ਸੱਭਿਆਚਾਰਕ ਅਮੀਰੀ ਨੂੰ ਅਜਾਇਬ ਘਰਾਂ ਤੇ ਨੁਮਾਇਸ਼ਾਂ ਤਕ ਹੀ ਸੀਮਿਤ ਕਰ ਲਿਆ।

ਜਿਵੇਂ ਲੈਲਾ ਲਈ ਦੀਵਾਨੇ ਮਜਨੂੰ ਨੂੰ ਕਿਸੇ ਨੇ ਪੁੱਛਿਆ ਸੀ ਕਿ ਜਿਸਨੂੰ 'ਲੈਲਾ-ਲੈਲਾ' ਪੁਕਾਰਦਾ ਫਿਰਦਾ ਹੈਂ, ਉਹ ਤਾਂ ਕਾਲੀ-ਕਲੂਟੀ-ਬਦਸੂਰਤ ਜਿਹੀ ਹੈ। ਅਜਿਹਾ ਕੀ ਹੈ ਉਸ ਵਿੱਚ, ਜਿਸ ਲਈ ਤੂੰ ਪਾਗਲ ਹੋਇਆ ਫਿਰਦਾ ਹੈਂ? ਤਾਂ ਮਜਨੂੰ ਨੇ ਜਵਾਬ ਦਿੱਤਾ ਸੀ ਕਿ ਤੂੰ ਲੈਲਾ ਨੂੰ ਆਪਣੀ ਨਹੀਂ ਮੇਰੀ ਅੱਖ ਨਾਲ ਵੇਖ, ਫਿਰ ਤੈਨੂੰ ਪਤਾ ਲੱਗੇਗਾ ਕਿ



ਲੈਲਾ ਕੀ ਹੈ? ਸੋ ਗੱਲ ਤਾਂ ਆਪਣੀ ਅੱਖ ਯਾਨੀ ਇਸ ਸੰਸਾਰ ਨੂੰ ਆਪਣੀ ਮਾਤ-ਭਾਸ਼ਾ ਦੀ ਨਜ਼ਰ ਤੇ ਨਜ਼ਰੀਏ ਤੋਂ ਵੇਖਣ ਦੀ ਹੈ।

ਜਦੋਂ ਵੀ ਕੋਈ ਮੁਲਕ, ਦੂਸਰੇ ਮੁਲਕ ਨੂੰ ਗ਼ੁਲਾਮ ਬਣਾਉਂਦਾ ਹੈ ਤਾਂ ਉਹ ਸਭ ਤੋਂ ਪਹਿਲੋਂ ਉਸ ਮੁਲਕ ਦੀਆਂ ਸੱਭਿਆਚਾਰਕ ਜੜ੍ਹਾਂ ਉੱਤੇ ਹਮਲਾ ਕਰਦਾ ਹੈ। ਉਹ ਉਸ ਮੁਲਕ ਦੀ ਭਾਸ਼ਾ ਦੀ ਕੀਮਤ ਉਨ੍ਹਾਂ ਹੀ ਦੇਸ਼ ਵਾਸੀਆਂ ਦੀਆਂ ਨਜ਼ਰਾਂ ਵਿੱਚ ਘਟਾਉਂਦਾ ਹੈ। ਉਨ੍ਹਾਂ ਦੀ ਭਾਸ਼ਾ ਨੂੰ ਨਿਮਨ ਦਰਜੇ ਦੀ ਦੱਸ ਕੇ ਜਾਂ ਇਸ ਗੱਲ ਦਾ ਅਹਿਸਾਸ ਕਰਾ ਕੇ ਆਪਣੀ ਹੀ ਮਾਤ-ਭਾਸ਼ਾ ਪ੍ਰਤੀ ਹੀਣ-ਭਾਵਨਾ ਤੇ ਨਫ਼ਰਤ ਤਕ ਪੈਦਾ ਕਰਦਾ ਹੈ ਅਤੇ ਉਸ ਦੇਸ਼ ਦੇ ਵਾਸੀ ਆਪਣੀ ਹੀ ਮਾਤ-ਭਾਸ਼ਾ ਨੂੰ ਬੋਝ, ਪਛੜੀ ਤੇ ਬੇਮੁੱਲੀ ਜਿਹੀ ਸਮਝਣ ਲੱਗਦੇ ਹਨ। ਉਹ ਦੇਸ਼ਵਾਸੀ ਆਪ ਹੀ ਗ਼ੈਰ-ਮੁਲਕ ਦੀ ਭਾਸ਼ਾ ਤੇ ਉਸ ਦੇ ਸੱਭਿਆਚਾਰ ਦਾ ਗੁਣਗਾਨ ਕਰਨ ਲੱਗਦੇ ਹਨ। ਪਰਾਈ ਸੱਭਿਅਤਾ ਦੇ ਰੰਗ ਵਿੱਚ ਰੰਗ ਕੇ ਆਪਣੇ-ਆਪ ਨੂੰ ਆਧੁਨਿਕ ਅਖਵਾਉਣ ਲੱਗਦੇ ਹਨ। ਫਿਰ ਜਦੋਂ ਅਸੀਂ ਆਪਣਾ-ਆਪ, ਪਰਾਈ ਭਾਸ਼ਾ ਤੇ ਸੱਭਿਅਤਾ ਰਾਹੀਂ ਪ੍ਰਦਰਸ਼ਿਤ ਕਰਨ ਲੱਗ ਪੈਂਦੇ ਹਾਂ, ਉਸ ਵਿੱਚ ਹੀ ਮਾਣ ਮਹਿਸੂਸ ਕਰਨ ਲੱਗਦੇ ਹਾਂ ਅਤੇ ਦੂਸਰਿਆਂ ਨੂੰ ਵੀ ਪ੍ਰੇਰਿਤ ਕਰਨ ਲੱਗਦੇ ਹਾਂ ਜਾਂ ਇਹ ਗੱਲ ਮਾਣ ਨਾਲ ਦੱਸਣ ਲੱਗਦੇ ਹਾਂ ਕਿ ਸਾਡਾ ਬੱਚਾ ਤਾਂ ਪਰਾਈ ਭਾਸ਼ਾ ਕਿੰਨੇ ਸਾਫ਼-ਸੁਥਰੇ ਢੰਗ ਨਾਲ ਬੋਲ ਲੈਂਦਾ ਹੈ, ਸਮਝ ਲੈਂਦਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਆਪ ਹੀ ਆਪਣੀਆਂ ਜੜ੍ਹਾਂ ਉੱਤੇ ਕੁਹਾੜਾ ਚਲਾ ਲਿਆ ਹੈ, ਅਸੀਂ ਆਪ ਹੀ ਆਪਣੀ ਸੱਭਿਅਤਾ ਨੂੰ ਜੜ੍ਹੋਂ ਪੁੱਟਣ ਦਾ ਘਟੀਆ ਕੰਮ ਕਰ ਲਿਆ ਹੈ, ਅਸੀਂ ਆਪ ਹੀ ਆਪਣੇ ਆਪ ਨੂੰ ਆਪਣੀ ਮਾਤ-ਭਾਸ਼ਾ ਅਤੇ ਮਾਤ-ਸੱਭਿਅਤਾ ਤੋਂ ਅਲੱਗ ਕਰ ਕੇ ਅਖੌਤੀ ਸੱਭਿਅਕ ਵਰਗ ਵਿੱਚ ਸ਼ਾਮਲ ਕਰ ਲਿਆ ਹੈ। ਅਸੀਂ ਆਪਣੇ ਆਪ, ਆਪਣੀ ਸੱਭਿਅਤਾ ਉੱਤੇ ਪਰਾਈ ਸੱਭਿਅਤਾ ਦੀ ਪਿਉਂਦ ਚਾੜ੍ਹ ਲਈ ਹੈ।

ਮਾਤ-ਭਾਸ਼ਾ ਵਿੱਚ ਜਿਹੜੇ ਲੋਕ-ਗੀਤ, ਲੋਕ-ਕਹਾਣੀਆਂ, ਲੋਕ-ਕਹਾਵਤਾਂ, ਮੁਹਾਵਰੇ, ਬੁਝਾਰਤਾਂ ਜਾਂ ਸ਼ਕਤੀਆਂ ਹੁੰਦੀਆਂ ਹਨ, ਕੀ ਉਹ ਹੋਰ ਕਿਸੇ ਭਾਸ਼ਾ ਵਿੱਚ ਹੋ ਸਕਦੀਆਂ ਹਨ? ਮੰਨ ਲਓ ਜੇ ਹੋਣ ਵੀ ਤਾਂ ਕੀ ਉਹ ਸਾਡੇ ਸੱਭਿਆਚਾਰ ਅਤੇ ਜੀਵਨ ਨਾਲ ਮੇਲ ਖਾ ਸਕਦੀਆਂ ਹਨ? ਸਾਡੀ ਜੀਵਨ ਸ਼ੈਲੀ, ਜੀਵਨ ਪੱਧਰ ਉੱਤੇ ਜਿਊਣ ਦੇ ਅੰਦਾਜ਼ ਨਾਲ ਢੁਕ ਸਕਦੀਆਂ ਹਨ? ਕੀ ਉਹ ਸਾਡੀ ਮਿੱਟੀ ਤੇ ਪੌਣਪਾਣੀ ਦੀ ਤਾਸੀਰ ਨਾਲ ਮੇਲ ਖਾ ਸਕਦੀਆਂ ਹਨ? ਅਸੀਂ ਪੀੜ੍ਹੀ-ਦਰ-ਪੀੜ੍ਹੀ ਜਿਸ ਸਮਾਜ ਵਿੱਚ ਵਿਚਰਦੇ

ਆਏ ਹਾਂ, ਜਿਸ ਕੁਦਰਤੀ ਅਤੇ ਮਨੋਵਿਗਿਆਨਕ ਮਾਹੌਲ ਵਿੱਚ ਰਚੇ-ਵੱਸੇ ਹੋਏ ਹਾਂ, ਕੁਦਰਤ ਨਾਲ ਜਿਹੜੀ ਸਾਂਝ ਬਣਾਈ ਹੈ ਅਤੇ ਉਸਨੂੰ ਆਪਣੀ ਰਗ-ਰਗ ਵਿੱਚ ਸਮੋਇਆ ਹੈ, ਉਸ ਸਾਂਝ ਨੇੜਤਾ ਤੇ ਆਪਣੇਪਣ ਨੂੰ ਜਿੰਨੀ ਸ਼ਿੱਦਤ, ਪੁਖ਼ਤਗੀ ਤੇ ਧਾਰਮਿਕ ਢੰਗ ਨਾਲ ਅਸੀਂ ਆਪਣੀ ਮਾਤ-ਬੋਲੀ ਵਿੱਚ ਬਿਆਨ ਕਰ ਸਕਦੇ ਹਾਂ, ਕੀ ਇਹ ਸਭ ਕਿਸੇ ਹੋਰ ਭਾਸ਼ਾ ਜਾਂ ਬੋਲੀ ਵਿੱਚ ਕੀਤਾ ਜਾ ਸਕਦਾ ਹੈ? ਮੌਲਿਕ ਲੇਖਣੀ ਜਿਸ ਡੂੰਘਾਈ, ਤੀਬਰਤਾ, ਸੂਖਮਤਾ ਅਤੇ ਆਪਣੀ ਜ਼ਮੀਨ ਨਾਲ ਜੁੜ ਕੇ ਆਪਣੀ ਮਾਤ-ਭਾਸ਼ਾ ਵਿੱਚ ਕੀਤਾ ਜਾ ਸਕਦਾ ਹੈ, ਸ਼ਾਇਦ ਏਨਾ ਕਿਸੇ ਦੂਸਰੀ ਭਾਸ਼ਾ ਵਿੱਚ ਕਦੇ ਵੀ ਨਹੀਂ ਹੋ ਸਕਦਾ।

ਪੈਦਾ ਹੁੰਦਿਆਂ ਹੀ ਬੱਚੇ ਦਾ ਆਪਣੇ ਚੌਗਿਰਦੇ ਅਤੇ ਪ੍ਰਕਿਰਤੀ ਨਾਲ ਇਕ ਸੰਬੰਧ ਸਥਾਪਤ ਹੋ ਜਾਂਦਾ ਹੈ। ਉਹ ਆਪਣੇ ਵਾਤਾਵਰਨ, ਵਿਸ਼ੇਸ਼ ਮਾਹੌਲ ਦੇ ਨਾਲ-ਨਾਲ ਆਪਣੀ ਮਾਤ-ਭਾਸ਼ਾ ਨਾਲ ਹੀ ਜੁੜਣਾ ਸ਼ੁਰੂ ਹੋ ਜਾਂਦਾ ਹੈ। ਜੋੜਨ ਵਾਲੀਆਂ ਇਹ ਤੰਦਾਂ ਹੌਲੀ-ਹੌਲੀ ਮਜ਼ਬੂਤ ਤੇ ਪੀਡੀਆਂ ਹੁੰਦੀਆਂ ਜਾਂਦੀਆਂ ਹਨ। ਜਦੋਂ ਤਕ ਬੱਚੇ ਨੂੰ ਅੱਖਰ ਗਿਆਨ ਨਹੀਂ ਹੋ ਜਾਂਦਾ, ਉਹ ਮੌਖਿਕ ਲੈਅ ਰਾਹੀਂ ਹੀ ਆਪਣੇ ਆਲੇ-ਦੁਆਲੇ ਨਾਲ, ਆਪਣੇ ਆਪ ਨੂੰ ਇਕਮਿਕ ਕਰਦਾ ਜਾਂਦਾ ਹੈ। ਬਹੁਤ ਕੁਝ ਉਹ ਆਪੇ ਹੀ ਸਹਿਜ ਰੂਪ ਵਿੱਚ ਅਰਜਿਤ ਕਰਦਾ ਜਾਂਦਾ ਹੈ, ਜਿਸ ਨੂੰ ਘਰਦਿਆਂ ਨੇ ਕਦੇ ਵੀ ਉਚੇਚੇ ਤੌਰ ਉੱਤੇ ਸਿਖਾਇਆ ਨਹੀਂ ਹੁੰਦਾ। ਇਹੋ ਉਹ ਤੰਦਾਂ ਹੁੰਦੀਆਂ ਹਨ ਜਿਹੜੀਆਂ ਉਸ ਦੇ ਲਹੂ ਨਾਲ ਸੰਬੰਧ ਸਥਾਪਤ ਕਰ ਲੈਂਦੀਆਂ ਹਨ ਅਤੇ ਉਸ ਨੂੰ ਆਪਣੀ ਸੱਭਿਅਤਾ, ਆਪਣੇ ਆਲੇ-ਦੁਆਲੇ ਅਤੇ ਮਾਤ-ਭਾਸ਼ਾ ਨਾਲ ਸਦੀਵੀ ਤੌਰ ਉੱਤੇ ਜੋੜ ਦਿੰਦੀਆਂ ਹਨ, ਜਿਸ ਵਿੱਚ ਉਹ ਆਤਮ-ਵਿਸ਼ਵਾਸ ਹੀ ਨਹੀਂ ਸਗੋਂ ਮਾਣ-ਮੱਤਾ ਵੀ ਮਹਿਸੂਸ ਕਰਦਾ ਹੈ। ਆਪਣੇ ਆਲੇ-ਦੁਆਲੇ ਅਤੇ ਕੁਦਰਤ ਨਾਲ ਕੀਤੇ ਸੰਘਰਸ਼ ਅਤੇ ਸਥਾਪਤ ਕੀਤੇ ਤਾਲਮੇਲ ਤੇ ਸਾਂਝ ਨੇ ਉਸ ਅੰਦਰ ਜਿਹੜਾ ਜੁੜਾਅ ਪੈਦਾ ਕੀਤਾ ਹੁੰਦਾ ਹੈ, ਉਸ ਦੀਆਂ ਗੰਢਾਂ ਬਹੁਤ ਮਜ਼ਬੂਤ ਹੁੰਦੀਆਂ ਹਨ। ਬਸ ਇਹੋ ਉਹ ਨਾਜ਼ਕ ਥਾਂ ਹੈ ਜਿੱਥੇ ਉਸ ਮੁਲਕ ਨੂੰ ਗ਼ੁਲਾਮ ਬਣਾਉਣ ਵਾਲੇ ਜਾਂ ਆਪਣੇ ਸਾਮਰਾਜ ਫੈਲਾਉਣ ਵਾਲੇ 'ਹਮਲਾ' ਕਰਦੇ ਹਨ। ਸਾਨੂੰ ਬੜੇ ਸਲੀਕੇ ਨਾਲ ਆਪਣੀਆਂ ਜੜ੍ਹਾਂ ਤੋਂ ਕੱਟ ਕੇ ਆਪਣੀ ਸੱਭਿਅਤਾ ਤੇ ਆਪਣੀ ਭਾਸ਼ਾ ਦੀ 'ਪਿਉਂਦ' ਲਾਉਂਦੇ ਹਨ। ਉਨ੍ਹਾਂ ਵੱਲੋਂ ਆਪਣੇ ਅਖੌਤੀ ਆਧੁਨਿਕ ਸੱਭਿਆਚਾਰਕ ਸੁਪਨ ਸੰਸਾਰ ਦੀ ਅਜਿਹੀ ਚਕਾਚੌਂਧ ਵਿਖਾਈ ਜਾਂਦੀ ਹੈ ਕਿ ਅਸੀਂ ਆਪਣਾ ਸਭ ਕੁਝ ਭੁੱਲ ਕੇ, ਸਭ



ਕੁਝ ਛੱਡ ਕੇ ਉਨ੍ਹਾਂ ਦੇ ਮਗਰ ਲੱਗ ਜਾਂਦੇ ਹਾਂ। ਇੱਕ ਤਰ੍ਹਾਂ ਨਾਲ 'ਐਡਿਕਟਿਡ ਹੋ ਕੇ ਗ਼ੁਲਾਮ ਹੋ ਜਾਂਦੇ ਹਾਂ। ਫਿਰ ਜਦੋਂ ਉਨ੍ਹਾਂ ਦਾ ਸੱਭਿਆਚਾਰ ਅਤੇ ਭਾਸ਼ਾ ਸਾਡਾ 'ਸਟੇਟਸ ਸਿੰਬਲ' ਬਣ ਜਾਂਦਾ ਹੈ ਫਿਰ ਤਾਂ ਅਸੀਂ ਉਨ੍ਹਾਂ ਦੀ ਘੁੜ-ਦੌੜ ਦੇ ਘੋੜੇ ਬਣ ਕੇ ਇਸ ਅੰਤਹੀਣ ਦੌੜ ਵਿੱਚ ਸ਼ਾਮਲ ਹੋ ਜਾਂਦੇ ਹਾਂ ਤੇ ਆਪਣਾ ਸਭ ਕੁਝ ਗੁਆ ਬੈਠਦੇ ਹਾਂ। ਫਿਰ ਨਾ ਤਾਂ ਸਾਡਾ ਆਪਣੀ ਸੱਭਿਅਤਾ ਨਾਲ ਕੋਈ ਰਾਗਮਈ ਸੰਬੰਧ ਸਥਾਪਤ ਹੁੰਦਾ ਹੈ ਅਤੇ ਨਾ ਹੀ ਸਾਡੇ ਸਾਹਿਤ ਅਤੇ ਹੋਰ ਕਲਾਵਾਂ ਦਾ ਸਹੀ ਤੇ ਸੁੱਚਾ-ਵਿਕਾਸ ਹੋ ਸਕਦਾ ਹੈ। ਮਾਤ-ਭਾਸ਼ਾ ਵਿੱਚ ਜਿਹੜੀ ਕਲਪਨਾਸ਼ੀਲ਼ਤਾ, ਮਿੱਟੀ ਦੀ ਤਾਸੀਰ, ਗੰਧ ਤੇ ਨਾੜੂਏ ਨਾਲ ਜੁੜਨ ਵਰਗਾ ਸੰਬੰਧ ਹੈ, ਉਹ ਪਰਾਈ ਭਾਸ਼ਾ ਵਿੱਚ ਹੋ ਹੀ ਨਹੀਂ ਸਕਦਾ। ਇਸ ਲਈ ਆਪਣੀ ਭਾਸ਼ਾ ਤੇ ਸੱਭਿਆਚਾਰ ਦੀਆਂ ਜੜ੍ਹਾਂ ਨਾਲ ਜੁੜ ਕੇ ਸਾਨੂੰ ਆਪਣੀ ਮਾਂ ਦੀ ਗੋਦ ਵਿੱਚ ਬੈਠਣ ਵਰਗਾ ਸਕੂਨ ਹਾਸਲ ਹੁੰਦਾ ਹੈ ਜੋ ਹੋਰ ਕਿਧਰੇ ਹੋ ਹੀ ਨਹੀਂ ਸਕਦਾ। ਪਰਾਈ ਭਾਸ਼ਾ ਦਾ ਮੂਲ ਸਰੋਤ, ਉਸ ਦੀ ਮੂਲ ਸੱਤਾ, ਉਸ ਦੀਆਂ ਜੜ੍ਹਾਂ, ਉਸ ਦਾ ਸੱਤਾ ਕੇਂਦਰ ਕਿਧਰੇ ਹੋਰ ਹੀ ਹੁੰਦਾ ਹੈ। ਇਸ ਲਈ ਉਸ 'ਮਾਂ' ਤੋਂ ਪੂਰੇ ਹੋਣ ਵਾਲੇ ਮਨੋਰਥਾਂ ਦੀ ਪੂਰਤੀ ਸੰਭਵ ਨਹੀਂ ਹੁੰਦੀ।

ਵਿਸ਼ੇਸ਼ ਕਰਕੇ ਇਸ ਗਲੋਬਲਾਈਜੇਸ਼ਨ ਅਤੇ ਬਾਜ਼ਾਰਵਾਦ ਤੇ ਖਪਤਵਾਦ ਦੇ ਦੌਰ ਵਿੱਚ ਕਿਸੇ ਵਿਸ਼ੇਸ਼ ਖ਼ਿੱਤੇ ਨੂੰ ਆਪਣਾ 'ਬਾਜ਼ਾਰ' ਬਣਾ ਕੇ ਆਪਣਾ ਮਾਲ (ਪ੍ਰਾਡਕਟ) ਵੇਚਣ ਲਈ ਉਹ ਮਲਟੀ ਨੈਸ਼ਨਲ ਕੰਪਨੀਆਂ (ਐਮ.ਐਨ.ਸੀ.) ਪਹਿਲੋਂ ਉਸ ਵਿਸ਼ੇਸ਼ ਖ਼ਿੱਤੇ ਦੇ ਸੱਭਿਆਚਾਰ ਦਾ ਸਰਵੇ ਕਰਾਉਂਦੀਆਂ ਹਨ, ਉਨ੍ਹਾਂ ਦੀਆਂ ਸੱਭਿਆਚਾਰਕ ਲੋੜਾਂ ਦੀ ਸੂਚੀ ਤਿਆਰ ਕਰਾਉਂਦੀਆਂ ਹਨ, ਫਿਰ ਉੱਥੋਂ ਦੇ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਆਪਣੇ 'ਉਤਪਾਦ' ਬਾਜ਼ਾਰ ਵਿੱਚ ਭੇਜਦੀਆਂ ਹਨ। ਇਹ ਸਭ ਉੱਥੋਂ ਦੇ ਹੀ ਲੋਕਾਂ ਰਾਹੀਂ, ਉੱਥੋਂ ਦੀ ਭਾਸ਼ਾ ਵਿੱਚ, ਉੱਥੋਂ ਦੀ ਲੋਕ ਸੰਸਕ੍ਰਿਤੀ ਤੇ ਲੋਕ ਸੱਭਿਆਚਾਰ ਨੂੰ ਸਮਝਣ ਉਪਰੰਤ ਹੀ ਕੀਤਾ ਜਾਂਦਾ ਹੈ।

ਇਸਦੇ ਨਾਲ-ਨਾਲ ਇਹ ਪੂੰਜੀਵਾਦੀ ਨਿਵੇਸ਼ਕ ਉਸ ਵਿਸ਼ੇਸ਼ ਖ਼ਿੱਤੇ ਦੇ ਉਸ ਵਰਗ ਦੀ ਭਾਲ ਵੀ ਕਰ ਲੈਂਦਾ ਹੈ ਜਿਹੜਾ ਉਧਾਰੀ ਭਾਸ਼ਾ, ਉਧਾਰੇ ਸੱਭਿਆਚਾਰ ਅਤੇ ਵੱਖਰੇ 'ਸਟੇਟਸ ਸਿੰਬਲ' ਵਾਲੀ ਜੀਵਨ ਸ਼ੈਲੀ ਜਿਊਂਦਾ ਹੈ। ਪਰ ਵਧੇਰੇ ਲਾਭ ਉਹ ਉੱਥੋਂ ਦੀ ਮਾਤ-ਭਾਸ਼ਾ ਤੇ ਲੋਕ-ਸੱਭਿਆਚਾਰ ਨਾਲ ਹੀ ਜੁੜ ਕੇ ਪ੍ਰਾਪਤ ਕਰਦਾ ਹੈ। ਇੱਥੋਂ ਹੀ ਗੱਲ ਧਿਆਨ ਰੱਖਣ ਯੋਗ ਹੈ ਕਿ ਇਸ ਪੂੰਜੀਵਾਦ ਅਤੇ ਬਾਜ਼ਾਰਵਾਦ ਦੇ ਦੌਰ ਵਿੱਚ ਉਸ ਦੀ ਮਾਤ-ਭਾਸ਼ਾ

ਤੇ ਲੋਕ ਸੱਭਿਆਚਾਰ ਨਾਲ ਰੁਚੀ ਸਿਰਫ਼ ਤੇ ਸਿਰਫ਼ ਆਪਣਾ ਮਾਲ ਵੇਚ ਕੇ ਮੁਨਾਫ਼ਾ ਕਮਾਉਣ ਤਕ ਹੀ ਹੁੰਦੀ ਹੈ, ਉਸਨੂੰ ਮਾਤ-ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਜਾਂ ਸੱਭਿਆਚਾਰਕ ਸਰੋਕਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਉਸ ਨੇ ਉਸ ਸੱਭਿਆਚਾਰ ਨਾਲ ਜੁੜੀ ਹਰ ਉਸ ਚੀਜ਼ ਵਿੱਚੋਂ ਮੁਨਾਫ਼ਾ ਹੀ ਹਾਸਲ ਕਰਨਾ ਹੁੰਦਾ ਹੈ ਅਤੇ ਉਸ ਦੇ ਪਰਦੇ ਹੇਠ ਆਪਣੀ ਭਾਸ਼ਾ ਤੇ ਰਸਮੋ-ਰਿਵਾਜਾਂ ਦਾ ਹੀ ਪ੍ਰਚਾਰ ਤੇ ਪ੍ਰਸਾਰ ਕਰਨਾ ਹੁੰਦਾ ਹੈ।

ਇੱਥੇ ਇਕ ਸਵਾਲ ਪੈਦਾ ਹੁੰਦਾ ਹੈ- ਜੇ ਚੀਨ ਦੇ ਲੋਕ ਚੀਨੀ ਭਾਸ਼ਾ ਵਿੱਚ, ਰੂਸ ਦੇ ਰੂਸੀ ਵਿੱਚ, ਜਰਮਨ ਦੇ ਜਰਮਨੀ ਵਿੱਚ, ਫਰਾਂਸ ਦੇ ਫਰਾਂਸੀਸੀ ਵਿੱਚ, ਜਪਾਨ ਦੇ ਜਪਾਨੀ ਵਿੱਚ ਸਿੱਖਿਆ ਪ੍ਰਾਪਤ ਕਰਕੇ ਵਿਕਸਿਤ ਮੁਲਕਾਂ ਦੀ ਸ਼੍ਰੇਣੀ ਵਿੱਚ ਆ ਸਕਦੇ ਹਨ ਤਾਂ ਅਸੀਂ ਆਪਣੀ ਮਾਤ-ਭਾਸ਼ਾ ਵਿੱਚ ਸਿੱਖਿਆ ਪ੍ਰਾਪਤ ਕਰਕੇ ਤਰੱਕੀ ਕਿਉਂ ਨਹੀਂ ਕਰ ਸਕਦੇ?

ਇਸ ਲੇਖ ਵਿੱਚ ਵਾਰ-ਵਾਰ ਮਾਤ-ਭਾਸ਼ਾ ਰਾਹੀਂ ਸਿੱਖਿਆ ਪ੍ਰਾਪਤੀ ਉੱਤੇ ਜ਼ੋਰ ਅਤੇ ਦਲੀਲਾਂ ਦੇਣ ਦਾ ਅਰਥ ਇਹ ਬਿਲਕੁਲ ਵੀ ਨਹੀਂ ਕਿ ਅਸੀਂ ਆਪਣੀ ਮਾਤ-ਭਾਸ਼ਾ ਤੋਂ ਬਿਨਾਂ ਹੋਰ ਕਿਸੇ ਭਾਸ਼ਾ ਨੂੰ ਸਿੱਖੀਏ ਹੀ ਨਾ। ਅਜੋਕੇ ਭੂ-ਮੰਡਲੀਕਰਨ ਦੇ ਦੌਰ ਵਿੱਚ ਸਾਡੇ ਲਈ ਵਿਸ਼ਵ-ਪੱਧਰੀ ਇਤਿਹਾਸ, ਭੂਗੋਲ, ਵਿਗਿਆਨ, ਸਮਾਜ ਸ਼ਾਸਤਰ, ਅਰਥ-ਸ਼ਾਸਤਰ ਅਤੇ ਰਾਜਨੀਤੀ ਆਦਿ ਦਾ ਗਿਆਨ ਪ੍ਰਾਪਤ ਕਰਨਾ ਬੇਹੱਦ ਲਾਜ਼ਮੀ ਹੋ ਗਿਆ ਹੈ। ਇਸ ਲਈ ਆਪਣੀ ਮਾਤ-ਭਾਸ਼ਾ ਤੋਂ ਬਿਨਾਂ ਜਿੰਨੀਆਂ ਵੀ ਭਾਸ਼ਾਵਾਂ ਦਾ ਗਿਆਨ ਇਕੱਠਾ ਕੀਤਾ ਜਾ ਸਕਦਾ ਹੈ ਉਹ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਹੈ, ਤਾਂ ਹੀ ਤਾਂ ਅਸੀਂ ਦੂਸਰੇ ਰਾਜਾਂ, ਦੇਸ਼ਾਂ ਦੇ ਸਾਹਿਤ, ਤਕਨਾਲੋਜੀ, ਪਰੰਪਰਾਵਾਂ, ਵਿਸ਼ੇਸ਼ਤਾਵਾਂ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਸਿਰਜਨਾਤਮਿਕਤਾ ਬਾਰੇ ਜਾਣਕਾਰੀ ਹਾਸਲ ਕਰ ਸਕਾਂਗੇ। ਸਾਡੇ ਗਿਆਨ ਅਤੇ ਸੋਚ ਦਾ ਘੇਰਾ ਓਨਾ ਹੀ ਵਿਸ਼ਾਲ ਅਤੇ ਮੋਕਲਾ ਹੋ ਸਕੇਗਾ, ਅਸੀਂ ਅਜੋਕੇ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਸਮੇਂ ਦੇ ਹਾਣੀ ਬਣ ਕੇ ਉਸ ਮੁਕਾਬਲੇ ਵਿੱਚ ਹਿੱਸਾ ਲੈ ਸਕਾਂਗੇ। ਅਜੋਕੇ ਸੂਚਨਾ ਤਕਨਾਲੋਜੀ ਦੇ ਯੁੱਗ ਵਿੱਚ ਜੇ ਅਸੀਂ ਆਪਣੀ ਮਾਤ-ਭਾਸ਼ਾ ਤੋਂ ਬਿਨਾਂ ਅੰਗਰੇਜ਼ੀ, ਹਿੰਦੀ, ਉਰਦੂ ਜਾਂ ਹੋਰ ਭਾਸ਼ਾਵਾਂ ਦਾ ਗਿਆਨ ਨਹੀਂ ਰੱਖਾਂਗੇ ਤਾਂ ਅਸੀਂ ਪੱਛੜ ਜਾਵਾਂਗੇ। ਪਰ ਖ਼ਿਆਲ ਇਸ ਗੱਲ ਦਾ ਰੱਖਣਾ ਹੈ ਕਿ ਅਸੀਂ ਆਪਣੀ ਮਾਤ-ਭਾਸ਼ਾ ਉੱਤੇ ਉਨ੍ਹਾਂ ਭਾਸ਼ਾਵਾਂ ਨੂੰ ਹਾਵੀ ਨਹੀਂ ਹੋਣ ਦੇਣਾ। ਉਨ੍ਹਾਂ ਦਾ ਗ਼ੁਲਾਮ ਨਹੀਂ ਹੋ ਜਾਣਾ। ਪਰਾਈ ਭਾਸ਼ਾ ਨੂੰ ਤਰਜੀਹ ਨਹੀਂ ਦੇਣ ਲੱਗ ਪੈਣਾ। ਅਸੀਂ ਪਰਾਈ ਭਾਸ਼ਾ ਤੇ ਸੱਭਿਆਚਾਰ ਕਰਕੇ ਆਪਣੇ ਆਪ



ਵਿੱਚ ਹੀਣ-ਭਾਵਨਾ ਪੈਦਾ ਨਹੀਂ ਹੋਣ ਦੇਣੀ।

ਮਾਤ-ਭਾਸ਼ਾ ਰਾਹੀਂ ਹੀ ਸਾਡੇ ਸੱਭਿਆਚਾਰ ਦਾ ਬਚਾਅ ਹੋ ਸਕਦਾ ਹੈ। ਅਲੋਪ ਹੋ ਰਹੀਆਂ ਭਾਸ਼ਾਵਾਂ ਦੇ ਸੰਕਟ ਤੋਂ ਆਪਣੀ ਮਾਂ-ਬੋਲੀ ਨੂੰ ਬਚਾਉਣਾ ਸਮੇਂ ਦੀ ਅਹਿਮ ਲੋੜ ਹੈ। ਉਪ-ਬੋਲੀਆਂ ਦੇ ਝਰਨੇ ਮਿਲ ਕੇ ਮਾਤ-ਭਾਸ਼ਾ ਦੇ ਦਰਿਆ ਨੂੰ ਸੁੱਕਣ ਤੋਂ ਬਚਾਉਂਦੇ ਹਨ। ਇਸ ਲਈ ਉਪ-ਬੋਲੀਆਂ ਦੀ ਸਾਂਭ ਵੀ ਅਜੋਕੇ ਸਮੇਂ ਦੀ ਮੰਗ ਹੈ, ਕਿਉਂਕਿ ਮਾਂ-ਬੋਲੀ ਸਾਡੀ ਸੰਸਕ੍ਰਿਤੀ-ਸੱਭਿਆਚਾਰ ਤੋਂ ਜਨਮੀ ਹੈ, ਇਸ ਲਈ ਆਪਣੀ ਸੰਸਕ੍ਰਿਤੀ-ਸੱਭਿਆਚਾਰ ਦਾ ਰੁੱਖ ਹਰਾ-ਭਰਾ ਰੱਖਣ ਲਈ ਆਪਣੀ ਜੰਮਣ-ਭੋਇੰ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਸਾਨੂੰ ਚੌਕਸ ਹੋਣ ਦੀ ਲੋੜ ਹੈ ਕਿ ਇਸ ਸਮੇਂ ਵਿਦੇਸ਼ੀ ਭਾਸ਼ਾ-ਸੰਸਕ੍ਰਿਤੀ ਦੀ ਸਿਉਂਕ ਨੇ ਸਾਡੀਆਂ ਜੜ੍ਹਾਂ ਉੱਤੇ ਹਮਲਾ ਕਰ ਦਿੱਤਾ ਹੈ; ਇਸ ਲਈ ਮਾਤ-ਭਾਸ਼ਾ ਵਿੱਚ ਸਿੱਖਿਆ ਪ੍ਰਾਪਤ ਕਰ ਕੇ ਹੀ ਇਸ ਖ਼ਤਰੇ ਤੋਂ ਬਚਿਆ ਜਾ ਸਕਦਾ ਹੈ। ਇਸ ਵਿੱਚ ਹੀ ਸਾਡੀ ਹੋਂਦ ਦਾ ਬਚਾਅ ਸੰਭਵ ਹੈ।

ਸੰਪਰਕ: 98761-56964

# ਵਿਦਿਆਰਥੀਆਂ 'ਚ ਆਚਰਣ ਉਸਾਰੀ ਤੇ ਨੈਤਿਕ ਵਿਕਾਸ ਕਿਵੇਂ ਕਰੀਏ ?

**ਲਵਜੀਤ ਕੌਰ ਮਾਨ**

ਸਿੱਖਿਆ ਦਾ ਮੁੱਖ ਉਦੇਸ਼ ਇਨਸਾਨ ਨੂੰ ਸੂਝਵਾਨ, ਸੱਭਿਅਕ ਤੇ ਨੇਕੀ ਦੀਆਂ ਰਾਹਾਂ 'ਤੇ ਚੱਲਣ ਵਾਲੇ ਚਰਿੱਤਰਵਾਨ ਇਨਸਾਨ ਬਣਾਉਣਾ ਹੁੰਦਾ ਹੈ ਤੇ ਇਨਸਾਨ ਵਿੱਚ ਮਾਨਵੀ ਗੁਣਾਂ ਦਾ ਵਿਕਾਸ ਕਰਨਾ ਹੈ । ਪਰ ਜਿਵੇਂ-ਜਿਵੇਂ ਸਾਡੇ ਆਲੇ-ਦੁਆਲੇ ਵਿੱਚ ਵਿੱਦਿਆ ਦਾ ਪ੍ਰਸਾਰ ਵਧ ਰਿਹਾ ਹੈ, ਲਗਭਗ ਉਸੇ ਹੀ ਰਫ਼ਤਾਰ ਨਾਲ ਨੌਜਵਾਨ ਵਰਗ ਵਿੱਚ ਚੰਗੇ ਮਾਨਵੀ ਗੁਣਾਂ ਦੀ ਕਮੀ ਆ ਰਹੀ ਹੈ। ਅੱਜ ਦੀ ਸਿੱਖਿਆ, ਸਿਖਿਆਰਥੀਆਂ ਦਾ ਪੂਰਾ ਮਾਰਗ ਦਰਸ਼ਨ ਨਹੀਂ ਕਰ ਰਹੀ । ਆਖਰ ਕਿਉਂ ? ਅੱਜ ਸਾਡੇ ਸਮਾਜ ਵਿੱਚ, ਸਾਡੇ ਆਲੇ-ਦੁਆਲੇ ਵਿੱਚ ਜੋ ਵੀ ਵਾਪਰ ਰਿਹਾ ਹੈ, ਸਾਡੇ ਸਮਾਜ ਵਿੱਚ ਮਾਨਵੀ ਕਦਰਾਂ-ਕੀਮਤਾਂ ਘਟ ਰਹੀਆਂ ਹਨ, ਨੌਜਵਾਨ ਪੀੜ੍ਹੀ ਵਿੱਚ ਅਨੈਤਿਕਤਾ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਸ ਸਭ ਲਈ ਮੇਰੇ ਵਿਚਾਰ ਅਨੁਸਾਰ ਦੁਨਿਆਵੀ ਪੜ੍ਹਾਈਆਂ ਨੂੰ ਧਾਰਮਿਕ ਵਿੱਦਿਆ ਨਾਲ ਨਾ ਜੋੜਨਾ ਹੈ । ਅੱਜ ਸਮਾਜ ਵਿੱਚ ਚੰਗੇ ਸੂਝਵਾਨ ਇਨਸਾਨਾਂ ਦੀ ਹਸਤੀ ਪੈਦਾ ਕਰਨ ਲਈ ਸਾਨੂੰ ਕੁਝ ਪ੍ਰਯਤਨ ਕਰਨ ਦੀ ਲੋੜ ਹੈ ।

ਸਾਨੂੰ ਚਾਹੀਦਾ ਹੈ ਕਿ ਸਕੂਲਾਂ-ਕਾਲਜਾਂ ਵਿੱਚ ਰੱਬੀ ਗਿਆਨ ਦੇ ਨਾਲ-ਨਾਲ ਧਾਰਮਿਕ ਵਿਅਕਤੀਆਂ ਦੇ ਪਾਕ-ਪਵਿੱਤਰ ਜੀਵਨ ਬਾਰੇ ਵੀ ਚਰਚਾ ਕਰੀਏ ਅਤੇ ਵਿਦਿਆਰਥੀਆਂ ਨੂੰ ਦੱਸੀਏ ਕਿ ਮਹਾਨ ਧਾਰਮਿਕ ਪੁਰਸ਼ਾਂ ਨੇ ਆਪਣੇ ਸੁਚੱਜੇ ਜੀਵਨ ਵਿੱਚ ਕਿਵੇਂ ਆਪ ਮੁਸ਼ਕਲਾਂ ਸਹਿ ਕੇ ਵੀ ਲੋਕ ਭਲਾਈ ਦੇ ਕਾਰਜ ਕੀਤੇ । ਨੌਜਵਾਨ ਵਰਗ ਵਿੱਚ ਸਾਦਗੀ, ਸਾਊਪੁਣਾ ਤੇ ਨੈਤਿਕਤਾ ਦੀ ਸਮਝ ਹੋਣਾ ਜ਼ਰੂਰੀ ਗੁਣ ਹਨ । ਸਮੇਂ-ਸਮੇਂ 'ਤੇ ਨੌਜਵਾਨ ਵਰਗ ਨੂੰ ਪ੍ਰਸਿੱਧ ਵਿਦਵਾਨਾਂ, ਕਵੀਆਂ, ਆਗੂਆਂ ਤੇ ਹੋਰ ਤਜਰਬੇਕਾਰ ਸੂਝਵਾਨ ਹਸਤੀਆਂ ਦੇ ਰੂਬਰੂ ਕਰਵਾਉਣਾ ਬੇਹੱਦ ਜ਼ਰੂਰੀ ਹੈ, ਤਾਂ ਜੋ ਸਾਡੀ ਨਵੀਂ ਪੀੜ੍ਹੀ ਉਨ੍ਹਾਂ ਦੇ ਪੱਕੇ ਹੋਏ ਵਿਚਾਰਾਂ ਦਾ ਭਰਪੂਰ ਲਾਭ ਉਠਾ ਸਕੇ । ਵਿਦਿਆਰਥੀਆਂ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਕਰਨ ਲਈ ਉਨ੍ਹਾਂ ਦੀ ਆਚਰਣ ਉਸਾਰੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਵਿਦਿਆਰਥੀਆਂ ਦੇ ਆਉਣ ਵਾਲੇ ਸਮੇਂ ਨੂੰ ਸਹੀ ਰੂਪ ਵਿੱਚ ਰੋਸ਼ਨ ਕਰਨ ਲਈ, ਅਧਿਆਪਕ ਵਰਗ ਨੂੰ ਚਾਹੀਦਾ ਕਿ ਉਹ ਆਪਣੇ ਸਕੂਲਾਂ ਜਾਂ ਕਾਲਜਾਂ ਵਿੱਚ ਧਰਮ ਤੇ ਵਿੱਦਿਆ ਨੂੰ ਇਕੱਠੇ ਲੈ ਕੇ ਚਲਣ, ਧਾਰਮਿਕ ਮਤਭੇਦਾਂ ਨੂੰ



ਦੂਰ ਕਰਨ, ਨਸ਼ਿਆਂ ਤੋਂ ਦੂਰ ਰਹਿਣ ਤੇ ਰੱਖਣ ਵਿੱਚ ਸਹਿਯੋਗ ਕਰਨ, ਬਜ਼ੁਰਗਾਂ ਦੀ ਸੇਵਾ ਕਰਨ ਦਾ ਉਪਦੇਸ਼ ਦੇਣ, ਈਰਖਾ ਤੇ ਨਫ਼ਰਤ ਤੋਂ ਬਚਾ ਕੇ ਸਮਾਜ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਣ ਦਾ ਸੰਦੇਸ਼ ਦੇਣ, ਤਾਂ ਹੀ ਸਾਡੇ ਨੌਜਵਾਨ ਵਰਗ ਵਿੱਚ ਉਪਰੋਕਤ ਗੁਣਾਂ ਦਾ ਠੀਕ ਵਿਕਾਸ ਹੋਵੇਗਾ ਤੇ ਸਾਡੀ ਅਤੇ ਸਮਾਜ ਦੋਹਾਂ ਦੀ ਭਲਾਈ ਹੋਵੇਗੀ ।

ਨੌਜਵਾਨਾਂ ਵਿੱਚ ਵਿਹਲੇ ਰਹਿ ਕੇ ਸੱਭਿਆਚਾਰ ਵਿਗਾੜੂ ਗੀਤ ਸੁਣਦੇ ਰਹਿਣ ਦੀ ਪ੍ਰਵਿਰਤੀ, ਚਰਿੱਤਰਹੀਣਤਾ ਨੂੰ ਠੱਲ੍ਹ ਪਾਵੇਗੀ । ਸਾਡੇ ਵਿੱਦਿਅਕ ਜੀਵਨ ਵਿੱਚ ਨਵੀਂ ਲਹਿਰ ਆ ਜਾਵੇਗੀ । ਮੈਂ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜੇਕਰ ਅਸੀਂ ਆਪਣੀ ਵਿਚਾਰਾਂ ਰੂਪੀ ਲੋ ਨਾਲ ਵਿਦਿਆਰਥੀਆਂ ਦੇ ਜੀਵਨ ਨੂੰ ਪ੍ਰਕਾਸ਼ਮਾਨ ਨਹੀਂ ਕਰਾਂਗੇ ਤਾਂ ਹੋਰ ਕੌਣ ਇਸ ਜ਼ਿੰਮੇਵਾਰੀ ਨੂੰ ਨਿਭਾਏਗਾ ? ਸਾਡਾ ਜੀਵਨ ਉਸ ਦਿਨ ਖ਼ਤਮ ਹੋਣ ਲੱਗਦਾ ਹੈ ਜਦੋਂ ਅਸੀਂ ਮਹੱਤਵਪੂਰਨ ਮਸਲਿਆਂ 'ਤੇ ਚੁੱਪ ਸਾਧ ਕੇ ਬੈਠੇ ਰਹਿੰਦੇ ਹਾਂ ।

ਆਉ, ਨੌਜਵਾਨ ਵਰਗ ਦੇ ਮਨਾਂ ਅੰਦਰ ਇਸ ਵਿਚਾਰ ਨੂੰ ਰੋਸ਼ਨ ਕਰੀਏ **"ਸੁੰਦਰ ਉਹੀ ਹੈ ਜੋ ਸੁੰਦਰ ਕੰਮ ਕਰਦਾ ਹੈ।"** ਜੇਕਰ ਗ਼ਲਤੀ ਕਰਨ ਤੋਂ ਪਹਿਲਾਂ ਵਿਚਾਰਿਆ ਜਾਵੇ ਕਿ ਉਸਦਾ ਨਤੀਜਾ ਕੀ ਹੋਵੇਗਾ, ਕੋਈ ਵੀ ਭੁੱਲ ਸਾਡੀ ਭੁੱਲ ਨਾ ਹੋ ਕੇ ਸਾਡੇ ਜੀਵਨ ਵਿੱਚ ਬਖੇੜੇ ਅਤੇ ਉਲਝਣਾਂ ਪੈਦਾ ਨਹੀਂ ਕਰ ਸਕੇਗੀ । ਇਸ ਲਈ ਆਉ, ਸਕੂਲਾਂ, ਕਾਲਜਾਂ ਤੇ ਸਮਾਜ ਵਿੱਚ ਆਪਣਾ ਨਾਂ ਉੱਚਾ ਕਰਨ ਲਈ ਪ੍ਰਯਤਨਸ਼ੀਲ ਰਹੀਏ ਤੇ ਆਪਣੇ ਆਲੇ ਦੁਆਲੇ ਵਿੱਦਿਅਕ ਸੰਸਥਾਵਾਂ ਵਿੱਚ ਆਪਣੇ ਅਧਿਆਪਕਾਂ ਦੀ ਅਗਵਾਈ ਵਿੱਚ ਪੂਰਨ ਸੋਝੀ ਭਰਿਆ ਵਾਤਾਵਰਣ ਸਿਰਜੀਏ । ਪ੍ਰਮਾਤਮਾ ਸਾਡੇ ਸਾਰਿਆਂ ਦੇ ਸਿਰਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖੇ । "ਕੋਈ ਵੀ ਮੰਜ਼ਲ ਤੁਹਾਥੋਂ ਕਦੋਂ ਤਕ ਰਹਿ ਸਕਦੀ ਹੈ ਦੂਰ, ਬੱਚਿਓ! ਕਦਮ ਵਧਾਉਣਾ ਪੈਣਾ ਸ਼ਰਤ ਹੈ ਜ਼ਰੂਰ ।"

ਮੋਬਾਈਲ : 94171-22489

(ਰੋਜ਼ਾਨਾ ਸਪੋਕਸਮੈਨ, 03-06-2016 'ਚੋਂ ਧੰਨਵਾਦ ਸਹਿਤ !)

# ਸਕੂਲਾਂ ਵਿੱਚ ਕਿਸ਼ੋਰ ਸਿੱਖਿਆ ਸਮੇਂ ਦੀ ਮੰਗ

**ਪ੍ਰਿੰ: ਵਿਜੈ ਕੁਮਾਰ**

ਟੈਲੀਵਿਜ਼ਨ ਅਤੇ ਇੰਟਰਨੈੱਟ ਬੱਚਿਆਂ ਨੂੰ ਬਹੁਤ ਛੇਤੀ ਜਵਾਨ ਕਰ ਰਹੇ ਹਨ । ਜਿਨ੍ਹਾਂ ਗੱਲਾਂ ਦਾ ਉਨ੍ਹਾਂ ਨੂੰ ਜਵਾਨੀ ਦੀ ਉਮਰ ਵਿੱਚ ਪਹੁੰਚ ਕੇ ਪਤਾ ਲੱਗਦਾ ਸੀ, ਉਹ ਗੱਲਾਂ ਉਨ੍ਹਾਂ ਨੂੰ ਟੈਲੀਵਿਜ਼ਨ ਅਤੇ ਇੰਟਰਨੈੱਟ ਦੀਆਂ ਅਸ਼ਲੀਲ ਸਾਈਟਾਂ ਜਵਾਨੀ ਦੀ ਉਮਰ ਤੋਂ ਪਹਿਲਾਂ ਹੀ ਸਿਖਾ ਰਹੀਆਂ ਹਨ । ਇਸ ਕਾਰਨ ਉਹ ਕਈ ਤਰ੍ਹਾਂ ਦੀਆਂ ਬੁਰਾਈਆਂ ਵਿੱਚ ਉਲਝ ਜਾਂਦੇ ਹਨ । ਉਨ੍ਹਾਂ ਦੇ ਅੰਦਰ ਪੈਦਾ ਹੋਈ ਅਸ਼ਲੀਲਤਾ ਨੂੰ ਭੋਗਣ ਦੀ ਪ੍ਰਵਿਰਤੀ ਉਨ੍ਹਾਂ ਨੂੰ ਭੈੜੀ ਸੰਗਤ ਦਾ ਸ਼ਿਕਾਰ ਬਣਾ ਦਿੰਦੀ ਹੈ । ਉਹ ਜ਼ਿੰਦਗੀ ਨੂੰ ਬਰਬਾਦ ਕਰ ਬੈਠਦੇ ਹਨ । ਉਹ ਆਪਣੇ ਜੀਵਨ ਦੇ ਮਕਸਦ ਤੋਂ ਭਟਕ ਜਾਂਦੇ ਹਨ । ਨਸ਼ੇ ਅਤੇ ਏਡਜ਼ ਜਿਹੀਆਂ ਬਰਬਾਦ ਕਰਨ ਵਾਲੀਆਂ ਭੈੜੀਆਂ ਅਲਾਮਤਾਂ ਉਨ੍ਹਾਂ ਨੂੰ ਚਿੰਬੜ ਜਾਂਦੀਆਂ ਹਨ । ਨੌਜਵਾਨ ਮੁੰਡੇ-ਕੁੜੀਆਂ ਦੀਆਂ ਵਿਗੜ ਰਹੀਆਂ ਆਦਤਾਂ ਨੇ ਸਿੱਖਿਆ ਸੰਸਥਾਵਾਂ ਅਤੇ ਮਾਪਿਆਂ ਦੇ ਮਨਾਂ ਵਿੱਚ ਬੇਚੈਨੀ ਦਾ ਵਾਤਾਵਰਨ ਪੈਦਾ ਕਰ ਦਿੱਤਾ ਹੈ । ਅਧਿਆਪਕ ਵਰਗ ਬੱਚਿਆਂ ਦੀਆਂ ਵਿਗੜ ਰਹੀਆਂ ਆਦਤਾਂ ਤੋਂ ਪ੍ਰੇਸ਼ਾਨ ਹੈ । ਮਾਪਿਆਂ ਨੂੰ ਜਵਾਨ ਬੱਚਿਆਂ ਨੂੰ ਆਪਣੇ ਘਰਾਂ ਵਿੱਚ ਇਕੱਲੇ ਛੱਡਣਾ ਔਖਾ ਹੋ ਰਿਹੈ । ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਹ ਕੀ ਕਰਨ, ਕੀ ਨਾ ਕਰਨ ।

ਅਜਿਹੀ ਸਥਿਤੀ ਵਿੱਚ ਬੱਚਿਆਂ ਦੀ ਇਸ ਉਲਝਣ ਨੂੰ ਸੁਲਝਾਉਣ ਲਈ ਅਧਿਆਪਕਾਂ ਦੀ ਯੋਗ ਅਗਵਾਈ ਦੀ ਲੋੜ ਹੈ । ਉਨ੍ਹਾਂ ਦੇ ਮਾਪਿਆਂ ਦੀ ਦੇਖ-ਰੇਖ ਦੀ ਜ਼ਰੂਰਤ ਹੈ । ਪੰਜਾਬ ਸਿੱਖਿਆ ਵਿਭਾਗ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਸਿੱਖਿਆ ਸੰਸਥਾਵਾਂ ਵਿੱਚ ਏ.ਈ.ਪੀ. ਅਡਲਟ ਐਜੂਕੇਸ਼ਨ ਪ੍ਰੋਗਰਾਮ (ਕਿਸ਼ੋਰ ਸਿੱਖਿਆ ਯੋਜਨਾ) ਨੂੰ ਲਾਗੂ ਕੀਤਾ ਜਾ ਰਿਹਾ ਹੈ । ਇਸ ਅਧੀਨ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਚੋਣ ਕੀਤੀ ਗਈ ਹੈ । ਉਨ੍ਹਾਂ ਸਕੂਲਾਂ ਦੇ ਮੁਖੀਆਂ ਅਤੇ ਅਧਿਆਪਕਾਂ ਨੂੰ ਨੋਡਲ ਅਫ਼ਸਰ ਵਜੋਂ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ ਕਰਕੇ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ ਹੈ। ਇਸ ਟ੍ਰੇਨਿੰਗ ਵਿੱਚ ਉਨ੍ਹਾਂ ਨੂੰ ਇਸ ਕਿਸ਼ੋਰ ਸਿੱਖਿਆ ਦੇ ਉਦੇਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ । ਉਨ੍ਹਾਂ ਨੂੰ ਇਸ ਦੇ ਨਾਲ-ਨਾਲ ਇਹ ਵੀ ਸਮਝਾਇਆ ਗਿਆ ਹੈ ਕਿ ਸਿੱਖਿਆ ਸੰਸਥਾਵਾਂ



ਵਿੱਚ 16 ਘੰਟੇ ਲਗਾਏ ਜਾਣ।

ਸਕੂਲਾਂ ਦੇ ਬੱਚਿਆਂ ਦੀ ਕੌਂਸਲਿੰਗ ਕੀਤੀ ਜਾਵੇ। ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣ। ਉਨ੍ਹਾਂ ਨਾਲ ਨਿੱਜੀ ਸੰਪਰਕ ਕੀਤਾ ਜਾਵੇ । ਉਨ੍ਹਾਂ ਨੂੰ ਭਟਕਣ ਤੋਂ ਰੋਕਿਆ ਜਾਵੇ । ਉਨ੍ਹਾਂ ਦੀ ਸੁਚੱਜੀ ਅਗਵਾਈ ਕੀਤੀ ਜਾਵੇ । ਮੌਜੂਦਾ ਸਮੇਂ ਦੀ ਮੰਗ ਇਹ ਵੀ ਹੈ ਕਿ ਅਧਿਆਪਕ ਸਿੱਧੇ-ਅਸਿੱਧੇ ਢੰਗ ਨਾਲ ਬੱਚਿਆਂ 'ਤੇ ਪੂਰੀ ਨਿਗਰਾਨੀ ਰੱਖਣ । ਉਨ੍ਹਾਂ ਦੀ ਪੂਰੀ ਹਿਸਟਰੀ ਰੱਖੀ ਜਾਵੇ। ਅਧਿਆਪਕਾਂ ਅਤੇ ਮਾਪਿਆਂ ਵਿੱਚ ਆਪਸੀ ਸੰਪਰਕ ਹੋਵੇ । ਅਧਿਆਪਕਾਂ ਨੂੰ ਮਾਪਿਆਂ ਦਾ ਪੂਰਾ-ਪੂਰਾ ਸਹਿਯੋਗ ਹੋਵੇ । ਸਮੇਂ-ਸਮੇਂ 'ਤੇ ਸਿੱਖਿਆ ਸੰਸਥਾਵਾਂ ਵਿੱਚ ਹਸਪਤਾਲਾਂ ਤੋਂ ਡਾਕਟਰਾਂ ਨੂੰ ਸੱਦਿਆ ਜਾਵੇ। ਡਾਕਟਰ ਜਵਾਨ ਬੱਚਿਆਂ ਦੀਆਂ ਸਮੱਸਿਆਵਾਂ ਸੁਣਨ । ਗੰਭੀਰ ਸਮੱਸਿਆਵਾਂ ਨੂੰ ਸਿੱਖਿਆ ਸੰਸਥਾਵਾਂ ਦੇ ਨੋਡਲ ਅਫ਼ਸਰਾਂ ਦੇ ਧਿਆਨ ਵਿੱਚ ਲਿਆਉਣ । ਉਨ੍ਹਾਂ ਸਮੱਸਿਆਵਾਂ ਨੂੰ ਬੱਚਿਆਂ ਦੇ ਮਾਪਿਆਂ ਦੇ ਧਿਆਨ ਵਿੱਚ ਲਿਆਂਦਾ ਜਾਵੇ । ਜਵਾਨ ਹੋ ਰਹੇ ਬੱਚਿਆਂ ਦੇ ਮਾਪਿਆਂ ਨੂੰ ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਉਨ੍ਹਾਂ ਦੀ ਆਪਣੇ ਬੱਚਿਆਂ ਪ੍ਰਤੀ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ, ਜਿਸ ਵਿੱਚ ਕਿਸੇ ਕਿਸਮ ਦੀ ਕੁਤਾਹੀ ਹੀ ਨਹੀਂ ਹੋਣੀ ਚਾਹੀਦੀ । ਮਾਪਿਆਂ ਨੂੰ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚੇ ਇੰਟਰਨੈੱਟ ਤੇ ਟੈਲੀਵਿਜ਼ਨ 'ਤੇ ਕੀ ਵੇਖਦੇ ਹਨ । ਕਿਸ਼ੋਰ ਸਿੱਖਿਆ ਰਾਹੀਂ ਨੌਜਵਾਨ ਬੱਚਿਆਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣਾ, ਉਨ੍ਹਾਂ ਦਾ ਮਾਰਗ ਦਰਸ਼ਨ ਕਰਨਾ ਇਕ ਸਮੂਹਿਕ ਕਾਰਜ ਹੈ । ਇਸ ਸਮੂਹਿਕ ਕਾਰਜ ਵਿੱਚ ਸਕੂਲ ਮੁਖੀ, ਅਧਿਆਪਕ, ਵਿਭਾਗ ਅਤੇ ਸਿਹਤ ਮਹਿਕਮੇ ਨੂੰ ਮਿਲ ਕੇ ਆਪੋ-ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ । ਜੇਕਰ ਇਨ੍ਹਾਂ ਵਿੱਚੋਂ ਇਕ ਵੀ ਕੜੀ ਕਮਜ਼ੋਰ ਹੈ ਤਾਂ ਉਦੇਸ਼ ਵਿੱਚ ਕਦੇ ਵੀ ਸਫਲਤਾ ਨਹੀਂ ਮਿਲਦੀ ਹੈ । ਜੇਕਰ ਸਕੂਲ ਮੁਖੀ ਅਤੇ ਅਧਿਆਪਕ ਇਸ ਕਾਰਜ ਬਾਰੇ ਇਹ ਸੋਚਣ ਕਿ ਉਨ੍ਹਾਂ ਦਾ ਕੰਮ ਤਾਂ ਬੱਚਿਆਂ ਨੂੰ ਪੜ੍ਹਾਉਣਾ ਹੈ, ਇਹ ਤਾਂ ਵਾਧੂ ਅਤੇ ਬੇਕਾਰ ਦਾ ਕੰਮ ਹੈ ਤਾਂ ਕਿਸ਼ੋਰ ਸਿੱਖਿਆ ਦਾ ਕਾਰਜ ਸੰਪੂਰਨ ਨਹੀਂ ਹੋ ਸਕਦਾ । ਜੇਕਰ ਸਿੱਖਿਆ ਵਿਭਾਗ ਕੇਵਲ ਸਕੂਲ ਮੁਖੀਆਂ ਅਤੇ ਨੋਡਲ ਅਫ਼ਸਰਾਂ ਦੀ ਟ੍ਰੇਨਿੰਗ ਲਗਾ ਕੇ ਆਪਣੇ ਫ਼ਰਜ਼ ਤੋਂ ਵਿਹਲਾ ਹੋ ਜਾਂਦਾ ਹੈ ਤਾਂ ਵੀ ਉਦੇਸ਼ ਪੂਰਾ ਨਹੀਂ ਹੋ ਸਕਦਾ । ਇਸ ਉਦੇਸ਼ ਦੀ ਪੂਰਤੀ ਲਈ ਮੁਹੱਈਆ ਕਰਵਾਈ

ਜਾਂਦੀ ਚਾਰ ਸੌ ਰੁਪਏ ਦੀ ਰਕਮ ਬਹੁਤ ਥੋੜ੍ਹੀ ਹੈ, ਸਿੱਖਿਆ ਵਿਭਾਗ ਨੂੰ ਇਸ ਬਾਰੇ ਵੀ ਜ਼ਰੂਰ ਸੋਚਣਾ ਚਾਹੀਦਾ ਹੈ । ਸਿੱਖਿਆ ਵਿਭਾਗ ਨੂੰ ਸਿਹਤ ਵਿਭਾਗ ਨਾਲ ਰਾਬਤਾ ਕਰਕੇ ਇਹ ਵੀ ਵੇਖਣਾ ਚਾਹੀਦਾ ਹੈ ਕਿ ਉਹ ਸਕੂਲਾਂ ਦੀ ਮੰਗ ’ਤੇ ਉਨ੍ਹਾਂ ਨੂੰ ਡਾਕਟਰ ਮੁਹੱਈਆ ਕਰਵਾਉਂਦਾ ਹੈ ਜਾਂ ਨਹੀਂ ।

ਜਿਹੜੇ ਸਕੂਲ ਮੁਖੀ ਅਤੇ ਅਧਿਆਪਕ ਇਸ ਕਾਰਜ ਨੂੰ ਨੇਕ ਅਤੇ ਭਲੇ ਦਾ ਕੰਮ ਸਮਝਦੇ ਹੋਏ ਕਰਦੇ ਹਨ, ਉਨ੍ਹਾਂ ਸਕੂਲਾਂ ਵਿੱਚ ਇਨ੍ਹਾਂ ਸਮੱਸਿਆਵਾਂ ਦਾ ਹੱਲ ਹੁੰਦਾ ਵੀ ਹੈ । ਨੌਜਵਾਨ ਬੱਚਿਆਂ ਦਾ ਮਾਰਗ ਦਰਸ਼ਨ ਹੁੰਦਾ ਹੈ । ਉਹ ਭਟਕਣ ਅਤੇ ਉਲਝਣ ਤੋਂ ਬਚ ਜਾਂਦੇ ਹਨ । ਅਜੋਕੇ ਸਮੇਂ ਵਿੱਚ ਨੌਜਵਾਨ ਬੱਚਿਆਂ ਨੂੰ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੇ ਸਾਥ ਅਤੇ ਸਹਿਯੋਗ ਦੀ ਬਹੁਤ ਲੋੜ ਹੈ । ਉਨ੍ਹਾਂ ਦੀ ਇਸ ਲੋੜ ਦੀ ਪੂਰਤੀ ਹੋਣਾ ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਹੈ ।

-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ,
ਨੰਗਲ ਟਾਊਨਸ਼ਿਪ, ਰੋਪੜ।

(ਰੋ: ਅਜੀਤ 28-09-2016 ’ਚੋਂ ਧੰਨਵਾਦ ਸਹਿਤ !)



# ਵਿੱਦਿਅਕ ਅਦਾਰਿਆਂ ਨੂੰ ਲੜਾਈ ਦੇ ਮੈਦਾਨ ਨਾ ਬਣਾਓ

**ਬਖ਼ਸ਼ੀਸ਼ ਸਿੰਘ ਸਭਰਾ**

ਜਿਵੇਂ-ਜਿਵੇਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਚੋਣਾਂ ਨੇੜੇ ਆਉਂਦੀਆਂ ਹਨ, ਉਵੇਂ-ਉਵੇਂ ਵਿਦਿਆਰਥੀ ਧੜਿਆਂ ਵਿੱਚ ਲੜਾਈਆਂ ਝਗੜੇ ਵਧਦੇ ਜਾ ਰਹੇ ਹਨ। ਸ਼ਾਇਦ ਹੀ ਕੋਈ ਦਿਨ ਇਹੋ ਜਿਹਾ ਹੋਵੇ ਜਿਸ ਦਿਨ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ’ਤੇ ਵਿਦਿਆਰਥੀਆਂ ਦੀ ਲੜਾਈ ਸੰਬੰਧੀ ਖ਼ਬਰਾਂ ਅਤੇ ਸੁਰਖ਼ੀਆਂ ਨਾ ਹੋਣ। ਪਿਛਲੇ ਦਿਨੀਂ ਇਸ ਵਿੱਚ ਕਾਫ਼ੀ ਸਾਰਾ ਵਾਧਾ ਹੋ ਗਿਆ ਹੈ।

ਦੋ-ਤਿੰਨ ਸਾਲ ਪਹਿਲਾਂ ਪੰਜਾਬ ਯੂਨੀਵਰਸਿਟੀ ਵਿੱਚ ਦੋ ਧੜਿਆਂ ਵਿੱਚ ਗਹਿ-ਗਚ ਲੜਾਈ ਹੋਈ, ਜਿਸ ਵਿੱਚ ਖੁੱਲ੍ਹ ਕੇ ਕਿਰਪਾਨਾਂ ਅਤੇ ਡਾਂਗਾਂ ਦੀ ਵਰਤੋਂ ਕੀਤੀ ਗਈ। ਦੋਹਾਂ ਧੜਿਆਂ ਦੇ ਕਾਰਕੁਨਾਂ ਨੂੰ ਸੱਟਾਂ ਵੀ ਲੱਗੀਆਂ ਅਤੇ ਫਿਰ ਉਨ੍ਹਾਂ ਵਿਰੁੱਧ ਪਰਚੇ ਵੀ ਦਰਜ ਹੋਏ। ਅਜੇ ਇਹ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਡੀ.ਏ.ਵੀ. ਕਾਲਜ ਦੇ ਦੋ ਧੜਿਆਂ ਵਿੱਚ ਲੜਾਈ ਹੋ ਗਈ ਜਿਸ ਵਿੱਚ ਡਾਂਗਾਂ, ਸੋਟੇ, ਇੱਟਾਂ, ਰੋੜੇ ਅਤੇ ਗੋਲੀ ਚੱਲਣ ਸੰਬੰਧੀ ਖ਼ਬਰਾਂ ਛਪ ਗਈਆਂ। ਇਹ ਲੜਾਈਆਂ ਸਿਰਫ਼ ਪੰਜਾਬ ਦੇ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਹੀ ਨਹੀਂ ਹੋ ਰਹੀਆਂ ਬਲਕਿ ਪੰਜਾਬ ਤੋਂ ਬਾਹਰ ਵੀ ਹੁੰਦੀਆਂ ਰਹਿੰਦੀਆਂ ਹਨ। ਦੋ ਸਾਲ ਪਹਿਲਾਂ ਦੀ ਗੱਲ, ਯੂ.ਪੀ. ਦੀ ਇੱਕ ਯੂਨੀਵਰਸਿਟੀ ਵਿੱਚ ਗੋਲੀਆਂ ਅਤੇ ਬੰਬ ਚੱਲਣ ਸੰਬੰਧੀ ਵੀ ਖ਼ਬਰਾਂ ਲੋਕ ਪੜ੍ਹ ਚੁੱਕੇ ਹਨ।

ਜਿੱਥੇ ਵੀ ਚੋਣਾਂ ਹੋਣਗੀਆਂ, ਉੱਥੇ ਲੜਾਈਆਂ-ਝਗੜੇ ਜ਼ਰੂਰ ਹੋਣਗੇ ਕਿਉਂਕਿ ਇਹ ਚੌਧਰ ਦੀ ਲੜਾਈ ਹੁੰਦੀ ਹੈ। ਇਸ ਵਾਸਤੇ ਸਾਡੇ ਦੇਸ਼ ਦੀ ਹਰ ਸਿਆਸੀ ਪਾਰਟੀ ਨੇ ਇਨ੍ਹਾਂ ਵਿਦਿਆਰਥੀਆਂ ਵਿੱਚ ਆਪਣੇ-ਆਪਣੇ ਵਿੰਗ ਸਥਾਪਿਤ ਕੀਤੇ ਹੋਏ ਹਨ, ਭਾਵੇਂ ਉਹ ਦਿੱਲੀ ਯੂਨੀਵਰਸਿਟੀ ਹੋਵੇ, ਪੰਜਾਬ ਯੂਨੀਵਰਸਿਟੀ ਹੋਵੇ ਜਾਂ ਦੇਸ਼ ਦੀ ਹੋਰ ਕੋਈ ਯੂਨੀਵਰਸਿਟੀ ਹੋਵੇ। ਪਹਿਲੀ ਗੱਲ ਤਾਂ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਕਿਸੇ ਕਿਸਮ ਦੀ ਚੋਣ ਹੋਣੀ ਹੀ ਨਹੀਂ ਚਾਹੀਦੀ। ਜੇ ਵਿਦਿਆਰਥੀਆਂ ਦੀ ਮੰਗ ਹੈ ਤਾਂ ਉਸਨੂੰ ਸਰਕਾਰਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਜੇ ਯੂਨੀਵਰਸਿਟੀ ਜਾਂ ਕਾਲਜ ਵਿੱਚ ਸਟਾਫ਼ ਦੀ ਘਾਟ ਹੈ ਤਾਂ ਉਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਸਨੂੰ ਪੂਰਾ ਕੀਤਾ ਜਾਵੇ। ਸਰਕਾਰ ਨੇ ਜਿਹੜੇ ਉਪ-ਕੁਲਪਤੀ ਜਾਂ ਕਾਲਜ ਦੇ ਪ੍ਰਿੰਸੀਪਲ ਨਿਯੁਕਤ ਕੀਤੇ ਹਨ, ਉਹ ਵੇਖਣ ਕਿ ਕਿਹੜੀ ਚੀਜ਼ ਦੀ ਘਾਟ ਹੈ ਤੇ ਉਸਨੂੰ ਤੁਰੰਤ ਪੂਰਾ ਕਰਾਉਣ। ਪ੍ਰਬੰਧਕਾਂ ਨੂੰ ਵੇਖਣਾ ਚਾਹੀਦਾ ਹੈ ਕਿ

ਵਿਦਿਆਰਥੀਆਂ ਨੂੰ ਕਿਹੜੀ ਮੁਸ਼ਕਲ ਹੈ, ਉਸਦਾ ਹੱਲ ਕਿਵੇਂ ਕਰਨਾ ਹੈ? ਜੇ ਉਨ੍ਹਾਂ ਦੇ ਵੱਸ ਵਿੱਚ ਨਹੀਂ ਤਾਂ ਉਹ ਸਰਕਾਰ ਨੂੰ ਇਸ ਬਾਰੇ ਜਾਣਕਾਰੀ ਦੇਣ।

ਵਿੱਦਿਅਕ ਅਦਾਰਿਆਂ ਦੀਆਂ ਚੋਣਾਂ ਨੇ ਇਨ੍ਹਾਂ ਵਿੱਦਿਅਕ ਅਦਾਰਿਆਂ ਦੇ ਵਾਤਾਵਰਣ ਨੂੰ ਬਹੁਤ ਗੰਦਾ ਕਰ ਦਿੱਤਾ ਹੈ। ਜਿੱਥੇ ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚੋਂ ਵਿੱਦਿਆ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ, ਉੱਥੇ ਇਹ ਈਰਖਾ, ਭੇਦ-ਭਾਵ ਅਤੇ ਵੈਰ-ਵਿਰੋਧ ਦੀ ਦੁਰਗੰਧ ਪੈਦਾ ਕਰ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਕਈ ਕੀਮਤੀ ਜਾਨਾਂ ਜਾ ਰਹੀਆਂ ਹਨ। ਕੁਝ ਸਾਲ ਪਹਿਲਾਂ ਮੱਧ-ਪ੍ਰਦੇਸ਼ ਦੀ ਯੂਨੀਵਰਸਿਟੀ ਦਾ ਇੱਕ ਪ੍ਰੋਫ਼ੈਸਰ ਆਪਣੀ ਜਾਨ ਤੋਂ ਹੱਥ ਧੋ ਬੈਠਾ ਸੀ। ਕੀ ਕਸੂਰ ਸੀ ਉਸ ਪ੍ਰੋਫ਼ੈਸਰ ਦਾ ਜਿਹੜਾ ਸਿਆਸੀ ਪਾਰਟੀਆਂ ਦੀ ਭੇਟ ਚੜ੍ਹ ਗਿਆ? ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ ਪੜ੍ਹ ਕੇ ਹੀ ਬੱਚਿਆਂ ਨੇ ਚੰਗੇ ਸਾਇੰਸਦਾਨ, ਡਾਕਟਰ, ਇੰਜੀਨੀਅਰ ਅਤੇ ਹੋਰ ਵੱਡੇ-ਵੱਡੇ ਅਫ਼ਸਰ ਬਣਨਾ ਹੈ, ਜਿਨ੍ਹਾਂ ਨੇ ਦੇਸ਼ ਨੂੰ ਚਲਾਉਣਾ ਹੈ। ਅੱਜ ਦੇ ਇਹ ਬੱਚੇ ਹੀ ਕੱਲ੍ਹ ਦੇ ਵਾਰਸ ਹਨ। ਜੇ ਇਹ ਲੜਾਈ-ਝਗੜਿਆਂ ਵਿੱਚ ਉਲਝੇ ਰਹਿਣਗੇ ਤਾਂ ਇਹ ਕਦੋਂ ਪੜ੍ਹਾਈ ਕਰਨਗੇ?

ਹਰ ਮਾਤਾ-ਪਿਤਾ ਦਾ ਵਿਚਾਰ ਹੈ ਕਿ ਉਸਦਾ ਲੜਕਾ, ਲੜਕੀ ਪੜ੍ਹ-ਲਿਖ ਕੇ ਕੋਈ ਚੰਗਾ ਅਫ਼ਸਰ, ਸਾਇੰਸਦਾਨ, ਡਾਕਟਰ ਜਾਂ ਹੋਰ ਕਿਸੇ ਚੰਗੇ ਅਹੁਦੇ 'ਤੇ ਪਹੁੰਚੇ। ਇਸੇ ਲਈ ਉਹ ਆਪਣੀ ਸਾਰੀ ਲਹੂ-ਪਸੀਨੇ ਦੀ ਕਮਾਈ ਆਪਣੇ ਬੱਚਿਆਂ 'ਤੇ ਖ਼ਰਚ ਕਰਦੇ ਹਨ। ਕਈ ਵਿਚਾਰੇ ਤਾਂ ਕਰਜ਼ਾ ਚੁੱਕ ਕੇ ਵੀ ਆਪਣੇ ਬੱਚੇ ਨੂੰ ਖ਼ਰਚਾ ਦਿੰਦੇ ਹਨ ਕਿ ਚਲੋ ਜਦ ਕਿਸੇ ਅਹੁਦੇ 'ਤੇ ਪਹੁੰਚ ਜਾਵੇਗਾ ਤਾਂ ਆਪੇ ਹੀ ਕਰਜ਼ਾ ਉਤਾਰ ਦੇਵੇਗਾ, ਪਰ ਜਦ ਉਹ ਬੱਚਾ ਪੜ੍ਹਨ-ਲਿਖਣ ਦੀ ਜਗ੍ਹਾ ਮੁਜਰਮ, ਕਾਤਲ ਜਾਂ ਨਸ਼ਈ ਬਣ ਕੇ ਨਿਕਲਦਾ ਹੈ ਤਾਂ ਉਸ ਵਕਤ ਉਨ੍ਹਾਂ ਮਾਪਿਆਂ ਨੂੰ ਹੀ ਪਤਾ ਹੁੰਦਾ ਹੈ ਕਿ ਉਨ੍ਹਾਂ 'ਤੇ ਕੀ ਬੀਤਦੀ ਹੈ? ਕਈ ਵਾਰ ਕਈ ਬੱਚੇ ਇਹੋ ਜਿਹੇ ਹੁੰਦੇ ਹਨ ਕਿ ਉਹ ਨਾ ਚਾਹੁੰਦੇ ਹੋਏ ਵੀ ਇਨ੍ਹਾਂ ਲੜਾਈਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਜਿਸ ਤਰ੍ਹਾਂ ਆਮ ਚੋਣਾਂ ਵਿੱਚ ਲੀਡਰਾਂ ਵੱਲੋਂ ਇਸ਼ਤਿਹਾਰਬਾਜ਼ੀ, ਨਸ਼ੇ ਅਤੇ ਗੁੰਡਾਗਰਦੀ ਕੀਤੀ ਜਾਂਦੀ ਹੈ, ਬਿਲਕੁਲ ਉਨ੍ਹਾਂ ਲੀਹਾਂ 'ਤੇ ਅੱਜਕੱਲ੍ਹ ਵਿਦਿਆਰਥੀ ਚੋਣਾਂ ਹੁੰਦੀਆਂ ਹਨ। ਇਹ ਚੋਣ ਲੜਨ ਵਾਲੇ ਨੌਜਵਾਨ ਕੋਈ ਆਮ ਘਰਾਂ ਦੇ ਨਹੀਂ ਹੁੰਦੇ, ਬਲਕਿ ਵੱਡੇ-ਵੱਡੇ ਲੀਡਰਾਂ ਜਾਂ ਅਧਿਕਾਰੀਆਂ ਦੇ ਕਾਕੇ ਹੁੰਦੇ ਹਨ। ਇਨ੍ਹਾਂ ਨੂੰ ਪੈਸੇ ਦੀ ਪ੍ਰਵਾਹ ਨਹੀਂ ਹੁੰਦੀ। ਇਹ ਚੋਣਾਂ ਲੜਨੀਆਂ ਹੁਣ ਆਮ ਆਦਮੀ ਜਾਂ ਕਿਸੇ ਗ਼ਰੀਬ ਦਾ ਕੰਮ ਨਹੀਂ ਰਿਹਾ। ਇਸੇ ਕਾਰਨ ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ ਗੁੰਡਾਗਰਦੀ ਦਿਨੋਂ-ਦਿਨ



ਵਧਦੀ ਜਾ ਰਹੀ ਹੈ। ਇਨ੍ਹਾਂ ਕਾਲਜਾਂ ਵਿੱਚ ਹੁੰਦੀਆਂ ਨਿੱਤ ਦੀਆਂ ਲੜਾਈਆਂ 'ਤੇ ਆਮ ਆਦਮੀ ਦਾ ਚਿੰਤਤ ਹੋਣਾ ਕੁਦਰਤੀ ਗੱਲ ਹੈ।

ਇਸ ਗੁੰਡਾਗਰਦੀ ਦੀ ਹੋਂਦ ਇਹ ਹੈ ਕਿ ਕਈ ਸਾਲ ਪਹਿਲਾਂ ਤਿੰਨ ਭੂਤਰੇ ਹੋਏ ਨੌਜਵਾਨਾਂ ਵੱਲੋਂ ਐਮਸੀਐਮ ਸੈਕਟਰ-੩੬ ਵਿਖੇ ਇਕ ਡਿਊਟੀ ਦੇ ਰਹੇ ਸਿਪਾਹੀ ਦੀ ਕੁੱਟਮਾਰ ਕੀਤੀ ਗਈ। ਉਸਦੀ ਵਰਦੀ ਪਾੜ ਦਿੱਤੀ ਗਈ ਅਤੇ ਉਸਦਾ ਡੰਡਾ ਖੋਹ ਕੇ ਉਸੇ ਨਾਲ ਉਸਨੂੰ ਕੁੱਟਿਆ ਗਿਆ, ਜਿਸ ਸੰਬੰਧੀ ਛਪੀਆਂ ਤਸਵੀਰਾਂ ਲੋਕਾਂ ਨੇ ਵੇਖੀਆਂ। ਜੇ ਕਿਸੇ ਪੁਲਿਸ ਵਾਲੇ ਦਾ ਇਹ ਹਸ਼ਰ ਹੋ ਸਕਦਾ ਹੈ ਤਾਂ ਆਮ ਆਦਮੀ ਆਪਣੇ-ਆਪ ਨੂੰ ਕਿਵੇਂ ਸੁਰੱਖਿਅਤ ਸਮਝ ਸਕਦਾ ਹੈ? ਮੈਂ ਬਹੁਤ ਸਾਰੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮਿਲਿਆ ਜਿਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਿੱਦਿਆ ਦੇ ਪਵਿੱਤਰ ਮੰਦਰਾਂ ਨੂੰ ਲੜਾਈ ਦਾ ਮੈਦਾਨ ਬਣਨ ਤੋਂ ਸਰਕਾਰ ਨੂੰ ਸਖ਼ਤੀ ਨਾਲ ਰੋਕਣਾ ਚਾਹੀਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਹੋ ਰਹੀ ਸਿਆਸੀ ਘੁਸਪੈਠ ਨੂੰ ਬੰਦ ਕਰਾਵੇ। ਜਿੰਨਾ ਚਿਰ ਇਨ੍ਹਾਂ ਵਿਦਿਆਰਥੀ ਜਥੇਬੰਦੀਆਂ ਦੇ ਆਗੂਆਂ ਨੂੰ ਸਿਆਸੀ ਸ਼ਹਿ ਮਿਲਦੀ ਰਹੇਗੀ, ਓਨਾ ਚਿਰ ਇਨ੍ਹਾਂ ਵਿੱਦਿਆ ਦੇ ਮੰਦਰਾਂ ਵਿੱਚ ਸ਼ਾਂਤੀ ਨਹੀਂ ਹੋ ਸਕਦੀ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਹ ਸਮਝਾਉਣ ਕਿ ਉਹ ਉਨ੍ਹਾਂ 'ਤੇ ਇਸ ਵਾਸਤੇ ਖ਼ਰਚ ਕਰ ਰਹੇ ਹਨ ਕਿ ਉਹ ਪੜ੍ਹ-ਲਿਖ ਕੇ ਚੰਗੇ ਅਹੁਦਿਆਂ 'ਤੇ ਪਹੁੰਚਣ ਦੀ ਕੋਸ਼ਿਸ਼ ਕਰਨ ਨਾ ਕਿ ਮਾਪਿਆਂ ਦੀ ਲਹੂ-ਪਸੀਨੇ ਦੀ ਕਮਾਈ ਨੂੰ ਲੜਾਈਆਂ-ਝਗੜਿਆਂ ਵਿੱਚ ਬਰਬਾਦ ਕਰਨ। ਪਿਛਲੇ ਦਿਨੀਂ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਯੂਨੀਅਨ ਦੇ ਆਗੂਆਂ ਨੇ ਜਿਹੜਾ ਫ਼ੈਸਲਾ ਕੀਤਾ ਹੈ ਕਿ ਉਹ ਸ਼ਾਂਤਮਈ ਚੋਣਾਂ ਲੜਨਗੇ, ਆਪਣੇ ਆਪ ਵਿੱਚ ਬਹੁਤ ਵਧੀਆ ਫ਼ੈਸਲਾ ਹੈ। ਹੁਣ ਚਾਹੀਦਾ ਹੈ ਕਿ ਉਹ ਇਸ ਫ਼ੈਸਲੇ 'ਤੇ ਈਮਾਨਦਾਰੀ ਨਾਲ ਪਹਿਰਾ ਦੇਣ ਅਤੇ ਬਾਕੀ ਯੂਨੀਅਨ ਦੇ ਆਗੂਆਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਇਸ ਫ਼ੈਸਲੇ ਤੋਂ ਸੇਧ ਲੈਣ। ਇਸ ਵਿੱਚ ਨੌਜਵਾਨਾਂ, ਮਾਪਿਆਂ ਅਤੇ ਦੇਸ਼ ਦਾ ਬਹੁਤ ਵੱਡਾ ਭਲਾ ਹੈ।

# 1578, ਸੈਕਟਰ-50 ਬੀ, ਚੰਡੀਗੜ੍ਹ।
ਮੋਬਾਈਲ 96646-96083

(ਸਪੋਕਸਮੈਨ 10-11-2015 'ਚੋਂ ਧੰਨਵਾਦ ਸਹਿਤ !)

# ਮਨੁੱਖ ਨੂੰ ਸੱਭਿਅਕ ਬਣਾਉਂਦੀ ਹੈ ਸਿੱਖਿਆ

**ਡਾ: ਰਾਜਿੰਦਰ ਸਿੰਘ ਕੁਰਾਲੀ**

ਮਨੁੱਖ ਨੂੰ ਸੱਭਿਅਕ ਬਣਾਉਣ ਵਿੱਚ ਸਿੱਖਿਆ ਦੀ ਸਭ ਤੋਂ ਵੱਡੀ ਭੂਮਿਕਾ ਹੁੰਦੀ ਹੈ। ਸਿੱਖਿਆ ਦੇ ਜਗਮਗਾਉਂਦੇ ਚਿਰਾਗ਼ਾਂ ਵਿੱਚ ਮਨੁੱਖ ਜੀਵਨ ਦਾ ਭੇਦ ਸਮਝ ਸਕਦਾ ਹੈ। ਮਨੁੱਖ ਦਾ ਮਨ ਜੰਗਲ ਦੀ ਤਰ੍ਹਾਂ ਹੁੰਦਾ ਹੈ, ਸਿੱਖਿਆ ਇਸਨੂੰ ਸੁੰਦਰ ਸੁਹਾਵਣੇ ਬਾਗ਼ ਵਿੱਚ ਤਬਦੀਲ ਕਰ ਦਿੰਦੀ ਹੈ। ਸਿੱਖਿਆ ਦੀ ਅਣਹੋਂਦ ਵਿੱਚ ਜੀਵਨ ਮੁੱਲਾਂ ਤੋਂ ਸੱਖਣਾ ਮਨੁੱਖ ਪਸ਼ੂਆਂ ਵਾਂਗ ਸਮਾਜਿਕ ਮੁੱਲਾਂ ਦੇ ਬਾਗ਼ ਨੂੰ ਉਜਾੜ ਕੇ ਵਹਿਸ਼ੀਪੁਣੇ ਦਾ ਤਾਂਡਵ ਕਰਨ ਲੱਗਦਾ ਹੈ। ਪੜ੍ਹੇ-ਲਿਖੇ ਲੋਕਾਂ ’ਤੇ ਵੀ ਕਈ ਵਾਰ ਦਰਿੰਦਗੀ ਦਾ ਭੂਤ ਸਵਾਰ ਹੋ ਜਾਂਦਾ ਹੈ, ਉਹ ਅਜਿਹੇ ਕਾਰੇ ਕਰ ਬੈਠਦੇ ਹਨ ਜਿਨ੍ਹਾਂ ਨਾਲ ਮਾਨਵਤਾ ਸ਼ਰਮਿੰਦੀ ਹੁੰਦੀ ਹੈ,ਮਨੁੱਖ ਦਾ ਮਨੁੱਖ ਤੋਂ ਵਿਸ਼ਵਾਸ ਉੱਠ ਜਾਂਦਾ ਹੈ। ਅਜਿਹੇ ਵਰਤਾਰੇ ਲਈ ਮਨੁੱਖ ਦਾ ਸੁਆਰਥ, ਵਿਰਸੇ ਵਿੱਚ ਮਿਲੇ ਜੀਨ, ਭ੍ਰਿਸ਼ਟ ਵਾਤਾਵਰਨ ਜਾਂ ਵਿਕਾਰੀ ਮਾਨਸਿਕਤਾ ਜ਼ਿੰਮੇਵਾਰ ਹੁੰਦੇ ਹਨ।

ਨੌਜਵਾਨਾਂ ਤੇ ਵਿਦਿਆਰਥੀਆਂ ਦੇ ਕਿਰਦਾਰ ਦੀ ਅਕਸਰ ਅਲੋਚਨਾ ਹੁੰਦੀ ਹੈ। ਉਨ੍ਹਾਂ ਦੇ ਸੱਭਿਆਚਾਰ ਤੋਂ ਕਿਨਾਰਾ ਕਰ ਕੇ ਐਸ਼-ਪ੍ਰਸਤੀ ਵਿੱਚ ਡੁੱਬਣ ਤੋਂ ਸਮਾਜ ਚਿੰਤਿਤ ਹੁੰਦਾ ਹੈ। ਬਾਹਵਾਂ ’ਤੇ ਟੈਟੂ ਖੁਣਵਾ ਕੇ,ਜੈੱਲ ਨਾਲ ਵਾਲ ਖੜ੍ਹੇ ਕਰਕੇ, ਕੰਨਾਂ ਵਿੱਚ ਮੁੰਦਰਾਂ ਪਾ ਕੇ, ਸਮਾਰਟ ਫ਼ੋਨਾਂ ਨਾਲ ਲੈਸ, ਮੋਟਰਸਾਈਕਲ ’ਤੇ ਤਿੰਨ ਜਾਂ ਕਈ ਵਾਰ ਚਾਰ ਤਕ ਨੌਜਵਾਨ ਸਵਾਰ ਹੋ ਕੇ ਸਕੂਲਾਂ, ਕਾਲਜਾਂ, ਬੱਸ ਅੱਡਿਆਂ ਤੇ ਬਜ਼ਾਰਾਂ ਵਿੱਚ ਹਨੇਰੀ ਵਾਂਗ ਘੁੰਮਦੇ ਆਮ ਦੇਖੇ ਜਾ ਸਕਦੇ ਹਨ। ਇਹ ਸਾਡੀਆਂ ਬੇਟੀਆਂ ਨੂੰ ਪ੍ਰਭਾਵਿਤ ਕਰਨ ਦਾ ਸਿਰਤੋੜ ਯਤਨ ਕਰਦੇ ਹਨ। ਅਸਲ ਵਿੱਚ ਇਹ ਸਾਡੇ ਸਮਾਜ ਦੇ ਰੁੱਖ ਦਾ ਫਲ ਹਨ। ਟੀ.ਵੀ., ਇੰਟਰਨੈੱਟ ਰਾਹੀਂ ਮੁੰਡੇ-ਕੁੜੀਆਂ ਨੂੰ ਗ਼ੈਰ-ਜ਼ਿੰਮੇਵਾਰ, ਉਕਸਾਊ ਜੀਵਨ-ਸ਼ੈਲੀ ਦੇ ਦ੍ਰਿਸ਼ 24 ਘੰਟੇ ਦੇਖਣ ਲਈ ਉਪਲੱਬਧ ਹਨ। ਉਨ੍ਹਾਂ ਦਾ ਇਸ ਵਿੱਚ ਫਸ ਜਾਣਾ ਸੁਭਾਵਿਕ ਹੈ। ਵਿਹਲੇ ਮੁੰਡਿਆਂ ਨੂੰ ਸਮਾਰਟ ਫ਼ੋਨ ਤੇ ਮੋਟਰਸਾਈਕਲ ਦੇਣ ਵਾਲੇ ਮਾਪੇ ਵੀ ਬਰਾਬਰ ਦੇ ਜ਼ਿੰਮੇਵਾਰ ਹਨ। ਲੰਮਾ ਸਮਾਂ ਜਾਣ-ਬੁੱਝ ਕੇ ਸਕੂਲ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਦੇ ਨਾਂ ਨਾ ਕੱਟਣ, ਅਨੁਸ਼ਾਸ਼ਨ ਭੰਗ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰ ਸਕਣ ਦੀ ਅਧਿਆਪਕ ਦੀ ਮਜਬੂਰੀ ਦੀ ਰੱਜ ਕੇ ਦੁਰਵਰਤੋਂ ਹੋਣ ਲੱਗ ਪਈ ਹੈ। ਅਜਿਹੇ ਵਿਦਿਆਰਥੀ ਜਿੱਥੇ ਆਪ ਨਹੀਂ ਪੜ੍ਹਦੇ, ਉੱਥੇ ਉਹ ਕਲਾਸ ਨੂੰ ਵੀ ਪੜ੍ਹਨ ਨਹੀਂ ਦਿੰਦੇ।



ਉਹ ਅਕਸਰ ਦੂਜੇ ਵਿਦਿਆਰਥੀਆਂ, ਲੜਕੀਆਂ ਅਤੇ ਅਧਿਆਪਕਾਂ ਨਾਲ ਦੁਰਵਿਹਾਰ ਕਰਦੇ ਹਨ। ਸ਼ਰਾਰਤਾਂ ਤੋਂ ਰੋਕੇ ਜਾਣ ’ਤੇ ਮਾਪੇ ਮੋਹ ਕਾਰਨ ਉਲਟਾ ਅਧਿਆਪਕਾਂ ਨੂੰ ਧਮਕਾਉਂਦੇ ਤੇ ਥਾਣੇ ਤਕ ਜਾ ਪਹੁੰਚਦੇ ਹਨ। ਸਮਾਜ ਤੇ ਸਰਕਾਰ ਨੂੰ ਅਧਿਆਪਕ ਦੇ ਸਤਿਕਾਰ ਤੇ ਸੁਰੱਖਿਆ ਪ੍ਰਤੀ ਸੁਚੇਤ ਹੋਣ ਦੀ ਸਖ਼ਤ ਜ਼ਰੂਰਤ ਹੈ। ਅਜਿਹੇ ਵਿਦਿਆਰਥੀਆਂ ਲਈ ਵੱਖਰੇ ਵਿਸ਼ੇਸ਼ ਸਕੂਲ ਖੋਲ੍ਹੇ ਜਾਣੇ ਚਾਹੀਦੇ ਹਨ, ਜਿੱਥੇ ਉਨ੍ਹਾਂ ਦੀ ਮਨੋਵਿਗਿਆਨੀਆਂ ਵੱਲੋਂ ਕੌਂਸਲਿੰਗ ਕੀਤੀ ਜਾਵੇ। ਨਿਰੋਲ ਕਿਤਾਬੀ ਗਿਆਨ ਜਾਂ ਭਾਸ਼ਣ ਨਾਲ ਵਿਦਿਆਰਥੀਆਂ ਅੰਦਰ ਨੈਤਿਕ ਮੁੱਲਾਂ ਦਾ ਸੰਚਾਰ ਨਹੀਂ ਹੋ ਸਕਦਾ। ਨੈਤਿਕ ਮੁੱਲਾਂ ਦੇ ਸੰਚਾਰ ਲਈ ਜਿਉਂਦੀਆਂ-ਜਾਗਦੀਆਂ ਹਸਤੀਆਂ ਦਾ ਨੈਤਿਕ ਮੁੱਲਾਂ ਭਰਪੂਰ ਜੀਵਨ ਨਵੀਂ ਰੂਹ ਫੂਕ ਸਕਦਾ ਹੈ। ਅਧਿਆਪਕਾਂ, ਮਾਪਿਆਂ, ਸਮਾਜ ਦੇ ਜ਼ਿੰਮੇਵਾਰ ਵਿਅਕਤੀਆਂ ਦਾ ਸਾਫ਼ ਕਿਰਦਾਰ ਤੇ ਨੈਤਿਕ ਮੁੱਲਾਂ ਲਈ ਪ੍ਰਤੀਬੱਧਤਾ ਨਿਰਸੰਦੇਹ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੀ ਹੈ। ਇਸੇ ਕਾਰਨ ਅਧਿਆਪਕ ਦਾ ਚਰਿੱਤਰ ਉੱਚਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਵਿਦਿਆਰਥੀ ਉਸ ਦੇ ਕਾਰ-ਵਿਹਾਰ ਨੂੰ ਬਹੁਤ ਬਰੀਕੀ ਨਾਲ ਵਾਚਦੇ ਤੇ ਪ੍ਰਭਾਵਿਤ ਹੁੰਦੇ ਹਨ। ਅਧਿਆਪਕ ਨੂੰ ਇਸ ਪੱਖੋਂ ਬਹੁਤ ਸੁਚੇਤ ਹੋਣ ਦੀ ਜ਼ਰੂਰਤ ਹੈ। ਚੰਗੇ ਅਧਿਆਪਕ ਤੇ ਸਮਝਦਾਰ ਮਾਪਿਆਂ ਦੇ ਬੱਚੇ ਹਾਲਾਤ ਤੇ ਸਮਾਜਿਕ ਕੁਰੀਤੀਆਂ ਤੋਂ ਪ੍ਰਭਾਵਿਤ ਹੋਣ ਦੀ ਥਾਂ ਸਬਰ ਤੇ ਜ਼ਿੰਮੇਵਾਰੀ ਦਾ ਸਬੂਤ ਦਿੰਦੇ ਹਨ। ਕਿਸ਼ੋਰ ਅਵਸਥਾ ਵਿੱਚ ਵਿਚਰ ਰਹੇ ਵਿਦਿਆਰਥੀਆਂ ਅੰਦਰ ਨਾਇਕ ਪੂਜਾ ਦਾ ਜ਼ਬਰਦਸਤ ਪ੍ਰਭਾਵ ਹੁੰਦਾ ਹੈ। ਉਹ ਕਿਸੇ ਸਫਲ ਵਿਅਕਤੀ ਨੂੰ ਆਪਣੀ ਰੁਚੀ ਤੇ ਵਿਚਾਰ ਅਨੁਸਾਰ ਆਦਰਸ਼ ਮੰਨ ਕੇ ਉਸ ਵਰਗਾ ਬਣਨ ਦਾ ਯਤਨ ਕਰਦੇ ਹਨ। ਨੌਜਵਾਨਾਂ ਦੇ ਗੁਮਰਾਹ ਹੋਣ ਪਿੱਛੇ ਇੱਕ ਵੱਡਾ ਕਾਰਨ ਅਜਿਹੀਆਂ ਆਦਰਸ਼ ਬਣ ਸਕਣ ਵਾਲੀਆਂ ਸ਼ਖ਼ਸੀਅਤਾਂ ਦੀ ਸਮਾਜ ਵਿੱਚ ਭਾਰੀ ਕਮੀ ਹੋਣਾ ਵੀ ਹੁੰਦਾ ਹੈ।

ਸਿੱਖਿਆ ਸੱਭਿਆਚਾਰ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪਹੁੰਚਾਉਂਦੀ ਹੈ। ਇਹ ਵਿਦਿਆਰਥੀਆਂ ਅੰਦਰ ਵਿਸ਼ਲੇਸ਼ਣ ਦੀ ਰੁਚੀ ਪੈਦਾ ਕਰਦੀ ਹੈ, ਜਿਸ ਰਾਹੀਂ ਉਹ ਸੱਭਿਆਚਾਰ ਦੇ ਮੁੱਲਾਂ ਦੀ ਵਰਤਮਾਨ ਵਿੱਚ ਮਨੁੱਖਤਾ ਦੀ ਉਪਯੋਗਤਾ ਨੂੰ ਪਰਖ ਕੇ ਉਨ੍ਹਾਂ ਨੂੰ ਅਪਣਾਉਂਦੀ ਹੈ ਤੇ ਗ਼ੈਰ-ਪ੍ਰਸੰਗਕ ਕੀਮਤਾਂ ਨੂੰ ਨਕਾਰਦੀ ਹੈ। ਸੁਚੱਜੀ ਸਿੱਖਿਆ ਦੀ ਘਾਟ ਕਾਰਨ ਮਨੁੱਖ ਬੇਲੋੜੇ ਰੀਤੀ-ਰਿਵਾਜਾਂ ਦਾ ਭਾਰ ਢੋਂਹਦਾ ਰਹਿੰਦਾ ਹੈ; ਜਿਵੇਂ ਅਜੋਕੇ ਸਮੇਂ ਵਿੱਚ ਵਿਆਹ ਸਮਾਗਮਾਂ ’ਤੇ ਅੰਤਾਂ ਦਾ ਫ਼ਜ਼ੂਲ ਖ਼ਰਚ, ਸ਼ਰਾਬ ਦੀ ਵਰਤੋਂ,

ਘਰਾਂ ਵਿੱਚ ਏ.ਸੀ. ਤੇ ਲਗਜ਼ਰੀ ਗੱਡੀਆਂ ਦੀ ਵਰਤੋਂ। ਫ਼ਜ਼ੂਲ ਖ਼ਰਚ ਨੇ ਲੋਕਾਂ ਦਾ ਬਜਟ ਹਿਲਾ ਦਿੱਤਾ ਹੈ। ਖ਼ਰਚ ਪੂਰੇ ਕਰਨ ਲਈ ਚੰਗੇ-ਭਲੇ ਲੋਕ ਭ੍ਰਿਸ਼ਟਾਚਾਰ ਦੇ ਮਲੀਨ ਛੱਪੜ ਵਿੱਚ ਹੱਥ ਪਾਉਣ ਲੱਗਦੇ ਹਨ। ਉਹ ਇਮਾਨ ਦੇ ਸਰੋਵਰ ਤੋਂ ਦੂਰ ਹੁੰਦੇ ਚਲੇ ਜਾਂਦੇ ਹਨ। ਉਹ ਭ੍ਰਿਸ਼ਟਾਚਾਰ ਦੇ ਛੱਪੜਾਂ ਵਿੱਚ ਇਸ ਤਰ੍ਹਾਂ ਤਾਰੀਆਂ ਲਾਉਂਦੇ ਹਨ ਜਿਵੇਂ ਮੱਝਾਂ ਪਿੰਡ ਦੇ ਗੰਦੇ ਟੋਭੇ ਵਿੱਚ ਨਹਾਉਣ ਦਾ ਆਨੰਦ ਮਾਣਦੀਆਂ ਹਨ।

ਅਜੋਕੀ ਵਪਾਰ ਬਣੀ ਮਹਿੰਗੀ ਸਿੱਖਿਆ ਨੇ ਮਨੁੱਖ ਨੂੰ ਆਪਣੇ ਤਕ ਸੀਮਿਤ ਕਰ ਦਿੱਤਾ ਹੈ, ਦੇਸ਼ ਤੇ ਸਮਾਜ ਬਾਰੇ ਸੋਚਣ ਤੋਂ ਦਰਵਾਜ਼ੇ ਬੰਦ ਕਰ ਦਿੱਤੇ ਹਨ। ਪੈਸੇ ਲਈ ਫਰਾਟਾ ਦੌੜ ਵਿੱਚ ਭਾਰੀ ਤੇਜ਼ੀ ਆ ਰਹੀ ਹੈ। ਇਸ ਨਾਲ ਸੰਵੇਦਨਹੀਣਤਾ ਦੀ ਧੂੜ ਅਸਮਾਨ ’ਤੇ ਛਾ ਰਹੀ ਹੈ। ਜੀਵਨ ਮੁੱਲਾਂ ਦੇ ਬਗ਼ੀਚੇ ਉੱਜੜ ਰਹੇ ਹਨ। ਦਿਮਾਗ਼ ਵਿੱਚ ਜਾਣਕਾਰੀ ਭਰਨਾ ਸਿੱਖਿਆ ਨਹੀਂ, ਇਹ ਸਮਾਜ ਲਈ ਉਸਾਰੂ ਤਬਦੀਲੀ ਦਾ ਨਾਂ ਹੈ। ਸਿੱਖਿਆ ਮਨੁੱਖ ਨੂੰ ਸਮਾਜ ਦੀ ਤਰੱਕੀ ਦੇ ਝੰਡੇ ਗਗਨ-ਚੁੰਬੀ ਚੋਟੀਆਂ ’ਤੇ ਗੱਡ ਦੇਣ ਦੇ ਵਿਸ਼ਵਾਸ ਨਾਲ ਭਰਦੀ ਹੈ। ਇਹ ਅੰਬਰਾਂ ਦੇ ਸਿਤਾਰਿਆਂ ਵਾਂਗ ਬੁਲੰਦੀਆਂ ਦੇ ਸੁਪਨੇ ਦੇਖਣ ਦਾ ਅਹਿਸਾਸ ਜਗਾਉਂਦੀ ਹੈ। ਇਹ ਅਹਿਸਾਸ ਜਨ-ਕਲਿਆਣ ਨਾਲ ਜੁੜਿਆ ਹੋਣਾ ਚਾਹੀਦਾ ਹੈ। ਸਿੱਖਿਆ ਆਤਮ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਦੀ ਹੈ। ਸਿੱਖਿਆ ਆਪਣਾ ਮਨ ਜਿੱਤ ਕੇ ਦੂਜਿਆਂ ਦੇ ਮਨ ਜਿੱਤ ਲੈਣ ਦੀ ਕਲਾ ਸਮਝਾਉਂਦੀ ਹੈ। ਆਤਮ- ਅਨੁਸ਼ਾਸਨ ਤੋਂ ਸੱਖਣੇ ਮਨੁੱਖ ਆਪਣੀਆਂ ਆਦਤਾਂ ਦੇ ਗ਼ੁਲਾਮ ਬਣ ਕੇ ਝੂਰਦੇ ਰਹਿੰਦੇ ਹਨ। ਉਹ ਆਜ਼ਾਦੀ ਦੇ ਵਿਸ਼ਾਲ ਗਗਨ ਵਿੱਚ ਪਰਵਾਜ਼ ਕਰ ਰਹੇ ਪੰਛੀਆਂ ਦੀ ਸੁੰਦਰਤਾ ਨਹੀਂ ਮਾਣ ਸਕਦੇ।

ਮਾਪਿਆਂ ਦੀ ਵੱਡੀ ਇੱਛਾ ਤੇ ਕੈਰੀਅਰ ਦੇ ਦਬਾਅ ਕਾਰਨ ਨੌਜਵਾਨ ਮੁੰਡੇ ਕੁੜੀਆਂ ਆਪਣੀ ਰੁਚੀ ਤੇ ਸਮਰੱਥਾ ਨੂੰ ਨਜ਼ਰ-ਅੰਦਾਜ਼ ਕਰਕੇ ਵੱਡੀ ਛਾਲ ਮਾਰਨ ਦਾ ਯਤਨ ਕਰਦੇ ਹਨ। ਆਸ ਅਨੁਸਾਰ ਨਤੀਜੇ ਨਾ ਆਉਣ ’ਤੇ ਨਿਰਾਸ਼ਾ ਦੇ ਗਹਿਰੇ ਹਨੇਰੇ ਵਿੱਚ ਡੁੱਬ ਜਾਂਦੇ ਹਨ। ਉਨ੍ਹਾਂ ਦਾ ਸਫ਼ਰ ਮੰਜ਼ਲ ਦੀ ਥਾਂ ਨਸ਼ੇ, ਤਣਾਅ ਤੋਂ ਲੈ ਕੇ ਕਈ ਵਾਰ ਖੁਦਕੁਸ਼ੀ ਤਕ ਪਹੁੰਚ ਜਾਂਦਾ ਹੈ। ਅਜਿਹੇ ਨੌਜਵਾਨਾਂ ਨੂੰ ਨਿਰਾਸ਼ ਹੋਣ ਦੀ ਥਾਂ ਆਪਣੀ ਸਮਰੱਥਾ ਤੇ ਰੁਚੀ ਅਨੁਸਾਰ ਵਿਸ਼ੇ ਦੀ ਚੋਣ ਕਰਨੀ ਚਾਹੀਦੀ ਹੈ। ਇਸ ਲਈ ਕਿਸੇ ਸਿਆਣੇ ਕੌਂਸਲਰ ਦੀ ਸਹਾਇਤਾ ਲਈ ਜਾ ਸਕਦੀ ਹੈ। ਸਕੂਲਾਂ ਵਿੱਚ ਕੌਂਸਲਰ ਹੋਣਾ ਚਾਹੀਦਾ ਹੈ, ਜੋ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਪਛਾਣ ਕੇ ਉਨ੍ਹਾਂ ਅੰਦਰ ਕੁਝ ਕਰ ਗੁਜ਼ਰਨ ਦਾ ਜਜ਼ਬਾ ਪੈਦਾ ਕਰੇ ਤੇ ਵਿਦਿਆਰਥੀ ਸਫਲਤਾ ਦੇ



ਜਗਮਗਾਉਂਦੇ ਅੰਬਰ ਵੱਲ ਪਰਵਾਜ਼ ਕਰਨ ਲਈ ਦਿਨ ਰਾਤ ਇਕ ਕਰ ਦੇਣ। ਸਰਕਾਰਾਂ ਨੂੰ ਸਿੱਖਿਆ ਵਿੱਚ ਵੱਡੀ ਤਬਦੀਲੀ ਲਿਆਉਣ ਦੀ ਲੋੜ ਹੈ ਤਾਂ ਜੋ ਨੌਜਵਾਨਾਂ ਦੀ ਰੁਚੀ ਤੇ ਯੋਗਤਾ ਦਾ ਸਹੀ ਮੁੱਲ ਪੈ ਸਕੇ ਤੇ ਉਨ੍ਹਾਂ ਦੀ ਸ਼ਕਤੀ ਬੇਰੁਜ਼ਗਾਰੀ ਤੇ ਸ਼ੋਸ਼ਣ ਦੀ ਭੇਂਟ ਚੜ੍ਹਨ ਦੀ ਥਾਂ ਵਿਕਾਸ ਦੇ ਕੰਮ ਆ ਸਕੇ।

ਨੌਜਵਾਨਾਂ ਵਿੱਚ ਬੇਹੱਦ ਊਰਜਾ ਹੁੰਦੀ ਹੈ, ਇਸ ਦੀ ਵਰਤੋਂ ਨਸ਼ਿਆਂ, ਭੇਦ-ਭਾਵ, ਅੰਧ-ਵਿਸ਼ਵਾਸ, ਭ੍ਰਿਸ਼ਟਾਚਾਰ ਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਲੋਕ ਚੇਤਨਾ ਫੈਲਾਉਣ ਲਈ ਕੀਤੀ ਜਾ ਸਕਦੀ ਹੈ। ਖੇਡਾਂ ਰਾਹੀਂ ਵੀ ਇਸ ਰੁਚੀ ਦੀ ਸਕਾਰਾਤਮਿਕ ਵਰਤੋਂ ਕੀਤੀ ਜਾ ਸਕਦੀ ਹੈ।

ਮਹਾਨ ਅਧਿਆਪਕ ਵਿਦਿਆਰਥੀਆਂ ਅੰਦਰ ਸੰਸਾਰ ਨੂੰ ਜਾਣਨ ਤੇ ਇਸ ਨੂੰ ਸੁੰਦਰ ਬਣਾਉਣ ਦੀ ਲਗਨ ਪੈਦਾ ਕਰਦਾ ਹੈ। ਇਹ ਲਗਨ ਨਵੇਂ ਰਾਹਾਂ ਦੀ ਤਲਾਸ਼ ਕਰਦੀ ਹੈ, ਵਿਰਾਸਤ ਦੇ ਸਮੁੰਦਰਾਂ ਅੰਦਰੋਂ ਖੋਜ ਦੀ ਗਹਿਰੀ ਚੁੱਭੀ ਮਾਰ ਕੇ ਅਨਮੋਲ ਮੋਤੀ ਲੱਭਦੀ ਹੈ। ਸਿੱਖਿਆ ‘ਮੈਂ’ ਦੇ ਪਿੰਜਰੇ ਨੂੰ ਤੋੜ ਕੇ ‘ਅਸੀਂ’ ਦੇ ਸਾਂਝੇ ਆਕਾਸ਼ ਥੱਲੇ ਵਿਚਰਨ ਦੀ ਜੁਗਤ ਸਮਝਾਉਂਦੀ ਹੈ। ਇਹ ਨਿੱਜਵਾਦ ਦੀ ਥਾਂ ਮਿਲ ਕੇ ਕੰਮ ਕਰਨ ਦੀ ਭਾਵਨਾ ਵਿਕਸਿਤ ਕਰਦੀ ਹੈ। ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਲਈ ਮਾਪੇ, ਅਧਿਆਪਕ, ਵਿਦਿਆਰਥੀ, ਸਮਾਜ ਤੇ ਸਰਕਾਰ ਵਿਚਕਾਰ ਤਾਲਮੇਲ ਹੋਣਾ ਜ਼ਰੂਰੀ ਹੈ। ਸਿੱਖਿਆ ਨੂੰ ਵਪਾਰ ਦੀ ਥਾਂ ਗਿਆਨ, ਤਕਨੀਕ, ਸੰਸਕਾਰ, ਰੁਜ਼ਗਾਰ, ਕੁਦਰਤ, ਮਾਨਵਤਾ ਤੇ ਲੋਕਤੰਤਰ ਨਾਲ ਜੋੜਨ ਦੀ ਲੋੜ ਹੈ। ਸੱਚ, ਸਮਾਨਤਾ, ਸੁਹਿਰਦਤਾ, ਸਹਿਯੋਗ, ਸਦਭਾਵਨਾ, ਸੇਵਾ, ਸਮਰਪਣ ਤੇ ਸੁਚੱਜਾ ਵਿਹਾਰ ਸਿੱਖਿਆ ਦੇ ਜ਼ਰੂਰੀ ਅੰਗ ਹਨ।

-ਵਾਰਡ ਨੰ: 11, ਟੀਚਰ ਕਾਲੋਨੀ, ਕੁਰਾਲੀ।
ਮੋ: 97814-88725

# ਸਿਰਫ਼ ਅਮੀਰਾਂ ਤਕ ਸੀਮਿਤ ਹੁੰਦੀ ਜਾ ਰਹੀ ਮਿਆਰੀ ਸਿੱਖਿਆ

### ਪ੍ਰਿੰ: ਵਿਜੈ ਕੁਮਾਰ

ਸਾਡੇ ਦੇਸ਼ ਦੇ ਪੈਸੇ ਪੱਖੋਂ ਸਮਰੱਥ ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਦਾ ਬੱਚਾ ਟਾਈ-ਬੈਲਟ ਲਗਾ ਕੇ, ਮਹਿੰਗੀ ਵਰਦੀ ਪਾ ਕੇ, ਆਪਣੀ ਪਿੱਠ 'ਤੇ ਕਿਤਾਬਾਂ ਦਾ ਭਰਿਆ ਬੈਗ ਲੈ ਕੇ ਲੰਬੀ ਸਾਰੀ ਚਮਚਮਾਉਂਦੀ ਬੱਸ ਵਿੱਚ ਜਾਂਦਾ ਹੋਵੇ। ਉਨ੍ਹਾਂ ਦੀ ਸਮਝ ਅਨੁਸਾਰ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹ ਕੇ ਹੀ ਉਨ੍ਹਾਂ ਦਾ ਬੱਚਾ ਮਿਆਰੀ ਸਿੱਖਿਆ ਹਾਸਲ ਕਰ ਸਕਦਾ ਹੈ। ਉਹ ਸਕੂਲ ਇਸ ਗੱਲ ਦਾ ਦਾਅਵਾ ਵੀ ਕਰਦੇ ਹਨ ਕਿ ਉਹ ਮਿਆਰੀ ਸਿੱਖਿਆ ਉਪਲਬਧ ਕਰਵਾਉਂਦੇ ਹਨ। ਉਨ੍ਹਾਂ ਮਾਡਲ ਸਕੂਲਾਂ ਦਾ ਇਹ ਪੱਖ ਵਧੀਆ ਹੋ ਸਕਦਾ ਹੈ ਪਰ ਇਸ ਦੇ ਨਾਲ ਜੁੜਿਆ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਲੋਕਤੰਤਰੀ ਦੇਸ਼ ਵਿੱਚ ਮਿਆਰੀ ਸਿੱਖਿਆ ਹਾਸਲ ਕਰਨਾ ਗ਼ਰੀਬ ਬੱਚਿਆਂ ਦਾ ਅਧਿਕਾਰ ਕਿਉਂ ਨਹੀਂ? ਇਹ ਮਿਆਰੀ ਸਿੱਖਿਆ ਉਨ੍ਹਾਂ ਮਾਪਿਆਂ ਦੇ ਬੱਚਿਆਂ ਦੇ ਹਿੱਸੇ ਹੀ ਆ ਸਕਦੀ ਹੈ ਜੋ ਵੱਡੇ ਸ਼ਹਿਰਾਂ ਵਿੱਚ ਇਨ੍ਹਾਂ ਸਕੂਲਾਂ ਨੂੰ ਮੋਟੀ 'ਡੋਨੇਸ਼ਨ' ਦੇ ਸਕਦੇ ਹਨ। ਇਕ ਸਾਲ ਦਾ 40-50 ਹਜ਼ਾਰ ਰੁਪਿਆ ਪੜ੍ਹਾਈ 'ਤੇ ਖ਼ਰਚ ਕਰ ਸਕਦੇ ਹਨ।

ਕੁਝ ਦਿਨ ਪਹਿਲਾਂ ਮੇਰੇ ਕਰੀਬੀ ਰਿਸ਼ਤੇ ਵਿੱਚੋਂ ਮੇਰੇ ਘਰ ਆਏ ਪਤੀ-ਪਤਨੀ ਇਸ ਲਈ ਪ੍ਰੇਸ਼ਾਨ ਸਨ, ਕਿਉਂਕਿ ਉਹ ਆਪਣੇ ਬੱਚੇ ਦੇ ਨਰਸਰੀ ਦੇ ਦਾਖ਼ਲੇ ਲਈ ਦੋ ਲੱਖ ਰੁਪਏ 'ਡੋਨੇਸ਼ਨ' ਦਾ ਪ੍ਰਬੰਧ ਕਰਨ ਤੋਂ ਅਸਮਰੱਥ ਸਨ। ਉਂਞ ਇਹ ਪੁਣੇ ਸ਼ਹਿਰ ਦਾ ਮਾਡਲ ਸਕੂਲ ਹੈ ਜਿੱਥੇ ਅਮੀਰ ਆਦਮੀ ਆਪਣੇ ਬੱਚੇ ਨੂੰ ਦਾਖ਼ਲ ਕਰਵਾਉਣ ਦੇ ਚਾਹਵਾਨ ਨਹੀਂ ਹੁੰਦੇ, ਕਿਉਂਕਿ ਉਸ ਪ੍ਰਾਈਵੇਟ ਸਕੂਲ ਦੀ ਸਿੱਖਿਆ ਦਾ ਪੱਧਰ ਉਨ੍ਹਾਂ ਨੂੰ ਪਸੰਦ ਨਹੀਂ। ਮੱਧਵਰਗੀ ਪਰਿਵਾਰ ਨਾਲ ਸੰਬੰਧਿਤ ਉਸ ਪਤੀ-ਪਤਨੀ ਨੂੰ ਆਪਣਾ ਬੱਚਾ ਉਸ ਸਕੂਲ ਵਿੱਚ ਹੀ ਦਾਖ਼ਲ ਕਰਵਾਉਣਾ ਪਿਆ ਸੀ। ਇਹ ਤਸਵੀਰ ਹੈ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਭਾਰਤ ਦੀ ਜਿਸ ਦੀ ਸਿੱਖਿਆ ਵਿਵਸਥਾ ਕੇਵਲ ਅਮੀਰ ਲੋਕਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਈ



ਹੈ। ਇਹ ਤਸਵੀਰ ਉਸ ਦੇਸ਼ ਦੀ ਹੈ ਜਿਸ ਦੀ ਸਿੱਖਿਆ-ਪ੍ਰਣਾਲੀ ਦੁਨੀਆਂ ਦੇ ਦੂਜੇ ਦੇਸ਼ਾਂ ਲਈ ਰਾਹ ਦਸੇਰਾ ਹੁੰਦੀ ਸੀ। ਅੱਜ ਇਸ ਦੇਸ਼ ਦੀ ਸਿੱਖਿਆ ਵਿਵਸਥਾ ਵਪਾਰ ਬਣ ਕੇ ਰਹਿ ਗਈ ਹੈ।

ਇਸ ਆਰਥਿਕ ਮਜਬੂਰੀ ਦੀ ਕਹਾਣੀ ਕੇਵਲ ਇਕ ਪਰਿਵਾਰ ਦੀ ਨਹੀਂ, ਸਗੋਂ ਉਨ੍ਹਾਂ ਕਰੋੜਾਂ ਬੱਚਿਆਂ ਦੇ ਮਾਪਿਆਂ ਦੀ ਹੈ ਜਿਹੜੇ ਆਪਣੇ ਬੱਚਿਆਂ ਨੂੰ ਲੱਖਾਂ ਰੁਪਏ ਡੋਨੇਸ਼ਨ ਦੇ ਕੇ ਇਨ੍ਹਾਂ ਪ੍ਰਾਈਵੇਟ ਸਕੂਲਾਂ ਦੀ ਸਿੱਖਿਆ ਹਾਸਲ ਨਹੀਂ ਕਰਵਾ ਸਕਦੇ। ਭਾਵੇਂ ਸਾਡੇ ਦੇਸ਼ ਦੀਆਂ ਸਰਕਾਰਾਂ ਵੱਲੋਂ ਬਣਾਏ ਗਏ ਕਾਨੂੰਨਾਂ ਦੇ ਮਾਧਿਅਮ ਰਾਹੀਂ ਪ੍ਰਾਈਵੇਟ ਮਾਡਲ ਸਕੂਲਾਂ ਵੱਲੋਂ ਲਈ ਜਾ ਰਹੀ ਡੋਨੇਸ਼ਨ ਅਤੇ ਮੋਟੀਆਂ ਫ਼ੀਸਾਂ ਉੱਤੇ ਰੋਕ ਲਗਾਉਣ ਦੇ ਯਤਨ ਕੀਤੇ ਗਏ ਹਨ ਪਰ ਇਸ ਦੇ ਬਾਵਜੂਦ ਨਾ ਇਹ ਡੋਨੇਸ਼ਨ ਰੁਕ ਸਕੀ ਤੇ ਨਾ ਹੀ ਮੋਟੀਆਂ ਫ਼ੀਸਾਂ 'ਤੇ ਰੋਕ ਲੱਗ ਸਕੀ, ਕਿਉਂਕਿ ਅਮੀਰ ਵਰਗ ਦੇ ਲੋਕ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਇਹੋ ਡੋਨੇਸ਼ਨਾਂ ਅਤੇ ਮੋਟੀਆਂ ਫ਼ੀਸਾਂ ਅਦਾ ਕਰਨ ਲਈ ਤਿਆਰ ਹਨ। ਵੱਡੇ ਸ਼ਹਿਰਾਂ ਦੇ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਦੇ ਬੱਚੇ ਦਾ ਇਕ ਮਹੀਨੇ ਦਾ ਖ਼ਰਚਾ ਇਕ ਗ਼ਰੀਬ ਪਰਿਵਾਰ ਦੇ ਪੂਰੇ ਮਹੀਨੇ ਦੇ ਖ਼ਰਚੇ ਦੇ ਬਰਾਬਰ ਹੁੰਦਾ ਹੈ। ਉੱਚ ਪੱਧਰ ਦੇ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸਦੀ ਰਜਿਸਟ੍ਰੇਸ਼ਨ ਕਰਵਾ ਦਿੱਤੀ ਜਾਂਦੀ ਹੈ।

ਦਾਖ਼ਲਿਆਂ ਦੇ ਦਿਨਾਂ ਵਿੱਚ ਸਕੂਲ ਦਾ ਪ੍ਰਾਸਪੈਕਟਸ ਲੈਣ ਲਈ ਬੱਚਿਆਂ ਦੇ ਮਾਂ-ਬਾਪ ਸਵੇਰੇ ਚਾਰ ਵਜੇ ਕਤਾਰ ਵਿੱਚ ਖੜ੍ਹੇ ਹੋ ਜਾਂਦੇ ਹਨ। ਦਾਖ਼ਲਾ ਲੈਣ ਵਾਲੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਬੱਚਿਆਂ ਨੂੰ ਦਾਖ਼ਲਾ ਦੇਣ ਲਈ ਉਨ੍ਹਾਂ ਦੀ ਲਾਟਰੀ ਕੱਢੀ ਜਾਂਦੀ ਹੈ। ਜਿਸ ਦੇ ਬੱਚੇ ਨੂੰ ਦਾਖ਼ਲਾ ਮਿਲ ਜਾਂਦਾ ਹੈ, ਉਹ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਦੀ ਮਨਮਰਜ਼ੀ ਦੀ ਫ਼ੀਸ ਦੇਣ ਦੇ ਬਾਵਜੂਦ ਆਪਣੇ-ਆਪ ਨੂੰ ਦੁਨੀਆਂ ਦਾ ਸਭ ਤੋਂ ਵੱਧ ਕਿਸਮਤ ਵਾਲਾ ਇਨਸਾਨ ਸਮਝਣ ਲੱਗ ਪੈਂਦਾ ਹੈ। ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲੇ ਲੋਕ ਆਪਣੇ ਬੱਚਿਆਂ ਨੂੰ ਆਪਣੀ ਮਨਪਸੰਦ ਦੇ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ ਵਿਧਾਇਕਾਂ ਅਤੇ ਮੰਤਰੀਆਂ ਦੀਆਂ ਸਿਫ਼ਾਰਸ਼ਾਂ ਵੀ ਪੁਆਉਂਦੇ ਹਨ।

ਅਮੀਰ ਅਤੇ ਪੈਸੇ ਪੱਖੋਂ ਰੱਜੇ-ਪੁੱਜੇ ਲੋਕ ਆਪਣੇ ਬੱਚਿਆਂ ਨੂੰ

ਰੁਜ਼ਗਾਰ ਨਾ ਮਿਲਣ ਦੀ ਸਥਿਤੀ ਵਿੱਚ ਸਕੂਲ ਖੋਲ੍ਹ ਦਿੰਦੇ ਹਨ, ਕਿਉਂਕਿ ਉਨ੍ਹਾਂ ਦੀ ਸੋਚ ਅਨੁਸਾਰ ਪ੍ਰਾਈਵੇਟ ਸਕੂਲ ਚੋਖੇ ਪੈਸੇ ਕਮਾਉਣ ਦਾ ਚੰਗਾ ਸਾਧਨ ਹੈ। ਬੇਰੁਜ਼ਗਾਰੀ ਦੇ ਮਾਰੇ ਯੂਨੀਵਰਸਿਟੀਆਂ ਤੋਂ ਗੋਲਡ ਮੈਡਲਿਸਟ ਮੁੰਡੇ-ਕੁੜੀਆਂ ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ ਥੋੜ੍ਹੀਆਂ ਤਨਖ਼ਾਹਾਂ 'ਤੇ ਨੌਕਰੀ ਕਰਦੇ ਹਨ। ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਦੇ ਪ੍ਰਬੰਧਕਾਂ ਦਾ ਡੋਨੇਸ਼ਨਾਂ ਅਤੇ ਮੋਟੀਆਂ ਫ਼ੀਸਾਂ ਲੈਣ ਪਿੱਛੇ ਇਹ ਤਰਕ ਹੁੰਦਾ ਹੈ ਕਿ ਜੇਕਰ ਲੋਕ ਉਨ੍ਹਾਂ ਕੋਲੋਂ ਵਧੀਆ ਸਿੱਖਿਆ ਲੈਣ ਦੀ ਆਸ ਰੱਖਦੇ ਹਨ ਤਾਂ ਉਨ੍ਹਾਂ ਨੂੰ ਚੰਗੀਆਂ ਫ਼ੀਸਾਂ ਤਾਂ ਦੇਣੀਆਂ ਹੀ ਪੈਣਗੀਆਂ। ਉਨ੍ਹਾਂ ਨੂੰ ਕਿਹੜਾ ਸਰਕਾਰ ਗ੍ਰਾਂਟ ਦਿੰਦੀ ਹੈ। ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਅਤੇ ਸਕੂਲਾਂ ਨੂੰ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਚਲਾਉਣ ਲਈ ਉਨ੍ਹਾਂ ਨੂੰ ਪੈਸੇ ਦੀ ਲੋੜ ਤਾਂ ਪਵੇਗੀ ਹੀ। ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਦੀ ਇਹ ਦਲੀਲ ਕਿਸੇ ਹੱਦ ਤਕ ਠੀਕ ਵੀ ਹੈ। ਪਰ ਮਿਆਰੀ ਸਿੱਖਿਆ ਦੇ ਨਾਂ 'ਤੇ ਸਿੱਖਿਆ ਦਾ ਵਪਾਰੀਕਰਨ ਵੀ ਠੀਕ ਨਹੀਂ। ਮਿਆਰੀ ਸਿੱਖਿਆ ਪ੍ਰਾਪਤ ਕਰਨਾ ਕੇਵਲ ਅਮੀਰ ਬੱਚਿਆਂ ਦਾ ਅਧਿਕਾਰ ਬਣ ਕੇ ਰਹਿ ਜਾਵੇ ਇਹ ਵੀ ਲੋਕਤੰਤਰੀ ਵਿਵਸਥਾ ਦੇ ਹੱਥ ਵਿੱਚ ਨਹੀਂ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਿੱਖਿਆ ਦੇ ਵਪਾਰਕ ਅਦਾਰਿਆਂ ਵਿੱਚੋਂ ਮਹਿੰਗੀ ਸਿੱਖਿਆ ਖ਼ਰੀਦ ਕੇ ਨਿਕਲਣ ਵਾਲੇ ਬੱਚਿਆਂ ਦੇ ਮਨਾਂ ਵਿੱਚ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਸੇਵਾ ਦੀ ਭਾਵਨਾ ਕਦੋਂ ਹੋਵੇਗੀ। ਉਨ੍ਹਾਂ ਦੀਆਂ ਨਜ਼ਰਾਂ ਵਿੱਚ '**ਆਓ ਸਿੱਖਿਆ ਲਈ ਜਾਓ ਸੇਵਾ ਲਈ**' ਮਾਟੋ ਦੀ ਕੀ ਅਹਿਮੀਅਤ ਹੋਵੇਗੀ? ਇਨ੍ਹਾਂ ਮਾਡਲ ਸਕੂਲਾਂ ਦੀਆਂ ਫ਼ੀਸਾਂ ਅਤੇ ਡੋਨੇਸ਼ਨਾਂ ਉੱਤੇ ਰੋਕ ਲਗਾਉਣ ਨਾਲੋਂ ਚੰਗਾ ਹੋਵੇਗਾ ਕਿ ਸਰਕਾਰਾਂ ਗ਼ਰੀਬ ਅਤੇ ਮੱਧਵਰਗੀ ਪਰਿਵਾਰਾਂ ਲਈ ਅਜਿਹੀਆਂ ਸਿੱਖਿਆ ਸੰਸਥਾਵਾਂ ਦਾ ਪ੍ਰਬੰਧ ਕਰਨ ਜਿਨ੍ਹਾਂ ਵਿੱਚ ਮਿਆਰੀ ਸਿੱਖਿਆ ਦਾ ਪ੍ਰਬੰਧ ਹੋਵੇ। ਬੱਚਿਆਂ ਦੇ ਮਾਂ-ਬਾਪ ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਦਾਖ਼ਲ ਕਰਵਾਉਣ ਨੂੰ ਤਰਜੀਹ ਦੇਣ। ਜਦੋਂ ਦੇਸ਼ ਦੇ ਸਾਰੇ ਲੋਕਾਂ ਸਾਹਮਣੇ ਪ੍ਰਾਈਵੇਟ ਮਾਡਲ ਸਕੂਲਾਂ ਵਾਂਗ ਮਿਆਰੀ ਸਿੱਖਿਆ ਪ੍ਰਾਪਤ ਕਰਨ ਲਈ ਸਰਕਾਰੀ ਪ੍ਰਬੰਧ ਦੇ ਸਕੂਲ ਹੋਣਗੇ ਜਿਨ੍ਹਾਂ ਵਿੱਚ ਨਾ ਬਹੁਤੀਆਂ ਫ਼ੀਸਾਂ ਹੋਣਗੀਆਂ ਤੇ ਨਾ ਹੀ ਡੋਨੇਸ਼ਨਾਂ, ਤਾਂ ਵਪਾਰਕ ਮਨੋਰਥ ਵਾਲੇ ਸਕੂਲਾਂ ਨੂੰ ਆਪਣੇ-ਆਪ ਸਬਕ



ਆ ਜਾਵੇਗਾ। ਜਦੋਂ ਲੋਕਾਂ ਸਾਹਮਣੇ ਘੱਟ ਖ਼ਰਚੇ ਵਾਲੇ ਵਧੀਆ ਸਕੂਲ ਹੋਣਗੇ ਤਾਂ ਉਹ ਆਪਣੇ ਬੱਚਿਆਂ ਲਈ ਮਹਿੰਗੇ ਪ੍ਰਾਈਵੇਟ ਮਾਡਲ ਸਕੂਲਾਂ ਦੀ ਚੋਣ ਕਿਉਂ ਕਰਨਗੇ?

ਅਜੋਕੇ ਸਮੇਂ ਵਿੱਚ ਵੀ ਬਹੁਤ ਸਾਰੇ ਸਰਕਾਰੀ ਸਕੂਲ ਅਜਿਹੇ ਹਨ, ਜਿਨ੍ਹਾਂ ਵਿੱਚ ਅਧਿਆਪਕ ਪੂਰੇ ਹਨ। ਸਾਰੀਆਂ ਸਹੂਲਤਾਂ ਮੌਜੂਦ ਹਨ, ਉਹ ਸਕੂਲ ਗ਼ਰੀਬ ਮੱਧਵਰਗੀ ਬੱਚਿਆਂ ਨੂੰ ਚੰਗੀ ਮਿਆਰੀ ਸਿੱਖਿਆ ਮੁਹੱਈਆ ਕਰਵਾ ਰਹੇ ਹਨ। ਜੇਕਰ ਸਰਕਾਰੀ ਸਕੂਲਾਂ ਨੂੰ ਕੋਈ ਅਧਿਆਪਕ ਮੁਹੱਈਆ ਕਰਵਾ ਦਿੱਤੇ ਜਾਣ, ਅਧਿਆਪਕਾਂ ਤੋਂ ਸਿੱਖਿਆ ਤੋਂ ਬਿਨਾਂ ਹੋਰ ਕੋਈ ਕੰਮ ਨਾ ਲਿਆ ਜਾਵੇ। ਇਨ੍ਹਾਂ ਸਕੂਲਾਂ ਵਿੱਚ ਛੁੱਟੀਆਂ ਘੱਟ ਕਰ ਦਿੱਤੀਆਂ ਜਾਣ ਤਾਂ ਕੋਈ ਕਾਰਨ ਨਹੀਂ ਕਿ ਗ਼ਰੀਬ ਅਤੇ ਮੱਧਵਰਗੀ ਲੋਕਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਾਪਤ ਨਾ ਹੋਵੇ। ਮਿਆਰੀ ਸਿੱਖਿਆ ਤਕ ਸਭ ਦੀ ਇਕੋ ਜਿਹੀ ਪਹੁੰਚ ਯਕੀਨੀ ਬਣਾਉਣ ਲਈ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

(ਮਾਧਵ ਨਗਰ ਨੰਗਲ ਟਾਊਨਸ਼ਿਪ ਰੋਪੜ।)

# ਲਾਜ਼ਮੀ ਦੇ ਨਾਲ-ਨਾਲ ਮਿਆਰੀ ਹੋਣੀ ਵੀ ਜ਼ਰੂਰੀ ਹੈ ਸਿੱਖਿਆ

**ਪ੍ਰਿੰਸੀਪਲ ਵਿਜੈ ਕੁਮਾਰ**

ਹਾਲ ਵਿੱਚ ਹੀ ਸੰਯੁਕਤ ਰਾਸ਼ਟਰ ਵੱਲੋਂ ਅੰਤਰ-ਰਾਸ਼ਟਰੀ ਪੱਧਰ 'ਤੇ ਸਿੱਖਿਆ ਸੰਬੰਧੀ ਪੇਸ਼ ਕੀਤੇ ਗਏ ਆਪਣੇ ਲੇਖੇ ਵਿੱਚ ਭਾਰਤ ਨੂੰ ਵੀ ਉਨ੍ਹਾਂ ਦੇਸ਼ਾਂ 'ਚੋਂ ਇਕ ਦੇਸ਼ ਦੱਸਿਆ ਗਿਆ ਹੈ, ਜਿਸ ਦੇ ਸਕੂਲ ਜਾਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਪਹਿਲਾਂ ਨਾਲੋਂ ਸੰਤੋਸ਼ਜਨਕ ਵਾਧਾ ਹੋਇਆ ਹੈ। ਦੇਸ਼ ਦੇ ਹਰ ਬੱਚੇ ਨੂੰ ਸਕੂਲ ਤਕ ਪਹੁੰਚਾਉਣ ਦੇ ਟੀਚੇ ਨੂੰ ਪੂਰਾ ਕਰਨ ਲਈ ਸਾਡੇ ਦੇਸ਼ ਵੱਲੋਂ ਭਰਪੂਰ ਯਤਨ ਕੀਤੇ ਜਾਂਦੇ ਰਹੇ ਹਨ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਨਿਯੁਕਤ ਕੀਤੇ ਸਿੱਖਿਆ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਦਿਆਂ ਹੋਇਆਂ ਸਿੱਖਿਆ ਨੀਤੀ ਵਿੱਚ ਸੌ ਤਰ੍ਹਾਂ ਦੀਆਂ ਤਬਦੀਲੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਫਿਰ ਵੀ ਅਸੀਂ ਆਜ਼ਾਦੀ ਦੇ 68 ਸਾਲ ਬਾਅਦ ਵੀ ਇਹ ਕਹਿਣ ਜੋਗੇ ਨਹੀਂ ਹੋਏ ਕਿ ਸਾਡੇ ਦੇਸ਼ ਦੇ ਸੌ ਫ਼ੀ ਸਦੀ ਬੱਚੇ ਸਕੂਲਾਂ ਤਕ ਪਹੁੰਚ ਕੇ ਮਿਆਰੀ ਸਿੱਖਿਆ ਹਾਸਲ ਕਰ ਰਹੇ ਹਨ। ਪ੍ਰਾਇਮਰੀ ਸਿੱਖਿਆ ਦਾ ਪਿਛੋਕੜ ਇਹ ਦਰਸਾਉਂਦਾ ਹੈ ਕਿ ਅਸੀਂ ਸਕੂਲਾਂ ਤਕ ਪਹੁੰਚਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਕਰਨ ਦੇ ਚੱਕਰ ਵਿੱਚ ਪਹਿਲੀ ਤੋਂ ਪੰਜਵੀਂ ਤਕ ਕਿਸੇ ਵੀ ਬੱਚੇ ਨੂੰ ਫ਼ੇਲ੍ਹ ਨਾ ਕਰਨ ਦੀ ਨੀਤੀ ਲਾਗੂ ਕੀਤੀ ਸੀ। ਉਸ ਨੀਤੀ ਨਾਲ ਨਾ ਤਾਂ ਪ੍ਰਾਇਮਰੀ ਪੱਧਰ 'ਤੇ ਸੌ ਫ਼ੀ ਸਦੀ ਬੱਚੇ ਸਕੂਲ ਤਕ ਪਹੁੰਚੇ ਤੇ ਨਾ ਹੀ ਸਾਡੇ ਪੱਲੇ ਮਿਆਰੀ ਸਿੱਖਿਆ ਰਹੀ।

ਪ੍ਰਾਇਮਰੀ ਸਿੱਖਿਆ ਦੇ ਪੱਧਰ ਦਾ ਝੁੱਗਾ ਚੌੜ ਹੋ ਗਿਆ। ਸਿੱਖਿਆ ਦੋ ਵਰਗਾਂ ਵਿੱਚ ਵੰਡੀ ਗਈ। ਸਰਕਾਰੀ ਸਕੂਲਾਂ ਦੀ ਸਿੱਖਿਆ ਅਤੇ ਪ੍ਰਾਈਵੇਟ ਮਾਡਲ ਸਕੂਲਾਂ ਦੀ ਸਿੱਖਿਆ। ਚੇਤਨ ਲੋਕਾਂ ਦੇ ਝੁਕਾਅ ਨੇ ਪ੍ਰਾਈਵੇਟ ਮਾਡਲ ਸਕੂਲਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਸ਼ੁਰੂ ਕਰ ਦਿੱਤਾ। ਸੰਯੁਕਤ ਰਾਸ਼ਟਰ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਪੱਛਮੀ ਦੇਸ਼ਾਂ ਦੀ ਤਰਜ਼ 'ਤੇ ਅਸੀਂ ਆਪਣੇ ਦੇਸ਼ ਵਿੱਚ **'ਸਰਵ ਸਿੱਖਿਆ ਅਭਿਆਨ'** ਅਤੇ **'ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ'** ਦੀ ਨੀਤੀ ਅਧੀਨ ਸੰਵਿਧਾਨਕ ਤੌਰ 'ਤੇ 6 ਤੋਂ 14 ਸਾਲ ਦੀ ਉਮਰ ਤਕ ਦੇ ਬੱਚਿਆਂ ਲਈ ਲਾਜ਼ਮੀ ਸਿੱਖਿਆ ਅਧਿਕਾਰ ਦਾ ਕਾਨੂੰਨ ਲਾਗੂ ਕਰ ਦਿੱਤਾ। ਇਸ ਦੇ ਲਾਗੂ ਕਰਨ ਪਿੱਛੋਂ ਵੀ ਸਾਡਾ ਉਦੇਸ਼



ਇਹੋ ਹੈ ਕਿ ਦੇਸ਼ ਦਾ ਕੋਈ ਵੀ ਬੱਚਾ ਸਕੂਲ ਪਹੁੰਚਣ ਤੋਂ ਵਾਂਝਾ ਨਾ ਰਹੇ। ਇਸ ਉਦੇਸ਼ ਅਧੀਨ ਪਹਿਲੀ ਤੋਂ ਅੱਠਵੀਂ ਤਕ ਕਿਸੇ ਵੀ ਬੱਚੇ ਨੂੰ ਫ਼ੇਲ੍ਹ ਨਾ ਕਰਨ ਦੀ ਵਿਵਸਥਾ ਕਰ ਦਿੱਤੀ। ਇਸ ਨੀਤੀ ਨੂੰ ਲਾਗੂ ਕਰਨ ਲੱਗਿਆਂ ਅਸੀਂ ਪ੍ਰਾਇਮਰੀ ਪੱਧਰ ਦੀ ਸਿੱਖਿਆ ਦੀ ਮੰਦਹਾਲੀ ਨੂੰ ਭੁਲਾ ਹੀ ਦਿੱਤਾ।

**'ਸਰਵ ਸਿੱਖਿਆ ਅਭਿਆਨ'** ਅਤੇ **'ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ'** ਅਧੀਨ ਸਕੂਲ ਜਾਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਤਾਂ ਜ਼ਰੂਰ ਹੋ ਗਿਆ ਪਰ ਹੁਣ ਹਾਈ ਸਕੂਲ ਤਕ ਦੀ ਸਿੱਖਿਆ ਦੇ ਪੱਧਰ ਵਿੱਚ ਨਿਘਾਰ ਆਉਣ ਦੀ ਸਥਿਤੀ ਪੈਦਾ ਹੋ ਗਈ ਹੈ। ਯੂਨੀਸੇਫ ਦੀ ਇਕ ਰਿਪੋਰਟ ਦਰਸਾਉਂਦੀ ਹੈ ਕਿ ਸਾਡੇ ਦੇਸ਼ ਦੇ 8 ਕਰੋੜ ਤੋਂ ਵੱਧ ਬੱਚੇ ਆਪਣੀ ਪ੍ਰਾਇਮਰੀ ਪੱਧਰ ਤਕ ਦੀ ਸਿੱਖਿਆ ਪੂਰੀ ਨਹੀਂ ਕਰ ਪਾਉਂਦੇ। ਆਪਣੇ ਦੇਸ਼ ਦੇ ਬੱਚਿਆਂ ਲਈ ਲਾਜ਼ਮੀ ਸਿੱਖਿਆ ਦਾ ਅਧਿਕਾਰ ਲਾਗੂ ਕਰਨ ਲੱਗਿਆਂ ਸਾਨੂੰ ਇਹ ਗੱਲ ਚੇਤੇ ਰਹਿਣੀ ਚਾਹੀਦੀ ਸੀ ਕਿ ਸਿੱਖਿਆ ਦਾ ਪੱਧਰ ਪੇਤਲਾ ਨਾ ਪਵੇ। ਬੱਚੇ ਕੇਵਲ ਸਕੂਲ ਤਕ ਹੀ ਨਾ ਪਹੁੰਚਣ ਸਗੋਂ ਉਨ੍ਹਾਂ ਵੱਲੋਂ ਮਿਆਰੀ ਸਿੱਖਿਆ ਵੀ ਹੋਵੇ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਨੂੰ ਅੱਠਵੀਂ ਜਮਾਤ ਤਕ ਉਨ੍ਹਾਂ ਬੱਚਿਆਂ ਨੂੰ ਵੀ ਪਾਸ ਕਰਨਾ ਪੈਂਦਾ ਹੈ, ਜਿਹੜੇ ਬੱਚੇ ਕੋਰੇ ਪਰਚੇ ਫੜਾ ਜਾਂਦੇ ਹਨ। ਜਿਹੜੇ ਸਾਰਾ ਸਾਲ ਸਕੂਲ ਨਹੀਂ ਵੜਦੇ। ਜਿਹੜੇ ਅਧਿਆਪਕਾਂ ਨੂੰ ਟਿੱਚ ਸਮਝਦੇ ਹਨ। ਜੇਕਰ ਸਿੱਖਿਆ ਦੇ ਕਿਰਦੇ ਜਾ ਰਹੇ ਮਿਆਰ ਦੀ ਇਹੋ ਸਥਿਤੀ ਰਹੀ ਤਾਂ ਸਕੂਲ ਜਾਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਤਾਂ ਜ਼ਰੂਰ ਹੋ ਜਾਵੇਗਾ ਪਰ ਇਸ ਦੇ ਨਾਲ-ਨਾਲ ਪੜ੍ਹੇ-ਲਿਖੇ ਅਨਪੜ੍ਹ ਬੱਚੇ ਵੀ ਸਾਡੀ ਸਿੱਖਿਆ ਵਿਵਸਥਾ ਲਈ ਅਨੇਕ ਤਰ੍ਹਾਂ ਦੀਆਂ ਔਕੜਾਂ ਪੈਦਾ ਕਰਨੀਆਂ ਸ਼ੁਰੂ ਕਰ ਦੇਣਗੇ। ਇਨ੍ਹਾਂ ਪੱਲੇ ਪੜ੍ਹੇ-ਲਿਖੇ ਹੋਣ ਦੇ ਸਰਟੀਫਿਕੇਟ ਤਾਂ ਹੋਣਗੇ ਪਰ ਉਹ ਹੋਣਗੇ ਅਨਪੜ੍ਹਾਂ ਵਰਗੇ ਹੀ।

**'ਸਰਵ ਸਿੱਖਿਆ ਅਭਿਆਨ'** ਅਤੇ **'ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ'** ਅਧੀਨ ਸਰਕਾਰੀ ਸਕੂਲਾਂ ਦੀ ਦਸ਼ਾ ਅਤੇ ਦਿਸ਼ਾ ਪਹਿਲਾਂ ਨਾਲੋਂ ਕਾਫ਼ੀ ਸੁਧਰੀ ਹੈ। ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਛੱਡ ਕੇ ਅਨੇਕਾਂ ਘਾਟਾਂ ਪੂਰੀਆਂ ਹੋਈਆਂ ਹਨ। ਦਿੱਲੀ ਵਿਖੇ ਸਰਕਾਰੀ ਪੱਧਰ 'ਤੇ ਸਿੱਖਿਆ ਸੰਬੰਧੀ ਪੇਸ਼ ਕੀਤੀ ਰਿਪੋਰਟ ਵਿੱਚ ਇਹ ਦੱਸਿਆ ਗਿਆ ਹੈ ਕਿ ਦੇਸ਼ ਵਿੱਚ ਅਧਿਆਪਕਾਂ ਦੀਆਂ ਪੰਜ ਲੱਖ ਅਸਾਮੀਆਂ ਅਧਿਆਪਕਾਂ ਦੀ ਉਡੀਕ ਕਰਦਿਆਂ ਸਿੱਖਿਆ ਦੇ ਮਿਆਰ ਦੀ ਮੰਦਹਾਲੀ ਨੂੰ ਦਰਸਾ ਰਹੀਆਂ ਹਨ। ਦੇਸ਼ ਦੀ ਸਿੱਖਿਆ ਨੀਤੀ ਕਾਰਨ ਸਿੱਖਿਆ ਦੇ ਗਿਰ ਰਹੇ ਮਿਆਰ ਕਾਰਨ

ਉਹੀ ਲੋਕ ਆਪਣੇ ਬੱਚਿਆਂ ਲਈ ਸਰਕਾਰੀ ਸਕੂਲਾਂ ਦੀ ਚੋਣ ਕਰਦੇ ਹਨ, ਜੋ ਆਰਥਿਕ ਮੰਦਹਾਲੀ ਦਾ ਸੰਤਾਪ ਭੁਗਤ ਰਹੇ ਹਨ।

ਸਿੱਖਿਆ ਦੇ ਡਿਗਦੇ ਜਾ ਰਹੇ ਮਿਆਰ ਨੇ ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਉੱਕਰੀ ਲਕੀਰ ਨੂੰ ਹੋਰ ਗੂੜ੍ਹਾ ਕਰ ਦਿੱਤਾ। ਪ੍ਰਾਈਵੇਟ ਮਾਡਲ ਸਕੂਲਾਂ ਦੀ ਆਪਣੀ ਸਿੱਖਿਆ ਨੀਤੀ ਅਤੇ ਵਿਵਸਥਾ ਹੁੰਦੀ ਹੈ। ਉਨ੍ਹਾਂ ਨੇ **'ਸਰਵ ਸਿੱਖਿਆ ਅਭਿਆਨ'** ਅਤੇ **'ਰਾਸ਼ਟਰ ਮਾਧਮਿਕ ਸਿੱਖਿਆ ਅਭਿਆਨ'** ਅਧੀਨ ਆਪਣੇ ਸਿੱਖਿਆ ਅਦਾਰੇ ਚਲਾਉਣੇ ਵੀ ਨਹੀਂ ਹੁੰਦੇ। ਉਨ੍ਹਾਂ ਲਈ ਸਰਕਾਰੀ ਆਦੇਸ਼ਾਂ ਦਾ ਪਾਲਣ ਕਰਨਾ ਜ਼ਰੂਰੀ ਵੀ ਨਹੀਂ ਹੁੰਦਾ। ਪ੍ਰਾਈਵੇਟ ਸਕੂਲਾਂ ਵਿੱਚ ਸਰਕਾਰੀ ਸਕੂਲਾਂ ਵਾਂਗ ਮਿਡ ਡੇ ਮੀਲ ਦੀ ਤਿਆਰੀ ਲਈ ਜ਼ਰੂਰਤ ਤੋਂ ਵੱਧ ਸਿੱਖਿਆ ਵਿਭਾਗ ਦੇ ਪੱਤਰਾਂ ਦਾ ਉੱਤਰ ਦੇਣ ਲਈ ਅਤੇ ਗ਼ੈਰ-ਵਿੱਦਿਅਕ ਡਿਊਟੀਆਂ ਦੇਣ ਲਈ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਕਰਨਾ ਪੈਂਦਾ। ਇਸੇ ਲਈ ਉਨ੍ਹਾਂ ਦੀ ਸਿੱਖਿਆ ਦਾ ਮਿਆਰ ਵੀ ਉੱਚ ਪੱਧਰ ਦਾ ਹੁੰਦਾ ਹੈ। ਪੜ੍ਹਾਈ ਦੇ ਨੀਵੇਂ ਹੁੰਦੇ ਜਾ ਰਹੇ ਪੱਧਰ ਦੀ ਸਿੱਖਿਆ ਕੇਵਲ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਹਿੱਸੇ ਆ ਰਹੀ ਹੈ, ਜੋ ਸਾਡੇ ਦੇਸ਼ ਦੇ ਲੋਕ-ਤੰਤਰੀ ਢਾਂਚੇ ਦੀ ਪੂਰਤੀ ਨਹੀਂ ਕਰਦੀ। ਭਵਿੱਖ ਵਿੱਚ ਸਿੱਖਿਆ ਦੇ ਡਿੱਗਦੇ ਜਾ ਰਹੇ ਮਿਆਰ ਨਾਲ ਇਹ ਗੱਲ ਵੀ ਜੁੜੇਗੀ ਕਿ ਮਿਆਰੀ ਸਿੱਖਿਆ ਦੀ ਘਾਟ ਕਾਰਨ ਸਰਕਾਰੀ ਸਕੂਲ ਦੇ ਜ਼ਿਆਦਾਤਰ ਬੱਚੇ ਹੋਣਹਾਰ ਸਾਇੰਸਦਾਨ, ਡਾਕਟਰ, ਇੰਜੀਨੀਅਰ, ਪ੍ਰੋਫ਼ੈਸਰ, ਵਕੀਲ, ਜੱਜ ਅਤੇ ਉੱਚ ਅਧਿਕਾਰੀ ਬਣਨ ਤੋਂ ਵਾਂਝੇ ਰਹਿ ਜਾਣਗੇ।

ਸਰਕਾਰੀ ਸਕੂਲਾਂ ਵਿੱਚ 6 ਤੋਂ 14 ਸਾਲ ਤਕ ਦੇ ਹਰ ਬੱਚੇ ਨੂੰ ਸਕੂਲ ਪਹੁੰਚਾਉਣਾ ਅਤੇ ਸਿੱਖਿਆ ਦਾ ਪੱਧਰ ਬਣਾਈ ਰੱਖਣਾ ਅਲੱਗ-ਅਲੱਗ ਪਹਿਲੂਆਂ ਦੀ ਤਰਜਮਾਨੀ ਕਰਨ ਵਾਲੀਆਂ ਗੱਲਾਂ ਹਨ। ਇਨ੍ਹਾਂ ਦੋਵਾਂ ਦਾ ਆਪਸ ਵਿੱਚ ਸੰਤੁਲਨ ਬਣਿਆ ਰਹਿਣਾ ਬਹੁਤ ਜ਼ਰੂਰੀ ਹੈ। ਜੇਕਰ ਇਨ੍ਹਾਂ ਦੋਵਾਂ ਵਿੱਚੋਂ ਕੋਈ ਵੀ ਪੱਖ ਅਧੂਰਾ ਰਹਿੰਦਾ ਹੈ ਤਾਂ ਸਿੱਖਿਆ ਆਪਣੇ ਉਦੇਸ਼ਾਂ ਦੀ ਪੂਰਤੀ ਤਕ ਨਹੀਂ ਪਹੁੰਚ ਸਕਦੀ। ਲਾਜ਼ਮੀ ਸਿੱਖਿਆ ਦਾ ਅਧਿਕਾਰ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਲਾਜ਼ਮੀ ਸਿੱਖਿਆ ਦੀ ਗੱਲ ਕਰਦਾ ਹੈ, ਪਰ ਪ੍ਰਾਈਵੇਟ ਸਕੂਲ ਤਿੰਨ ਸਾਲ ਦੀ ਉਮਰ ਦੇ ਬੱਚਿਆਂ ਨੂੰ ਸਿੱਖਿਆ ਦੇਣ ਦੀ ਗੱਲ ਕਰਦੇ ਹਨ। ਸਰਕਾਰੀ ਸਕੂਲਾਂ ਵਿੱਚ ਵੀ ਬੱਚਿਆਂ ਨੂੰ 3 ਸਾਲ ਦੀ ਉਮਰ ਤੋਂ ਸਿੱਖਿਆ ਦੇਣ ਦਾ ਪ੍ਰਬੰਧ ਹੋਣ ਦੀ ਗੱਲ ਹੋਣੀ ਚਾਹੀਦੀ ਹੈ।

ਮਾਧਵ ਨਗਰ, ਨੰਗਲ ਟਾਊਨਸ਼ਿਪ (ਰੋਪੜ)।



# ਸਿੱਖਿਆ ਦਾ ਗੁਣਾਤਮਿਕ ਪੱਖ ਹੋ ਰਿਹਾ ਹੈ ਮਨਫ਼ੀ

**ਪ੍ਰਿੰ: ਵਿਜੈ ਕੁਮਾਰ**

ਸਰਬ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਵਰਗੀਆਂ ਮੁਹਿੰਮਾਂ ਅਧੀਨ ਪਿੰਡ-ਪਿੰਡ ਸਕੂਲ ਖੋਲ੍ਹੇ ਗਏ ਹਨ। ਅੱਠਵੀਂ ਤਕ ਪੜ੍ਹਾਈ ਬਿਲਕੁਲ ਮੁਫ਼ਤ ਕਰ ਦਿੱਤੀ ਗਈ ਹੈ । ਬਾਲੜੀਆਂ ਦੀ ਦਸਵੀਂ ਜਮਾਤ ਤਕ ਫ਼ੀਸ ਮੁਆਫ਼ ਕਰ ਦਿੱਤੀ ਗਈ ਹੈ । ਸਕੂਲੀ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਹਰ ਤਰ੍ਹਾਂ ਦੀ ਘਾਟ ਨੂੰ ਪੂਰਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ । ਬੱਚਿਆਂ ਵੱਲੋਂ ਸਕੂਲ ਛੱਡਣ ਦੇ ਰੁਝਾਨ ਨੂੰ ਘਟਾਉਣ ਲਈ ਬੱਚਿਆਂ ਨੂੰ ਸਜ਼ਾ ਨਾ ਦੇਣ ਅਤੇ ਉਨ੍ਹਾਂ ਦੇ ਨਾਂ ਨਾ ਕੱਟਣ ਦੇ ਹੁਕਮ ਜਾਰੀ ਕੀਤੇ ਗਏ ਹਨ। ਆਰ. ਟੀ. ਈ. (ਸਿੱਖਿਆ ਦੇ ਲਾਜ਼ਮੀ ਅਧਿਕਾਰ) ਦੇ ਅਧੀਨ ਸਿੱਖਿਆ ਦੇ ਘੇਰੇ ਨੂੰ ਹੋਰ ਖੁੱਲ੍ਹਾ ਕਰਨ ਲਈ ਇਸ ਤਰ੍ਹਾਂ ਦੇ ਹੋਰ ਅਨੇਕ ਉਪਰਾਲਿਆਂ ਨੂੰ ਵਿੱਢਿਆ ਗਿਆ ਹੈ ।

ਉਚੇਰੀ ਸਿੱਖਿਆ ਦੇ ਲਾਭ ਨੂੰ ਇਕ ਸਧਾਰਨ ਪਰਿਵਾਰ ਬੱਚਿਆਂ ਅਤੇ ਨੌਕਰੀ-ਪੇਸ਼ਾ ਲੋਕਾਂ ਤਕ ਪਹੁੰਚਾਉਣ ਲਈ ਪੱਤਰ-ਵਿਹਾਰ ਸਿੱਖਿਆ ਦੇ ਸਰੂਪ ਨੂੰ ਨਵਾਂ ਜਾਮਾ ਪਹਿਨਾਉਣ ਦੀ ਯੋਜਨਾ ਬਣਾਈ ਗਈ ਹੈ । ਦੇਸ਼ ਵਿੱਚ ਪੱਤਰ-ਵਿਹਾਰ ਸਿੱਖਿਆ ਨੂੰ ਹੋਰ ਸੌਖਾ ਬਣਾਉਣ ਲਈ ਯੂਨੀਵਰਸਿਟੀਆਂ ਨੇ ਪਿੰਡਾਂ, ਸ਼ਹਿਰਾਂ, ਨਗਰਾਂ ਵਿੱਚ ਅਜਿਹੇ ਸਿੱਖਿਆ ਕੇਂਦਰ ਖੋਲ੍ਹ ਦਿੱਤੇ ਹਨ, ਜਿਨ੍ਹਾਂ ਦਾ ਉਦੇਸ਼ ਕੇਵਲ ਪੈਸੇ ਕਮਾਉਣਾ ਹੀ ਹੈ । ਐਮ. ਬੀ. ਏ., ਬੀ. ਬੀ. ਏ., ਬੀ. ਟੈੱਕ., ਐਮ ਟੈੱਕ. ਪੀ. ਐਚ. ਡੀ., ਐਮ. ਐਸ. ਸੀ. ਜਮਾਤਾਂ ਦੀਆਂ ਡਿਗਰੀਆਂ ਘਰ ਬੈਠੇ ਕਰਵਾਈਆਂ ਜਾ ਰਹੀਆਂ ਹਨ । ਇਹ ਡਿਗਰੀਆਂ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਨੇ ਕੇਵਲ ਫ਼ੀਸ ਹੀ ਜਮ੍ਹਾਂ ਕਰਵਾਉਣੀ ਹੁੰਦੀ ਹੈ । ਉਨ੍ਹਾਂ ਨੇ ਘਰ ਬੈਠੇ ਹੀ ਪਰਚੇ ਕਰਕੇ ਸਿੱਖਿਆ ਕੇਂਦਰ ਵਿੱਚ ਜਮ੍ਹਾਂ ਕਰਵਾਉਣੇ ਹੁੰਦੇ ਹਨ। ਕਿਸੇ ਨੂੰ ਵੀ ਫੇਲ੍ਹ ਨਹੀਂ ਕੀਤਾ ਜਾਂਦਾ । ਨਾ ਹੀ ਉਨ੍ਹਾਂ ਦਾ ਕੋਈ ਪ੍ਰੈਕਟੀਕਲ ਹੁੰਦਾ ਹੈ, ਨਾ ਹੀ ਕੋਈ ਪੀ. ਸੀ. ਪੀ. (ਪਰਸਨਲ ਕਨਟੈਕਟ ਪ੍ਰੋਗਰਾਮ) ਲਗਦਾ ਹੈ ਤੇ ਨਾ ਹੀ ਕਿਸੇ ਦੀ ਰੀ-ਅਪੀਅਰ ਆਉਂਦੀ ਹੈ । ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਘਰ ਬੈਠੇ ਕਿਸੇ ਵੀ ਤਰ੍ਹਾਂ ਦਾ ਕੋਰਸ ਪਾਸ ਕੀਤਾ ਜਾ ਸਕਦਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਉਚੇਰੀ ਸਿੱਖਿਆ ਗਿਆਨ ਪ੍ਰਾਪਤੀ ਲਈ ਨਹੀਂ, ਸਗੋਂ ਕੇਵਲ ਡਿਗਰੀਆਂ ਹਾਸਲ ਕਰਨ ਲਈ ਪ੍ਰਾਪਤ ਕੀਤੀ ਜਾ ਰਹੀ ਹੈ । ਸਰਕਾਰੀ ਸਕੂਲਾਂ ਦੇ ਅਧਿਆਪਕ ਅਤੇ ਨਾਨ-ਟੀਚਿੰਗ ਕਰਮਚਾਰੀ ਇਨ੍ਹਾਂ

ਪੈਸਾ ਕਮਾਊ ਫਰੈਂਚਾਈਜ਼ ਸਿੱਖਿਆ ਕੇਂਦਰ ਦਾ ਸਹਾਰਾ ਲੈ ਕੇ ਡਿਗਰੀਆਂ ਪ੍ਰਾਪਤ ਕਰ ਰਹੇ ਹਨ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਸਾਇੰਸ ਵਿਸ਼ਿਆਂ ਦੀਆਂ ਪੋਸਟ-ਗਰੈਜੂਏਟ ਡਿਗਰੀਆਂ ਵੀ ਘਰ ਬੈਠੇ ਹੀ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ । ਸਰਮਾਏਦਾਰ ਲੋਕ ਪਹੁੰਚ ਅਤੇ ਪੈਸੇ ਦੇ ਸਹਾਰੇ ਇਨ੍ਹਾਂ ਯੂਨੀਵਰਸਿਟੀਆਂ ਦੀ ਮਾਨਤਾ ਵੀ ਧੜਾਧੜ ਹਾਸਲ ਕਰ ਰਹੇ ਹਨ। ਬੁੱਧੀਜੀਵੀ ਵਰਗ ਦੀ ਫ਼ਿਕਰਮੰਦੀ ਇਹ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਤੋਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਕੋਲ ਕਿਹੜਾ ਗਿਆਨ ਹੋਵੇਗਾ? ਉਹ ਵਿਦਿਆਰਥੀ ਵਰਗ ਦੇ ਪੱਲੇ ਕਿਹੜੀ ਸਿੱਖਿਆ ਪਾਉਣਗੇ? ਇਨ੍ਹਾਂ ਅਧਿਆਪਕਾਂ ਤੋਂ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਭਵਿੱਖ ਕੀ ਹੋਵੇਗਾ? ਉਹ ਦਾਖ਼ਲਾ ਟੈਸਟ ਕਿਵੇਂ ਪਾਸ ਕਰਨਗੇ? ਉਨ੍ਹਾਂ ਨੂੰ ਨੌਕਰੀਆਂ ਕੌਣ ਦੇਵੇਗਾ? ਉਹ ਪੜ੍ਹੇ-ਲਿਖੇ ਹੋ ਕੇ ਵੀ ਅਨਪੜ੍ਹਾਂ ਵਰਗੇ ਹੀ ਹੋਣਗੇ। ਸਰਕਾਰੀ ਤੰਤਰ ਨੂੰ ਆਪਣੀਆਂ ਬਣਾਈਆਂ ਗਈਆਂ ਇਨ੍ਹਾਂ ਯੋਜਨਾਵਾਂ ’ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਇਨ੍ਹਾਂ ਵਪਾਰਕ ਯੂਨੀਵਰਸਿਟੀਆਂ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ । ਸਾਇੰਸ ਵਿਸ਼ਿਆਂ ਦੀਆਂ ਡਿਗਰੀਆਂ ਕੇਵਲ ਤੇ ਕੇਵਲ ਰੈਗੂਲਰ ਸਿੱਖਿਆ ਸੰਸਥਾਵਾਂ ਤੋਂ ਹੀ ਹੋਣੀਆਂ ਚਾਹੀਦੀਆਂ ਹਨ। ਸਰਕਾਰੀ ਕਰਮਚਾਰੀਆਂ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਲੋਕਾਂ ਲਈ ਈਵਨਿੰਗ ਕਾਲਜਾਂ ਦੀ ਰੈਗੂਲਰ ਸਿੱਖਿਆ ਦੀ ਵਿਵਸਥਾ ਹੋਣੀ ਚਾਹੀਦੀ ਹੈ । ਈਵਨਿੰਗ ਕਾਲਜਾਂ ਦੀ ਗਿਣਤੀ ਵਿੱਚ ਵੱਧ ਤੋਂ ਵੱਧ ਵਾਧਾ ਕੀਤਾ ਜਾਣਾ ਚਾਹੀਦਾ ਹੈ। ਪੱਤਰ-ਵਿਹਾਰ ਸਿੱਖਿਆ ਵਿੱਚ ਪਰਸਨਲ ਕੰਟੈਕਟ ਪ੍ਰੋਗਰਾਮਾਂ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ । ਕੇਵਲ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਵਧਾਉਣ ਲਈ ਸਿੱਖਿਆ ਦੇ ਗੁਣਾਤਮਿਕ ਪੱਖ ਨੂੰ ਅੱਖੋਂ ਪਰੋਖੇ ਕਰਨਾ ਦੇਸ਼ ਦੇ ਹਿੱਤ ਦਾ ਘਾਣ ਕਰਨਾ ਹੈ । ਸਿੱਖਿਆ ਦਾ ਅਧਿਕਾਰ ਸਾਰੇ ਦੇਸ਼ ਵਿੱਚ ਲਾਗੂ ਕਰਨਾ ਸਾਡੇ ਦੇਸ਼ ਦੀਆਂ ਸਰਕਾਰਾਂ ਦਾ ਅਗਾਂਹਵਧੂ ਅਤੇ ਸ਼ਲਾਘਾਯੋਗ ਕਦਮ ਹੈ, ਪਰ ਕਦੇ ਵੀ ਇਹ ਲੇਖਾ-ਜੋਖਾ ਕਰਨ ਦਾ ਯਤਨ ਨਹੀਂ ਕੀਤਾ ਗਿਆ ਕਿ ਪੇਂਡੂ ਖੇਤਰ ਵਿੱਚ ਉਚੇਰੀ ਸਿੱਖਿਆ ਦੀ ਕੀ ਹਾਲਤ ਹੈ? ਮੈਡੀਕਲ, ਪੀ. ਸੀ. ਐਸ., ਆਈ. ਏ. ਐਸ., ਆਈ. ਐਫ. ਐਸ. ਅਤੇ ਆਈ. ਪੀ. ਐਸ. ਖੇਤਰਾਂ ਵਿੱਚ ਪੇਂਡੂ ਬੱਚਿਆਂ ਦੀ ਕਿੰਨੀ ਕੁ ਸ਼ਮੂਲੀਅਤ ਹੈ ? ਸਰਕਾਰੀ ਸਕੂਲਾਂ ਤੋਂ ਨਿਕਲਣ ਵਾਲੇ ਬੱਚਿਆਂ ਦਾ ਅਨੁਪਾਤ ਇਨ੍ਹਾਂ ਖੇਤਰਾਂ ਵਿੱਚ ਕਿਸ ਪੱਧਰ ਦਾ ਹੈ? ਇਸ ਪਾਸੇ ਤਾਂ ਪੇਂਡੂ ਅਤੇ ਸਰਕਾਰੀ ਸਿੱਖਿਆ ਦੀ ਇਹੋ ਜਿਹੀ ਪਤਲੀ ਹਾਲਤ ਹੈ, ਦੂਜੇ ਪਾਸੇ ਅਸੀਂ 6 ਤੋਂ 14 ਸਾਲ ਦੇ ਬੱਚਿਆਂ



ਲਈ ਸਿੱਖਿਆ ਦੇ ਲਾਜ਼ਮੀ ਅਧਿਕਾਰ ਤਹਿਤ ਉਹ ਵਿਵਸਥਾਵਾਂ ਲਾਗੂ ਕਰਨ ਜਾ ਰਹੇ ਹਾਂ ਜੋ ਸਿੱਖਿਆ ਦੇ ਗੁਣਾਤਮਿਕ ਪੱਖ ਨੂੰ ਹੋਰ ਵੀ ਢਾਹ ਲਾਉਣ ਜਾ ਰਹੀਆਂ ਹਨ। ਬੱਚੇ ਸਕੂਲ ਆਉਣ ਜਾਂ ਨਾ ਆਉਣ ਉਨ੍ਹਾਂ ਦਾ ਨਾਂ ਨਹੀਂ ਕੱਟਣਾ, ਵਰਗੇ ਨਿਯਮ ਨੇ ਸਕੂਲਾਂ ਵਿੱਚ ਬੱਚਿਆਂ ਦੀ ਗ਼ੈਰ-ਹਾਜ਼ਰੀ ਵਿੱਚ ਵਾਧਾ ਹੀ ਨਹੀਂ ਕੀਤਾ ਸਗੋਂ ਸਕੂਲ ਮੁਖੀਆਂ ਅਤੇ ਅਧਿਆਪਕ ਵਰਗ ਲਈ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ । ਇਸੇ ਅਧਿਕਾਰ ਅਧੀਨ ਬੱਚਿਆਂ ਲਈ ਪ੍ਰੀਖਿਆ ਖ਼ਤਮ ਕਰਨੀ, ਉਨ੍ਹਾਂ ਨੂੰ ਕਿਸੇ ਵੇਲੇ ਵੀ ਆ ਕੇ ਟੈਸਟ ਦੇ ਸਕਣ ਦੇ ਨਿਯਮਾਂ ਨੇ ਬੱਚਿਆਂ ਦੇ ਮਨਾਂ ਅੰਦਰੋਂ ਪ੍ਰੀਖਿਆਵਾਂ ਦਾ ਡਰ ਖ਼ਤਮ ਕਰ ਦਿੱਤਾ ਹੈ । ਅਧਿਆਪਕ ਸਕੂਲ ਮੁਖੀ ਨੂੰ ਪੁੱਛਦੇ ਰਹਿੰਦੇ ਹਨ ਕਿ ਗ਼ੈਰ-ਹਾਜ਼ਰ ਬੱਚਿਆਂ ਦਾ ਕੀ ਕਰੀਏ, ਪਰ ਸਕੂਲ ਮੁਖੀ ਕੋਲ ਉਨ੍ਹਾਂ ਦੇ ਪ੍ਰਸ਼ਨ ਦਾ ਕੋਈ ਜਵਾਬ ਨਹੀਂ ਹੁੰਦਾ । ‘ਬੱਚਿਆਂ ਨੂੰ ਸਜ਼ਾ ਨਹੀਂ ਦੇਣੀ’ ਦੇ ਨਿਯਮ ਨੇ ਬੱਚਿਆਂ ਨੂੰ ਅਨੁਸ਼ਾਸਨਹੀਣਤਾ ਵੱਲ ਤੋਰਨਾ ਸ਼ੁਰੂ ਕਰ ਦਿੱਤਾ ਹੈ ।

ਬੱਚਿਆਂ ਦੇ ਸਿੱਖਿਆ ਦੇ ਅਧਿਕਾਰ ਨੂੰ ਹਰ ਹਾਲਤ ਵਿੱਚ ਲਾਗੂ ਕੀਤਾ ਜਾਣਾ ਬਣਦਾ ਹੈ ਪਰ ਸਿੱਖਿਆ ਦਾ ਅਕਾਦਮਿਕ ਪੱਧਰ ਤਦ ਹੀ ਉੱਚਾ ਹੋ ਸਕੇਗਾ ਜੇਕਰ ਉਸ ਦਾ ਗੁਣਾਤਮਿਕ ਪੱਖ ਮਿਆਰੀ ਹੋਵੇ। ਉਸ ਪੜ੍ਹਾਈ ਦਾ ਵੀ ਕੀ ਅਰਥ ਜੋ ਬੱਚਿਆਂ ਨੂੰ ਗਿਆਨ ਮੁਹੱਈਆ ਨਾ ਕਰਵਾ ਸਕੇ । ਸਿੱਖਿਆ ਦੇ ਅਧਿਕਾਰ ਦਾ ਅਰਥ ਬੱਚਿਆਂ ਨੂੰ ਕੇਵਲ ਸਕੂਲਾਂ ਤਕ ਪਹੁੰਚਾਉਣਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਗੁਣਾਤਮਿਕ ਸਿੱਖਿਆ ਪ੍ਰਦਾਨ ਕਰਨਾ ਵੀ ਹੋਣਾ ਚਾਹੀਦਾ ਹੈ ।

(ਰੋਜ਼ਾਨਾ ਅਜੀਤ 5-3-2013 ’ਚੋਂ ਧੰਨਵਾਦ ਸਹਿਤ !)

# ਸਕੂਲ ਸਿੱਖਿਆ ਦਾ ਕੱਲ੍ਹ, ਅੱਜ ਤੇ ਭਲਕ

**ਪ੍ਰੋ: ਹਮਦਰਦਵੀਰ ਨੌਸ਼ਹਿਰਵੀ**

ਬਚਪਨ ਤੋਂ ਹੀ ਕੁਝ ਬੱਚੇ ਵਧੇਰੇ ਚੁਸਤ ਤੇ ਵਧੇਰੇ ਹੁਸ਼ਿਆਰ ਹੁੰਦੇ ਹਨ। ਕੁਝ ਬੱਚੇ ਸ਼ਰਾਰਤੀ ਹੁੰਦੇ ਹਨ ਤੇ ਕੁਝ ਸ਼ਰੀਫ਼ ਤੇ ਸੁਸਤ। ਅਸਾਧਾਰਨ ਬੱਚੇ ਵੀ ਹੁੰਦੇ ਹਨ ਅਤੇ ਗੁੰਝਲਦਾਰ ਵੀ। ਘਰੋਂ ਗ਼ਾਇਬ ਹੋ ਜਾਣ ਵਾਲੇ ਬੱਚੇ ਵੀ ਹੁੰਦੇ ਹਨ, ਘਰ ਨਾਲ ਬੇਹੱਦ ਖਿੱਚ ਰੱਖਣ ਵਾਲੇ ਵੀ। ਬੱਚੇ ਘਰੇਲੂ ਵਾਤਾਵਰਣ ਅਨੁਸਾਰ ਵਿਕਾਸ ਕਰਦੇ ਹਨ। ਪੇਂਡੂ ਬੱਚੇ ਅਤੇ ਸ਼ਹਿਰ ਦੇ ਬੱਚੇ ਦੀ ਮਾਨਸਿਕਤਾ ਵਿੱਚ ਲਗਪਗ ਓਨਾ ਹੀ ਫ਼ਰਕ ਹੁੰਦਾ ਹੈ ਜਿੰਨਾ ਪਿੰਡ ਅਤੇ ਸ਼ਹਿਰ ਵਿੱਚ। ਬੱਚੇ ਦੀ ਚੰਗੀ ਜਾਂ ਮਾੜੀ ਸ਼ਖ਼ਸੀਅਤ ਬਣਨ ਵਿੱਚ ਮਾਪੇ, ਪਰਿਵਾਰ, ਗਲੀ ਮੁਹੱਲੇ, ਪਿੰਡ, ਸ਼ਹਿਰ, ਸਕੂਲ ਦੇ ਵਾਤਾਵਰਣ ਅਤੇ ਅਧਿਆਪਕਾਂ ਦੇ ਕਿਰਦਾਰ ਦਾ ਕਾਫ਼ੀ ਪ੍ਰਭਾਵ ਹੁੰਦਾ ਹੈ। ਸਕੂਲ ਵਾਤਾਵਰਣ ਬੱਚੇ ਦੀ ਮਾਨਸਿਕਤਾ ਨਿਖਾਰਨ, ਉਭਾਰਨ ਤੇ ਵਿਗਸਣ ਵਿੱਚ ਮਹਤੱਵਪੂਰਨ ਹਿੱਸਾ ਪਾਉਂਦਾ ਹੈ; ਪਰ ਤਰਾਸਦੀ ਇਹ ਹੈ ਕਿ ਇੱਕ ਅਧਿਕਾਰਤ ਰਿਪੋਰਟ ਅਨੁਸਾਰ ਭਾਰਤ ਦੇ 1,91,000 ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਹਨ ਹੀ ਨਹੀਂ। ਛੇ ਕਰੋੜ ਬੱਚੇ ਸਕੂਲ ਦਾ ਮੂੰਹ ਵੇਖਣ ਤੋਂ ਵਾਂਝੇ ਰਹਿ ਜਾਂਦੇ ਹਨ। ਭਾਰਤ ਵਿੱਚ ਇੱਕ ਹਜ਼ਾਰ ਬੱਚਿਆਂ ਵਿੱਚੋਂ ਸਿਰਫ਼ 181 ਬੱਚੇ ਅਤੇ ਪੰਜਾਬ ਵਿੱਚ 1000 ਬੱਚਿਆਂ ਵਿੱਚੋਂ 137 ਬੱਚੇ ਹੀ ਸਰਕਾਰੀ ਪ੍ਰਾਇਮਰੀ ਸਕੂਲਾਂ ਤਕ ਪਹੁੰਚਦੇ ਹਨ। ਉਨ੍ਹਾਂ ਵਿੱਚੋਂ ਬਹੁਤੇ ਬੱਚੇ ਨਿਰਾਸ਼ ਹੀ ਘਰ ਮੁੜ ਆਉਂਦੇ ਹਨ।

ਮੋਟੇ ਰੂਪ ਵਿੱਚ ਦੋ ਤਰ੍ਹਾਂ ਦੇ ਸਕੂਲ ਹਨ—ਪਹਿਲੇ ਪ੍ਰਾਈਵੇਟ ਮੁਨਾਫ਼ਾ ਅਧਾਰਤ ਸਕੂਲ ਜਿਨ੍ਹਾਂ ਵਿੱਚ ਵੱਖ-ਵੱਖ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਸਕੂਲ ਵੀ ਸ਼ਾਮਲ ਹਨ, ਦੂਜੇ ਸਾਧਾਰਨ ਜਨ ਸਮੂਹ ਲਈ ਸਰਕਾਰੀ ਸਕੂਲ ਹਨ। ਇਨ੍ਹਾਂ ਦੋਵਾਂ ਤਰ੍ਹਾਂ ਦੇ ਸਕੂਲਾਂ ਦੀ ਮਾਨਸਿਕਤਾ ਵਿੱਚ ਵੱਡਾ ਅੰਤਰ ਹੈ। ਸਰਕਾਰੀ ਸਕੂਲਾਂ ਕੋਲ ਨਾ ਚੰਗੀਆਂ ਇਮਾਰਤਾਂ ਹਨ, ਨਾ ਪਾਣੀ ਤੇ ਬਿਜਲੀ ਦਾ ਪ੍ਰਬੰਧ, ਨਾ ਸਕੂਲ ਸਮੱਗਰੀ ਤੇ ਨਾ ਹੀ ਪੂਰੇ ਅਧਿਆਪਕ। ਪੰਜਾਬ ਵਿੱਚ ਪਿਛਲੀ ਸਰਕਾਰ ਨੇ 25,905 ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਖ਼ਤਮ ਕਰ ਦਿੱਤੀਆਂ ਹਨ। 1644 ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਇੱਕ ਵੀ ਅਧਿਆਪਕ ਨਹੀਂ। 2969 ਸਰਕਾਰੀ ਪ੍ਰਾਇਮਰੀ



ਸਕੂਲਾਂ ਵਿੱਚ ਸਿਰਫ਼ ਇੱਕ ਹੀ ਅਧਿਆਪਕ ਹੈ। ਸਰਕਾਰੀ ਸਕੂਲਾਂ ਵਿੱਚ ਸਿਰਫ਼ ਦਲਿਤ ਪਰਿਵਾਰਾਂ ਦੇ ਬੱਚੇ ਜਾਂ ਗ਼ਰੀਬ ਕਿਸਾਨ, ਕਿਰਤੀ ਤੇ ਖੇਤ ਮਜ਼ਦੂਰਾਂ ਦੇ ਬੱਚੇ ਹੀ ਪੜ੍ਹਦੇ ਹਨ। ਦੋਵਾਂ ਤਰ੍ਹਾਂ ਦੇ ਸਕੂਲਾਂ ਦੇ ਬੱਚਿਆਂ ਦੀ ਮਾਨਸਿਕਤਾ ਵਿਚਲਾ ਫ਼ਰਕ ਉਮਰ ਨਾਲ ਵਧਦਾ ਹੀ ਜਾਂਦਾ ਹੈ।

ਭਾਰਤ ਦੇ ਕੈਗ (ਮਹਾਂ ਲੇਖਾ ਅਫ਼ਸਰ) ਦੀ ਰਿਪੋਰਟ ਅਨੁਸਾਰ ਪੰਜਾਬ ਦੇ ਪੌਣੇ ਦੋ ਲੱਖ ਬੱਚੇ ਸਕੂਲੋਂ ਬਾਹਰ ਹਨ, ਖ਼ਾਸ ਕਰਕੇ ਪੇਂਡੂ ਬੱਚੇ। ਪੰਜਾਬ ਦੀ ਸਾਖਰਤਾ ਮਹਿਜ਼ 69.7 ਫ਼ੀ ਸਦੀ ਹੈ। ਭਾਵ ਪੰਜਾਬ ਦਾ ਤੀਜਾ ਹਿੱਸਾ ਅਨਪੜ੍ਹ ਹੈ। 6-14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਸਿੱਖਿਅਤ ਕਰਨ ਹਿੱਤ ਕੇਂਦਰੀ ਸਰਕਾਰ '**ਸਰਵ ਸਿੱਖਿਆ ਅਭਿਆਨ**' ਉੱਤੇ ਸਾਰੇ ਪ੍ਰਾਂਤਾਂ ਨੂੰ ਕਰੋੜਾਂ ਰੁਪਏ ਦੀਆਂ ਗਰਾਂਟਾਂ ਦੇ ਰਹੀ ਹੈ, ਪਰ ਇਹ ਮਿਸ਼ਨ ਬਹੁਤਾ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਲੱਖਾਂ ਬੱਚੇ ਹਾਲੇ ਵੀ ਸਕੂਲਾਂ ਵਿੱਚ ਨਹੀਂ ਲਿਆਂਦੇ ਜਾ ਸਕੇ।

ਸ਼ਹਿਰੀ ਅਤੇ ਪੇਂਡੂ ਬੱਚਿਆਂ ਦੀ ਮਾਨਸਿਕਤਾ ਦੋ ਕਾਟਵੀਂ ਤੇ ਸਮਾਨਅੰਤਰ ਧਰੁਵਾਂ ਵਿੱਚ ਵੰਡੀ ਜਾ ਰਹੀ ਹੈ। ਸ਼ਹਿਰੀ ਬੱਚਿਆਂ ਕੋਲ ਅਨੇਕਾਂ ਸਹੂਲਤਾਂ ਹਨ ਪਰ ਪੇਂਡੂ ਬੱਚਿਆਂ ਕੋਲ ਬਹੁਤ ਘੱਟ। ਸ਼ਹਿਰੀ ਬੱਚਿਆਂ ਕੋਲ ਘਰ ਦਾ ਤੇ ਸਕੂਲ ਦਾ ਵਧੀਆ ਮਾਹੌਲ ਹੁੰਦਾ ਹੈ।ਸ਼ਹਿਰ ਦੇ ਨਿੱਜੀ ਸਕੂਲਾਂ ਕੋਲ ਖੇਡ ਦੇ ਮੈਦਾਨ, ਲਾਇਬ੍ਰੇਰੀ ਤੇ ਹੋਰ ਆਧੁਨਿਕ ਸਹੂਲਤਾਂ ਹੁੰਦੀਆਂ ਹਨ। ਸਾਰਾ ਸਾਲ ਟਿਊਸ਼ਨਾਂ ਚੱਲਦੀਆਂ ਹਨ।ਛੁੱਟੀ ਵਾਲੇ ਦਿਨ ਸ਼ਹਿਰੀ ਬੱਚਿਆਂ ਲਈ ਵਾਟਰ ਪਾਰਕਾਂ ਜਿਹੇ ਥਾਵਾਂ 'ਤੇ ਜਾਣ ਦਾ ਪ੍ਰਬੰਧ ਹੁੰਦਾ ਹੈ। ਇਸ ਦੇ ਉਲਟ ਪੇਂਡੂ ਬੱਚਿਆਂ ਲਈ ਨਾ ਚੰਗੇ ਸਕੂਲ ਹਨ ਤੇ ਨਾ ਹੀ ਪੜ੍ਹਾਈ ਦਾ ਮਾਹੌਲ। ਕਈ ਸਰਕਾਰੀ ਸਕੂਲ ਮੀਂਹ ਵਿੱਚ ਚੋਂਦੇ ਹਨ। ਕਈ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਅਤੇ ਪਖ਼ਾਨਿਆਂ ਦਾ ਵੀ ਕੋਈ ਪ੍ਰਬੰਧ ਨਹੀਂ ਹੁੰਦਾ। ਲਾਇਬ੍ਰੇਰੀ ਦੀਆਂ ਅਲਮਾਰੀਆਂ ਕਦੇ ਖੁੱਲ੍ਹਦੀਆਂ ਹੀ ਨਹੀਂ, ਕਿਉਂਕਿ ਸਕੂਲਾਂ ਵਿੱਚ ਲਾਇਬ੍ਰੇਰੀਅਨ ਦੀ ਕੋਈ ਪੋਸਟ ਹੀ ਨਹੀਂ ਹੁੰਦੀ। ਸੰਸਾਰ ਬੈਂਕ ਦੀ ਰਿਪੋਰਟ ਸੀ ਕਿ ਪੰਜਾਬ ਵਿੱਚ 36 ਫ਼ੀ ਸਦੀ ਸਰਕਾਰੀ ਸਕੂਲਾਂ ਦੇ ਅਧਿਆਪਕ ਬਿਨਾਂ ਛੁੱਟੀ ਲਿਆਂ ਸਕੂਲਾਂ ਤੋਂ ਗ਼ੈਰ-ਹਾਜ਼ਰ ਰਹਿੰਦੇ ਹਨ ਜਦੋਂ ਕਿ 49.8 ਫ਼ੀ ਸਦੀ ਅਧਿਆਪਕ ਸਕੂਲ ਵਿੱਚ ਆ ਤਾਂ ਜਾਂਦੇ ਹਨ ਪਰ ਪੜ੍ਹਾਉਂਦੇ ਨਹੀਂ। ਸਰਕਾਰੀ ਸਕੂਲ ਅਧਿਆਪਕਾਂ ਦੀ ਸਕੂਲ ਤੋਂ

ਗ਼ੈਰ-ਹਾਜ਼ਰੀ ਵਿੱਚ ਭਾਰਤ ਯੁਗਾਂਡਾ ਨੂੰ ਛੱਡ ਕੇ ਇੱਕ ਨੰਬਰ ’ਤੇ ਹੈ। ਬੱਚੇ ਗਾਈਡਾਂ ਤੋਂ ਰੱਟੇ ਲਗਾਉਂਦੇ ਹਨ। ਇਮਤਿਹਾਨ ਸਮੇਂ ਅਧਿਆਪਕ ਨਿਗਰਾਨੀ ਘੱਟ ਰੱਖਦੇ ਹਨ ਤੇ ਨਕਲ ਕਰਵਾਉਣ ਦਾ ਕੰਮ ਵੱਧ ਕਰਦੇ ਹਨ।

ਪੜ੍ਹਾਈ ਜਾਣ ਵਾਲੀ ਬਹੁਤੀ ਪੜ੍ਹਾਈ ਅਸਲ ਜ਼ਿੰਦਗੀ ਦੇ ਹਾਣ ਦੀ ਨਹੀਂ। ਬੱਚਿਆਂ ਦੀਆਂ ਪਿੱਠਾਂ ’ਤੇ ਲੋੜ ਤੋਂ ਵੱਧ ਭਾਰੇ ਬਸਤੇ ਹਨ। ਪ੍ਰਾਈਵੇਟ ਸਕੂਲਾਂ ਵਿੱਚ ਆਪਣੇ ਮੁਨਾਫ਼ੇ ਹਿੱਤ ਵਾਧੂ ਕਿਤਾਬਾਂ-ਕਾਪੀਆਂ ਦਾ ਬੋਝ ਬੱਚਿਆਂ ਦੀਆਂ ਪਿੱਠਾਂ ’ਤੇ ਲੱਦ ਦਿੰਦੇ ਹਨ। ਇੱਕ ਰਿਪੋਰਟ ਅਨੁਸਾਰ ਬਸਤਿਆਂ ਦੇ ਜ਼ਿਆਦਾ ਬੋਝ ਨਾਲ 23 ਫ਼ੀ ਸਦੀ ਬੱਚੇ ਪਿੱਠ ਦਰਦ ਦੇ ਸ਼ਿਕਾਰ ਹਨ।

ਨਿੱਜੀ ਸਕੂਲਾਂ ਵਿੱਚ ਆਮ ਕਰਕੇ ਅਧਿਆਪਕ ਤੇ ਮਾਪਿਆਂ ਦੀਆਂ ਮਿਲਣੀਆਂ ਹੁੰਦੀਆਂ ਰਹਿੰਦੀਆਂ ਹਨ; ਪਰ ਪਿੰਡਾਂ ਵਿੱਚ ਵਿਰਲੀਆਂ ਮਿਲਣੀਆਂ ਹੁੰਦੀਆਂ ਹਨ। ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਅਕਸਰ ਅਧਿਆਪਕ ਮਾਪੇ ਸਭਾ ਹੁੰਦੀ ਹੀ ਨਹੀਂ।

ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਦਿਆਂ ਕਿਸੇ ਵੀ. ਵੀ. ਆਈ. ਪੀ. ਜਾਂ ਮੰਤਰੀ ਆਦਿ ਦੇ ਸਵਾਗਤ ਲਈ ਜਾਂ ਕਿਸੇ ਵੀ ਕੌਮੀ ਦਿਵਸ ਸਮੇਂ ਬੱਚਿਆਂ ਨੂੰ ਸੜਕਾਂ ਦੇ ਕਿਨਾਰੇ ਦੇਰ ਤਕ ਖੜ੍ਹਾ ਰੱਖ ਕੇ ਪ੍ਰੇਸ਼ਾਨ ਨਾ ਕੀਤਾ ਜਾਵੇ। ਸਕੂਲਾਂ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਸਮੇਂ ਅਦਿੱਖ ਅਤੇ ਅਣਹੋਂਦ ਰੱਬ ਦੇ ਦਰਸ਼ਨਾਂ ਲਈ ਅੱਖਾਂ ਮੁੰਦਣ ਦੀ ਥਾਂ ਕੁਦਰਤ ਦੇ ਜੀਆਂ, ਜੰਤੂਆਂ, ਪਸ਼ੂ-ਪੰਛੀਆਂ, ਫੁੱਲਾਂ-ਰੁੱਖਾਂ, ਦਰਿਆਵਾਂ, ਅਤੇ ਝੀਲਾਂ ਨਾਲ ਪਿਆਰ ਕਰਨਾ ਸਿਖਾਉਣਾ ਚਾਹੀਦਾ ਹੈ।

ਵੱਖ-ਵੱਖ ਟੀ.ਵੀ. ਚੈਨਲਾਂ ’ਤੇ ਆ ਰਹੇ ਬਹੁਤੇ ਪ੍ਰੋਗਰਾਮ ਤਰਕਹੀਣ, ਗ਼ੈਰ-ਵਿਗਿਆਨਕ, ਸੁਪਨਈ, ਮਾਰਧਾੜ, ਸੈਕਸ, ਹਿੰਸਾ, ਰੇਪ, ਜਾਸੂਸੀ, ਠੱਗੀ, ਧਾਰਮਿਕ ਫ਼ਿਰਕੂ ਪੁਨਰ-ਸੁਰਜੀਤੀ, ਅੰਧ-ਵਿਸ਼ਵਾਸ, ਭੂਤ-ਪ੍ਰੇਤ, ਭਟਕਦੀਆਂ ਰੂਹਾਂ ਅਤੇ ਲਚਰ ਘਟਨਾਵਾਂ ਨਾਲ ਲਬਰੇਜ ਹੁੰਦੇ ਹਨ। ਇਸ ਪਾਸੇ ਸਰਕਾਰ ਨੂੰ ਥੋੜ੍ਹੀ ਸੰਜੀਦਗੀ ਦਿਖਾਉਣੀ ਚਾਹੀਦੀ ਹੈ। ਮਾਪਿਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਸਾਰੂ ਤਰਕਸ਼ੀਲ ਅਤੇ ਵਿਗਿਆਨਕ ਆਧਾਰ ਵਾਲੇ ਪ੍ਰੋਗਰਾਮ ਦੇਖਣ ਲਈ ਪ੍ਰੇਰਨ।

ਭਾਰਤ ਵਿੱਚ ਵੱਡੀ ਗਿਣਤੀ ’ਚ ਪੜ੍ਹਾਈ ਅੱਧਵਾਟੇ ਰਹਿਣ ਦਾ



ਕਾਰਨ ਆਰਥਿਕ ਮਜਬੂਰੀ ਹੁੰਦੀ ਹੈ। ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹੁੰਦੇ ਹਨ। ਸੰਸਾਰ ਭਰ ਵਿੱਚ ਸਭ ਤੋਂ ਵੱਧ ਬਾਲ ਮਜ਼ਦੂਰ ਭਾਰਤ ਵਿੱਚ ਹਨ, ਜਿਨ੍ਹਾਂ ਦੀ ਗਿਣਤੀ 6 ਕਰੋੜ ਤੋਂ ਵੱਧ ਹੈ। ਹਰ ਸਾਲ 20 ਫ਼ੀਸਦੀ ਹੋਰ ਬੱਚੇ ਬਾਲ ਮਜ਼ਦੂਰੀ ਦੀ ਲਪੇਟ ਵਿੱਚ ਆ ਜਾਂਦੇ ਹਨ। ਸੰਸਾਰ ਵਿੱਚ 38 ਕਰੋੜ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ। ਇਨ੍ਹਾਂ ਵਿੱਚੋਂ ਅੱਧੇ ਬੱਚੇ ਇਕੱਲੇ ਭਾਰਤ ਵਿੱਚ ਹੀ ਰਹਿੰਦੇ ਹਨ। ਪੰਜਾਬ ਹਾਲੀ ਤਕ ਖਪਤ ਸੱਭਿਆਚਾਰ ਤੇ ਨਸ਼ਿਆਂ ਦੇ ਸੇਵਨ ਵਿੱਚ ਨੰਬਰ ਵਨ ਉੱਤੇ ਹੈ। ਪੰਜਾਬ ਬੱਚਿਆਂ ਦੀ ਸਿੱਖਿਆ ਵਿੱਚ ਆਪਣਾ ਬਣਦਾ ਯੋਗਦਾਨ ਪਾਵੇ। ਧਾਰਮਿਕ ਸਥਾਨਾਂ ਦੀ ਥਾਂ ਪੈਸਾ ਸਕੂਲਾਂ ’ਤੇ ਖ਼ਰਚੇ। ਬੱਚਿਆਂ ਨੂੰ ਹਰ ਰੋਜ਼ ਖੇਡ ਮੈਦਾਨ ਵਿੱਚ ਭੇਜਣ ਦਾ ਮੌਕਾ ਤੇ ਪ੍ਰੇਰਨਾ ਮਿਲੇ। ਸਕੂਲਾਂ ਵਿੱਚ ਵੱਧ ਤੋਂ ਵੱਧ ਸੱਭਿਆਚਾਰਕ ਸਰਗਰਮੀਆਂ ਹੋਣ। ਬੱਚੇ ਨੂੰ ਸ਼ਖ਼ਸੀਅਤ ਉਸਾਰਣ ਦਾ ਮੌਕਾ ਤੇ ਉਤਸ਼ਾਹ ਦਿੱਤਾ ਜਾਵੇ । ਮਾਪਿਆਂ ਤੇ ਅਧਿਆਪਕਾਂ ਦਾ ਪਿਆਰ ਮਿਲੇ-ਸੰਪੂਰਣ ਤੇ ਸੰਤੁਲਿਤ ਸ਼ਖ਼ਸੀਅਤ ਉੱਭਰੇ।

ਮੋ: 94638-08697

(ਪੰ: ਟ੍ਰਿ: 12-6-2015 ’ਚੋਂ ਧੰਨਵਾਦ ਸਹਿਤ !)

# ਮਾਨਵੀ ਕੀਮਤਾਂ ਵਿਹੂਣੀ ਸਿੱਖਿਆ ਦਾ ਸੰਤਾਪ

**ਹਰਜੀਤ ਕੌਰ ਵਿਰਕ**

21ਵੀਂ ਸਦੀ ਦਾ ਯੁੱਗ ਗਿਆਨ ਦਾ ਯੁੱਗ ਹੈ । ਵਿਸ਼ਵੀਕਰਨ ਦੇ ਸੰਦਰਭ ਵਿੱਚ ਗਿਆਨ, ਵਿਗਿਆਨ, ਸੂਚਨਾ ਅਤੇ ਤਕਨੀਕ ਦੇ ਵਧਦੇ ਪਸਾਰੇ ਨੇ ਸਮੁੱਚੇ ਵਿਸ਼ਵ ਨੂੰ ਮੰਡੀ ਦੇ ਰੂਪ ਵਿੱਚ ਇੱਕ ਮੰਚ ਉੱਪਰ ਲਿਆ ਦਿੱਤਾ ਹੈ । ਮਨੁੱਖ ਨੇ ਹੈਰਾਨ ਕਰ ਦੇਣ ਵਾਲੀਆਂ ਪ੍ਰਾਪਤੀਆਂ ਦਾ ਇਤਿਹਾਸ ਸਿਰਜਿਆ ਹੈ, ਪਰ ਅੱਜ ਵੀ ਨਵੀਆਂ-ਨਵੀਆਂ ਅਲਾਮਤਾਂ ਮਨੁੱਖ ਦੇ ਦਰਪੇਸ਼ ਆਈਆਂ ਹਨ । ਅੱਜ ਦੇ ਉਪਭੋਗੀ ਸਭਿਆਚਾਰ ਤਹਿਤ ਮਨੁੱਖ ਪਦਾਰਥਕ ਲਾਲਸਾ ਤਹਿਤ ਭੌਤਿਕ ਸੰਸਕ੍ਰਿਤੀ ਪਿੱਛੇ ਅੰਨ੍ਹੇਵਾਹ ਦੌੜ ਲਾ ਰਿਹਾ ਹੈ, ਜਿਸ ਸਦਕਾ ਉਸ ਦੇ ਜੀਵਨ ਵਿੱਚੋਂ ਮਾਨਵੀ ਕੀਮਤਾਂ ਮਨਫ਼ੀ ਹੋ ਰਹੀਆਂ ਹਨ ਅਤੇ ਉਸ ਦੇ ਵਿਅਕਤੀਗਤ ਜੀਵਨ ਵਿੱਚ ਗਿਰਾਵਟ ਆ ਗਈ ਹੈ । ਅਜੋਕੀ ਸਿੱਖਿਆ ਮੰਡੀ ਦੀ ਵਸਤੂ ਬਣ ਕੇ ਰਹਿ ਗਈ ਹੈ। ਮੌਜੂਦਾ ਸਮੇਂ ਵਿੱਚ ਵਿੱਦਿਆ ਪੈਸਾ ਕਮਾਉਣ ਦੇ ਕਾਬਲ ਤਾਂ ਬਣਾ ਰਹੀ ਹੈ ਪਰ ਸੁਘੜ ਇਨਸਾਨ ਨਹੀਂ ਬਣਾ ਰਹੀ। ਅੱਜ ਹਿੰਸਾਤਮਿਕ ਵਰਤਾਰੇ, ਵਿਦਰੋਹ, ਅਨੁਸ਼ਾਸਨਹੀਣਤਾ, ਬੇਚੈਨੀ, ਬਦਅਮਨੀ, ਲੜਾਈ-ਝਗੜੇ, ਕੁਕਰਮ, ਅਸਹਿਣਸ਼ੀਲਤਾ, ਤਣਾਓ, ਰੈਗਿੰਗ ਤੇ ਭ੍ਰਿਸ਼ਟਾਚਾਰ ਵਰਗੇ ਅਮਾਨਵੀ ਪਹਿਲੂ ਸਾਡੇ ਸਨਮੁੱਖ ਹਨ ਜਿਨ੍ਹਾਂ ਨੂੰ ਠੱਲ੍ਹ ਪਾਉਣਾ ਅਜੋਕੇ ਸਮੇਂ ਦਾ ਪ੍ਰਮੁੱਖ ਮਸਲਾ ਹੈ। ਅੱਜ ਸਾਡੇ ਵਿੱਦਿਅਕ ਸਿਸਟਮ ਵਿੱਚ ਬੱਚੇ ਨੂੰ ਅੱਖਰ ਗਿਆਨ ਦੇ ਕੇ ਸਾਖਰ ਤਾਂ ਕੀਤਾ ਜਾਂਦਾ ਹੈ ਪਰ ਵਿਵਹਾਰਿਕ ਜ਼ਿੰਦਗੀ ਦਾ ਗਿਆਨ ਨਹੀਂ ਦਿੱਤਾ ਜਾਂਦਾ।

ਪਰੰਪਰਕ ਗੁਰੂ ਚੇਲੇ ਦੇ ਰਿਸ਼ਤੇ ਵਾਲੀ ਗੱਲ ਹੁਣ ਖ਼ਤਮ ਹੋ ਗਈ। ਅੱਜ ਮਾਨਵੀ ਕੀਮਤਾਂ ਦਾ ਵਿਘਟਨ ਹੋ ਰਿਹਾ ਹੈ। ਅਧਿਆਪਕ ਬੱਚਿਆਂ ਵਿੱਚ ਨੈਤਿਕ ਕੀਮਤਾਂ ਉਤਪੰਨ ਕਰਨ ਵਿੱਚ ਅਹਿਮ ਰੋਲ ਅਦਾ ਕਰ ਸਕਦਾ ਹੈ। ਉਸ ਦੇ ਹੱਥ ਬੱਚਿਆਂ ਦੇ ਰੂਪ ਵਿੱਚ ਰਾਸ਼ਟਰ ਦਾ ਭਵਿੱਖ ਹੁੰਦਾ ਹੈ। ਵਿਦਿਆਰਥੀਆਂ ਨੂੰ ਤਹਿਜ਼ੀਬ ਅਤੇ ਸ਼ਿਸ਼ਟਾਚਾਰ ਸਿਖਾਉਣ ਲਈ ਅਧਿਆਪਕ ਨੂੰ ਸਿੱਖਿਆ ਦੇਣ ਨੂੰ ਇੱਕ ਕਿੱਤਾ ਨਹੀਂ ਸਗੋਂ ਸਮਾਜ ਸੇਵਾ ਦੇ ਰੂਪ ਵਿੱਚ ਦੇਖਣਾ ਪਵੇਗਾ।ਉਸ ਨੂੰ ਸ਼ਰਧਾ ਤੇ ਸਮਰਪਣ ਦੀ ਭਾਵਨਾ ਦਾ ਮੁਜੱਸਮਾ ਬਣਨਾ ਪਵੇਗਾ। ਅਧਿਆਪਕ ਬੱਚਿਆਂ ਵਿੱਚ ਸੇਵਾ, ਨਿਮਰਤਾ, ਪਰਉਪਕਾਰ, ਸਹਿਣਸ਼ੀਲਤਾ, ਮਿਲਵਰਤਨ, ਮਾਨਵੀ ਕੀਮਤਾਂ ਨੂੰ ਉਤਸ਼ਾਹਿਤ ਕਰੇ। ਉਸਨੂੰ ਬਾਹਰੀ ਗਿਆਨ ਦੇ ਨਾਲ-ਨਾਲ ਬੱਚਿਆਂ ਨੂੰ ਅੰਤਰੀਵੀ ਗਿਆਨ ਦਿੱਤਾ ਜਾਵੇ, ਤਾਂ ਜੋ ਬੱਚਿਆਂ ਦਾ ਮਾਨਸਿਕ ਦਬਾਅ ਖ਼ਤਮ



ਹੋਵੇ। ਅਧਿਆਪਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਸਹਾਇਕ ਕਿਰਿਆਵਾਂ, ਵਿਸ਼ੇਸ਼ਗਾਂ ਦੇ ਲੈਕਚਰ, ਪੁਸਤਕ, ਪ੍ਰਦਰਸ਼ਨੀਆਂ, ਭਾਸ਼ਣ ਮੁਕਾਬਲੇ, ਮਹਾਨ ਨਾਇਕਾਂ ਦੇ ਜਨਮ ਦਿਹਾੜਿਆਂ, ਨਾਲ ਸੰਬੰਧਿਤ ਅਜਿਹੇ ਪ੍ਰੋਗਰਾਮਾਂ ਦਾ ਪ੍ਰਬੰਧ ਕਰੇ ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਲਾਜ਼ਮੀ ਹੋਵੇ। ਅਧਿਆਪਕ ਬੱਚਿਆਂ ਲਈ ਰੋਲ ਮਾਡਲ ਬਣੇ, ਜਿਸਦੀ ਬੱਚੇ ਨਕਲ ਕਰਨ। ਬੱਚਿਆਂ ਦੇ ਨੈਤਿਕ ਵਿਕਾਸ ਸਦਕਾ ਹੀ ਉਨ੍ਹਾਂ ਦਾ ਸੰਤੁਲਿਤ ਵਿਕਾਸ ਹੋ ਸਕੇਗਾ ਜਿਸਦੇ ਫਲਸਰੂਪ ਸਿੱਖਿਆ ਵਿੱਚ ਗੁਣਾਤਮਿਕਤਾ ਆ ਸਕੇਗੀ।

ਵਿੱਦਿਆ ਇੱਕ ਅਨਮੋਲ ਖ਼ਜ਼ਾਨਾ ਹੈ। ਵਿੱਦਿਆ ਹੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਚਾਨਣ ਵੰਡਦੀ ਹੈ। ਕਈ ਵਾਰ ਅੱਖਰ ਗਿਆਨ ਤੋਂ ਅਧੂਰਾ ਵਿਅਕਤੀ ਵੀ ਸੂਝਵਾਨ ਹੋ ਸਕਦਾ ਹੈ ਜਦਕਿ ਇੱਕ ਪੜ੍ਹਿਆ-ਲਿਖਿਆ ਨਿਕੰਮਾ ਵੀ ਹੋ ਸਕਦਾ ਹੈ। ਸਿੱਖਿਆ ਮਨੁੱਖ ਨੂੰ ਚੰਗਿਆਈ ਸਿਖਾਉਂਦੀ ਹੈ ਤੇ ਚੰਗਿਆਈ ਸਮਾਜ ਭਲਾਈ ਦਾ ਸਬਕ ਪੜ੍ਹਾਉਂਦੀ ਹੈ। ਇਸਦਾ ਹੰਕਾਰ ਨਾਲ ਕੋਈ ਰਿਸ਼ਤਾ ਨਹੀਂ। ਗੁਰਬਾਣੀ ਅਨੁਸਾਰ '**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**' (ਅੰ:੧੪੦)। ਜੋ ਮਨੁੱਖ ਪੜ੍ਹਾਈ ਦਾ ਮਾਣ ਹੰਕਾਰ ਕਰਦਾ ਹੈ, ਉਹ ਮੂਰਖ ਹੈ। ਬੁਲ੍ਹੇਸ਼ਾਹ ਅਨੁਸਾਰ '**ਪੜ੍ਹ ਪੜ੍ਹ ਆਲਮ ਫਾਜ਼ਲ ਹੋਇਆ ਕਦੇ ਆਪਣੇ ਆਪ ਨੂੰ ਪੜ੍ਹਿਆ ਹੀ ਨਹੀਂ**' ਆਪਣੇ ਆਪ ਨੂੰ ਪੜ੍ਹਨਾ, ਜਾਣਨਾ ਬਹੁਤ ਜ਼ਰੂਰੀ ਹੈ।

ਹਰ ਵਿਅਕਤੀ ਲਈ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਲਈ ਜਾਣੂ ਹੋਣਾ ਉਸਦਾ ਫ਼ਰਜ਼ ਹੈ।ਅਜੋਕੀ ਪੀੜ੍ਹੀ ਸਮਾਜਿਕ ਕੁਰੀਤੀਆਂ, ਗ਼ਲਤ ਕੰਮਾਂ ਤੇ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫਸੀ ਹੈ। ਉਸਨੂੰ ਸਹੀ ਮਾਰਗ ਦਰਸ਼ਨ ਦੇ ਕੇ ਸਹੀ ਦਿਸ਼ਾ ਵੱਲ ਲਿਆਉਣਾ ਜ਼ਰੂਰੀ ਹੈ। ਇਹ ਤਦ ਹੀ ਹੋ ਸਕਦਾ ਹੈ ਜਦੋਂ ਮਾਪੇ, ਅਧਿਆਪਕ ਤੇ ਬੱਚੇ ਦਾ ਸੁਚਾਰੂ ਤਾਲਮੇਲ ਹੋਵੇਗਾ। ਮਾਪਿਆਂ ਨੂੰ ਵੀ ਮਾਨਵੀ ਕੀਮਤਾਂ ਬੱਚਿਆਂ ਵਿੱਚ ਪੈਦਾ ਕਰਨ ਲਈ ਪਹਿਲ-ਕਦਮੀ ਕਰਨੀ ਚਾਹੀਦੀ ਹੈ। ਨੈਤਿਕ ਕੀਮਤਾਂ ਦੇ ਆਧਾਰ 'ਤੇ ਅਸੀਂ ਆਪਣੇ ਵਿੱਦਿਅਕ ਸਿਸਟਮ ਨੂੰ ਹੋਰ ਵੀ ਉੱਚਾ ਉਠਾ ਸਕਦੇ ਹਾਂ।

M : 94632-10347

# ਮਹਿੰਗੀ ਸਿੱਖਿਆ ਦਾ ਪਰਛਾਵਾਂ

**ਬਖਸ਼ੀਸ਼ ਸਿੰਘ ਸਭਰਾ**

ਵਿੱਦਿਆ ਰੂਪੀ ਤੀਜਾ ਨੇਤਰ ਪ੍ਰਾਪਤ ਕਰਨਾ ਅੱਜਕੱਲ੍ਹ ਇੰਨਾ ਮਹਿੰਗਾ ਹੋ ਚੁੱਕਾ ਹੈ ਕਿ ਗ਼ਰੀਬ ਬੱਚੇ ਅਸਮਰੱਥ ਹੋਈ ਜਾ ਰਹੇ ਹਨ। ਹੁਣ ਇਹ ਵਿੱਦਿਆ ਵਪਾਰ ਬਣ ਚੁੱਕੀ ਹੈ। ਪਿਛਲੇ ਦਿਨੀਂ ਮੇਰੀ ਭਤੀਜੀ ਕਹਿਣ ਲੱਗੀ ਕਿ ਪਾਪਾ ਮੈਂ ਗਿਆਰ੍ਹਵੀਂ ਵਿੱਚ ਮੈਡੀਕਲ ਰੱਖਣਾ ਹੈ। ਤੁਸੀਂ ਦਾਖ਼ਲੇ ਬਾਰੇ ਕਿਸੇ ਕੋਚਿੰਗ ਸੈਂਟਰ ਨਾਲ ਗੱਲ ਕਰਕੇ ਆਓ। ਅੱਜਕੱਲ੍ਹ ਚੰਡੀਗੜ੍ਹ ਵਿੱਚ ਕੋਚਿੰਗ ਸੈਂਟਰਾਂ ਦਾ ਹੜ੍ਹ ਆਇਆ ਹੋਇਆ ਹੈ। ਇਹਨਾਂ ਸੰਸਥਾਵਾਂ ਵਾਲਿਆਂ ਨੇ ਮੈਡੀਕਲ, ਨਾਨ-ਮੈਡੀਕਲ, ਆਈ.ਆਈ.ਟੀ. ਆਦਿ ਸੰਸਥਾਵਾਂ ਵਿੱਚ ਸ਼ਰਤੀਆ ਦਾਖ਼ਲੇ ਦਿਵਾਉਣ ਦੇ ਬੋਰਡ ਲਗਾਏ ਹੋਏ ਹਨ। ਇਹ ਸੰਸਥਾਵਾਂ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਣ ਲਈ ਸਕੂਲਾਂ ਵਿੱਚ ਪਹਿਲਾਂ ਹੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਮੈਂ ਵੀ ਇੱਕ ਅਜਿਹੇ ਕੋਚਿੰਗ ਸੈਂਟਰ ਵਿੱਚ ਗਿਆ। ਉੱਥੇ ਬੈਠੀ ਮੈਡਮ ਕਹਿਣ ਲੱਗੀ ਕਿ ਦੱਸੋ, ਤੁਹਾਡੇ ਬੱਚੇ ਨੇ ਕਿਹੜੀ ਕਲਾਸ ਵਿੱਚ ਦਾਖ਼ਲਾ ਲੈਣਾ ਹੈ? ਮੈਂ ਉਹਨੂੰ ਦੱਸਿਆ ਕਿ ਮੇਰੀ ਭਤੀਜੀ ਹੈ ਜੋ ਦਸਵੀਂ ਵਿੱਚ ਪੜ੍ਹਦੀ ਹੈ। ਉਸਨੇ ਮੈਡੀਕਲ ਦੇ ਪਹਿਲੇ ਸਾਲ ਵਿੱਚ ਦਾਖ਼ਲਾ ਲੈਣਾ ਹੈ। ਉਹ ਕਹਿਣ ਲੱਗੀ ਪਹਿਲਾਂ ਸਾਡਾ ਇਮਤਿਹਾਨ ਪਾਸ ਕਰਨਾ ਪਵੇਗਾ।ਉਨ੍ਹਾਂ ਨੇ ਫਾਰਮ ਕੱਢਿਆ ਤੇ ਭਰਨਾ ਸ਼ੁਰੂ ਕਰ ਦਿੱਤਾ। ਫਾਰਮ ਭਰ ਕੇ ਮੇਰੇ ਹੱਥ ਫੜਾਇਆ ਅਤੇ ਮੈਨੂੰ ਕਹਿਣ ਲੱਗੀ ਕਿ 600 ਰੁਪਏ ਦੇ ਦਿਓ ਜੀ। ਮੈਂ 600 ਰੁਪਏ ਦੇ ਕੇ ਫਾਰਮ ਲੈ ਕੇ ਆ ਗਿਆ। ਫਿਰ ਟੈਸਟ ਹੋਇਆ ਜਿਹੜਾ ਬੇਟੀ ਨੇ ਦੇ ਦਿੱਤਾ। ਇਸ ਟੈਸਟ ਵਿੱਚੋਂ ਕਿੰਨੇ ਨੰਬਰ ਆਏ ਕੁਝ ਪਤਾ ਨਹੀਂ। ਕੁਝ ਦਿਨਾਂ ਬਾਅਦ ਫ਼ੋਨ 'ਤੇ ਸੱਦਾ ਆ ਗਿਆ ਕਿ ਤੁਹਾਡੀ ਬੇਟੀ ਪਾਸ ਹੋ ਗਈ ਹੈ। ਇਸਦੇ ਦਾਖ਼ਲੇ ਦੇ ਪੈਸੇ ਜਮ੍ਹਾਂ ਕਰਵਾਓ। ਮੈਂ ਸਮਝ ਗਿਆ ਕਿ ਇਹ ਸਾਰਾ ਕੁਝ 600 ਰੁਪਏ ਲੈਣ ਲਈ ਡਰਾਮਾ ਕੀਤਾ ਗਿਆ ਸੀ।

ਜਦੋਂ ਮੈਂ ਉਸਦੇ ਦਾਖ਼ਲੇ ਲਈ ਪੈਸੇ ਜਮ੍ਹਾਂ ਕਰਵਾਉਣ ਗਿਆ ਤਾਂ ਮੈਨੂੰ ਪਤਾ ਲੱਗਿਆ ਕਿ 2 ਸਾਲ ਦਾ 2 ਲੱਖ ਲੱਗਣਾ ਹੈ। ਮੈਂ ਇੰਨਾ ਖ਼ਰਚਾ ਸੁਣ ਕੇ ਸੁੰਨ ਹੋ ਗਿਆ।ਹੋਸਟਲ ਅਤੇ ਆਉਣ-ਜਾਣ ਦਾ ਖ਼ਰਚਾ ਵੱਖਰਾ ਜਿਹੜਾ ਕਈ ਲੱਖ ਬਣ ਜਾਂਦਾ ਹੈ। ਸਕੂਲ ਦਾ ਖ਼ਰਚ ਵੱਖਰਾ ਹੈ। ਮੈਨੂੰ



ਇਹ ਵੀ ਕਿਹਾ ਗਿਆ ਕਿ ਬੱਚੇ ਨੂੰ ਉਸ ਸਕੂਲ ਵਿੱਚ ਦਾਖ਼ਲ ਕਰਾਉਣਾ ਹੈ ਜਿੱਥੇ ਬੱਚੇ ਨੂੰ ਜਾਣ ਦੀ ਲੋੜ ਨਾ ਪਵੇ। ਸਿਰਫ਼ ਉਹ ਇਮਤਿਹਾਨ ਦੇਣ ਲਈ ਜਾਣਗੇ। ਇਨ੍ਹਾਂ ਕੋਚਿੰਗ ਸੈਂਟਰਾਂ ਨੇ ਆਪਣੀਆਂ ਵਰਦੀਆਂ ਲਗਾਈਆਂ ਹੋਈਆਂ ਹਨ, ਸਿਰਫ਼ ਉਹੀ ਵਰਦੀ ਪਾ ਕੇ ਤੁਸੀਂ ਕੋਚਿੰਗ ਸੈਂਟਰ ਜਾ ਸਕਦੇ ਹੋ। ਜਿਹੜੀਆਂ ਲੜਕੀਆਂ ਜੀਨ ਨਹੀਂ ਪਾਉਣੀਆਂ ਚਾਹੁੰਦੀਆਂ ਉਹਨਾਂ ਨੂੰ ਵੀ ਮਜਬੂਰੀ ਵੱਸ ਇਹ ਪਾਉਣੀਆਂ ਪੈਂਦੀਆਂ ਹਨ। ਇਹ ਸਕੂਲ ਵਾਲੇ ਸਾਡੀਆਂ ਜੇਬਾਂ ਨਹੀਂ ਕੱਟਦੇ ਸਗੋਂ ਸੱਭਿਆਚਾਰ ਦਾ ਵੀ ਨੁਕਸਾਨ ਕਰ ਰਹੇ ਹਨ। ਇਹ ਸਾਡੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲੋਂ ਤੋੜ ਕੇ ਪੱਛਮੀ ਸੱਭਿਆਚਾਰ ਨਾਲ ਜੋੜਨ ਦਾ ਕੰਮ ਵੀ ਕਰ ਰਹੇ ਹਨ।ਮੈਨੂੰ ਇਹ ਸੁਣ ਕੇ ਬੜੀ ਹੈਰਾਨੀ ਹੋਈ ਕਿ ਇਨ੍ਹਾਂ ਕੋਚਿੰਗ ਸੈਂਟਰਾਂ ਵਿੱਚ ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਦੇ ਬੱਚੇ ਵੀ ਪੜ੍ਹ ਰਹੇ ਹਨ, ਜਿਨ੍ਹਾਂ ਦੇ ਦਾਖ਼ਲੇ ਉਨ੍ਹਾਂ ਦੇ ਸ਼ਹਿਰਾਂ ਵਿੱਚ ਹੋਏ ਹਨ, ਪਰ ਪੜ੍ਹ ਚੰਡੀਗੜ੍ਹ ਰਹੇ ਹਨ। ਇਨ੍ਹਾਂ ਸੰਸਥਾਵਾਂ ਨੇ ਆਪਣੀਆਂ ਬੱਸਾਂ ਰੱਖੀਆਂ ਹੋਈਆਂ ਹਨ, ਜਿਨ੍ਹਾਂ 'ਤੇ ਬੱਚੇ ਆਉਂਦੇ ਹਨ। ਇੱਕ ਕਿਲੋਮੀਟਰ ਜਾਣ ਆਉਣ ਲਈ ਭਾਰੀ ਕਿਰਾਇਆ ਵਸੂਲ ਕੀਤਾ ਜਾਂਦਾ ਹੈ। ਹਰ ਪਾਸੇ ਲੁੱਟ ਹੀ ਲੁੱਟ ਹੈ। ਡਾਕਟਰ, ਇੰਜੀਨੀਅਰ ਜਾਂ ਹੋਰ ਕਿਸੇ ਚੰਗੇ ਕੋਰਸ ਵਿੱਚ ਦਾਖ਼ਲਾ ਲੈਣ ਵਾਲੇ ਟੈਸਟ ਤਕ ਪਹੁੰਚਣ ਲਈ ਹੀ ਲੱਖਾਂ ਰੁਪਇਆ ਚਾਹੀਦਾ ਹੈ। ਡਾਕਟਰ ਜਾਂ ਇੰਜੀਨੀਅਰ ਬਣਨ ਲਈ ਘੱਟੋ-ਘੱਟ 50 ਲੱਖ ਰੁਪਿਆ ਚਾਹੀਦਾ ਹੈ। ਇੰਨਾ ਪੈਸਾ ਗ਼ਰੀਬ ਆਦਮੀ ਕਿੱਥੋਂ ਲਿਆਵੇਗਾ? ਇੱਕ ਗ਼ਰੀਬ ਮਜ਼ਦੂਰ, ਪੇਂਡੂ ਕਿਸਾਨ, ਛੋਟਾ ਦੁਕਾਨਦਾਰ ਜਾਂ ਠੇਕੇ 'ਤੇ ਲੱਗਿਆ ਹੋਇਆ ਕੋਈ ਕਲਰਕ ਜਾਂ ਮਾਸਟਰ ਆਪਣੇ ਬੱਚੇ ਨੂੰ ਕਿਸੇ ਚੰਗੀ ਸੰਸਥਾ 'ਚ ਪੜ੍ਹਾ ਹੀ ਨਹੀਂ ਸਕਦਾ, ਕਿਉਂਕਿ ਮੁੱਢਲੀ ਪੜ੍ਹਾਈ ਲਈ ਹਜ਼ਾਰਾਂ ਰੁਪਏ ਚਾਹੀਦੇ ਹਨ ਜੋ ਹਰੇਕ ਦੇ ਵੱਸ ਦਾ ਰੋਗ ਨਹੀਂ ਹੈ।

ਮੈਨੂੰ ਇੱਕ ਮੇਰੇ ਰਿਸ਼ਤੇਦਾਰ ਨੇ ਦੱਸਿਆ ਕਿ ਉਸਨੇ ਆਪਣਾ ਬੱਚਾ ਪ੍ਰੀ ਨਰਸਰੀ ਵਿੱਚ ਦਾਖ਼ਲ ਕਰਾਇਆ ਹੈ, ਉਸਦਾ ਲੱਖ ਰੁਪਏ ਖ਼ਰਚ ਆਇਆ ਹੈ। ਪੱਚੀ ਸੌ ਰੁਪਏ ਮਹੀਨੇ ਦੀ ਫ਼ੀਸ ਅਤੇ 1400 ਰੁਪਏ ਬੱਸ ਦਾ ਕਿਰਾਇਆ ਹੈ।ਇਸ ਤੋਂ ਇਲਾਵਾ ਮਾਪਿਆਂ ਦੀ ਖੱਲ ਲਾਹੁਣ ਲਈ ਸਕੂਲ 'ਚ ਕੋਈ ਨਾ ਕੋਈ ਸਮਾਗਮ ਰੱਖਿਆ ਹੁੰਦਾ ਹੈ ਜਿਸਦਾ ਖ਼ਰਚਾ ਵੱਖਰਾ ਲਿਆ ਜਾਂਦਾ ਹੈ। ਹਾਲ ਇਹ ਹੈ ਕਿ ਬੱਚਿਆਂ ਦੇ ਮਾਪੇ ਮਹਿੰਗੀਆਂ ਫ਼ੀਸਾਂ

ਦੇ ਪੁੜਾਂ ਵਿੱਚ ਪਿਸ ਰਹੇ ਹਨ।ਜਦੋਂ ਮਾਪੇ ਬੱਚਿਆਂ 'ਤੇ ਇੰਨਾ ਖ਼ਰਚ ਕਰਦੇ ਹਨ ਤਾਂ ਕੁਦਰਤੀ ਹੈ ਕਿ ਉਹ ਬੱਚਿਆਂ ਤੋਂ ਇਸ ਦੇ ਬਦਲੇ ਚੰਗੇ ਨਤੀਜਿਆਂ ਦੀ ਆਸ ਰੱਖਦੇ ਹਨ। ਜਦੋਂ ਬੱਚੇ ਮਾਪਿਆਂ ਦੀਆਂ ਆਸਾਂ 'ਤੇ ਪੂਰੇ ਨਹੀਂ ਉਤਰਦੇ ਤਾਂ ਮਾਪੇ ਬੱਚਿਆਂ ਨੂੰ ਘੂਰਦੇ ਹਨ ਜਿਸ ਕਾਰਨ ਕਈ ਬੱਚੇ ਆਤਮ-ਹੱਤਿਆ ਦਾ ਰਾਹ ਚੁਣ ਲੈਂਦੇ ਹਨ। ਇੰਨੀ ਵੱਡੀ ਰਕਮ ਵਿੱਚ ਫ਼ੀਸਾਂ ਦੇ ਕੇ ਗ਼ਰੀਬ ਮਾਪੇ ਕਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਡਾਕਟਰ, ਇੰਜੀਨੀਅਰ ਜਾਂ ਇਹੋ ਜਿਹਾ ਕੋਈ ਹੋਰ ਚੰਗਾ ਕੋਰਸ ਕਰਵਾ ਸਕਦੇ ਹਨ। ਪਿੰਡਾਂ ਵਿੱਚ ਬਹੁਤ ਸਾਰੇ ਹੁਸ਼ਿਆਰ ਬੱਚੇ ਹਨ, ਪਰ ਉਹ ਚੰਗੀ ਪੜ੍ਹਾਈ ਤੋਂ ਵਾਂਝੇ ਇਸ ਲਈ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਮਾਪੇ ਭਾਰੀ ਫ਼ੀਸਾਂ ਨਹੀਂ ਦੇ ਸਕਦੇ ਅਤੇ ਉਹ ਆਪ ਅਜਿਹੇ ਕੋਚਿੰਗ ਸੈਂਟਰਾਂ ਵਿੱਚ ਪੜ੍ਹੇ ਵਿਦਿਆਰਥੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ। ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਕੋਚਿੰਗ ਸੈਂਟਰਾਂ/ਸਕੂਲਾਂ ਦੀਆਂ ਫ਼ੀਸਾਂ ਸੰਬੰਧੀ ਕੋਈ ਕਮਿਸ਼ਨ ਬਣਾਵੇ ਜਿਹੜਾ ਖ਼ਰਚੇ ਦੇ ਹਿਸਾਬ ਨਾਲ ਫ਼ੀਸਾਂ ਨਿਰਧਾਰਤ ਕਰੇ ਤਾਂ ਕਿ ਗ਼ਰੀਬ ਮਾਪੇ ਵੀ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾ ਸਕਣ।

ਸੰਪਰਕ: 94646-06083

(ਰੋ: ਪੰ: ਟ੍ਰਿ: 21-4-2015 'ਚੋਂ ਧੰਨਵਾਦ ਸਹਿਤ!)



# ਸਿੱਖਿਆ ਖੇਤਰ ਨੂੰ ਦਰਪੇਸ਼ ਚੁਣੌਤੀਆਂ

## ਪ੍ਰਿੰ: ਤਰਸੇਮ ਬਾਹੀਆ

ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਪੂਰਬੀ ਯੂਰਪ ਵਿੱਚ ਸਮਾਜਵਾਦੀ ਨਿਜ਼ਾਮਾਂ ਦੇ ਢਹਿ-ਢੇਰੀ ਹੋਣ ਤੋਂ ਬਾਅਦ ਗੰਭੀਰ ਆਰਥਿਕ ਸੰਕਟ ਵਿੱਚ ਫਸੇ ਹਿੰਦੋਸਤਾਨ ਨੇ ਵੀ ਵਿਸ਼ਵ ਮੰਡੀ ਨਾਲ ਜੁੜਣ ਅਤੇ ਨਿੱਜੀਕਰਨ, ਅਤੇ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਵਿੱਚ ਹੀ ਆਪਣੀ ਭਲਾਈ ਸਮਝੀ । ਇਨ੍ਹਾਂ ਨੀਤੀਆਂ ਕਾਰਨ ਸਿੱਖਿਆ ਅਤੇ ਸਿਹਤ ਵਰਗੇ ਜ਼ਰੂਰੀ ਖੇਤਰ ਵੀ ਮੰਦੀ ਆਰਥਿਕਤਾ ਦੇ ਪ੍ਰਭਾਵ ਅਧੀਨ ਆ ਗਏ । ਖੁੱਲ੍ਹੀ ਖ਼ਰੀਦੋ-ਫਰੋਖ਼ਤ ਦੇ ਸਨਮੁਖ ਇਹ ਮਹੱਤਵਪੂਰਨ ਸੇਵਾਵਾਂ ਸਮਾਜਮੁਖੀ ਜਾਂ ਲੋਕ ਮੁਖੀ ਖਾਸਾ ਗੁਆ ਕੇ ਵਪਾਰ ਮੁਖੀ ਜਾਂ ਮੁਨਾਫ਼ਾਮੁਖੀ ਹੋ ਗਈਆਂ । ਦਹਿਸ਼ਤਗਰਦੀ ਦੀ ਮਾਰ ਵਿੱਚੋਂ ਉੱਭਰਦਾ ਪੰਜਾਬ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਪਹਿਲੀਆਂ ਕਤਾਰਾਂ ਵਿੱਚ ਸੀ । ਇੱਥੋਂ ਦੀਆਂ ਸਰਕਾਰਾਂ ਬਹੁਤ ਜਲਦੀ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਦੇਣ ਦੀ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਈਆਂ, ਜਿਸ ਕਾਰਨ ਪੰਜਾਬ ਵਿੱਚ ਇਨ੍ਹਾਂ ਖੇਤਰਾਂ ਵਿੱਚ ਨਿੱਜੀਕਰਨ ਅਤੇ ਵਪਾਰੀਕਰਨ ਦੀ ਗਤੀ ਦੇਸ਼ ਦੇ ਦੂਜੇ ਹਿੱਸਿਆਂ ਨਾਲੋਂ ਵੱਧ ਸੀ । ਮਿਸਾਲ ਵਜੋਂ ਜਦੋਂ ਕਿ ਕੁੱਲ ਹਿੰਦ ਵਿੱਚ ਕਾਲਜਾਂ ਦੀ ਗਿਣਤੀ ਸਾਲ 2005-06 ਵਿੱਚ 19327 ਤੋਂ ਵਧ ਕੇ ਸਾਲ 2009-10 ਵਿੱਚ 31324 ਹੋਈ ਅਤੇ ਇਸ ਤਰ੍ਹਾਂ ਇਸ ਗਿਣਤੀ ਵਿੱਚ 67 ਫ਼ੀਸਦੀ ਦਾ ਵਾਧਾ ਹੋਇਆ। ਇਸੇ ਸਮੇਂ ਦੌਰਾਨ ਪੰਜਾਬ ਵਿੱਚ ਇਹ ਗਿਣਤੀ 440 ਤੋਂ ਵਧ ਕੇ 940 ਹੋਈ, ਜਿਸ ਨਾਲ ਕਾਲਜਾਂ ਦੀ ਗਿਣਤੀ ਵਿੱਚ 113 ਫ਼ੀਸਦੀ ਦਾ ਵਾਧਾ ਹੋਇਆ । ਇਕ ਦਹਾਕਾ ਪਹਿਲਾਂ ਪੰਜਾਬ ਵਿੱਚ ਬੀ. ਐਡ. ਕਾਲਜਾਂ ਦੀ ਗਿਣਤੀ ਤਕਰੀਬਨ 22, ਇੰਜੀਨੀਅਰਿੰਗ ਕਾਲਜਾਂ ਦੀ ਗਿਣਤੀ ਤਕਰੀਬਨ 8 ਸੀ, ਜਦੋਂ ਕਿ ਹੁਣ ਇਹ ਗਿਣਤੀ ਵਧ ਕੇ ਕ੍ਰਮਵਾਰ ਲਗਪਗ 185 ਅਤੇ 85 ਹੋ ਗਈ ਹੈ । ਇਹ ਸਾਰਾ ਵਾਧਾ ਮੁੱਖ ਤੌਰ 'ਤੇ ਨਿੱਜੀ ਖੇਤਰ ਵਿੱਚ ਹੀ ਹੋਇਆ ਹੈ। ਇੱਥੇ ਹੀ ਬਸ ਨਹੀਂ ਹੁਣ ਤਾਂ ਨਿੱਜੀ ਖੇਤਰ ਵਿੱਚ ਯੂਨੀਵਰਸਿਟੀਆਂ ਵੀ ਧੜਾਧੜ ਖੁੱਲ੍ਹ ਰਹੀਆਂ ਹਨ । 10 ਕੁ ਸਾਲ ਪਹਿਲਾਂ ਪੰਜਾਬ ਵਿੱਚ ਕੋਈ ਵੀ ਪ੍ਰਾਈਵੇਟ ਯੂਨੀਵਰਸਿਟੀ ਨਹੀਂ ਸੀ ਜਦਕਿ ਹੁਣ ਘੱਟੋ-ਘੱਟ 8

ਪ੍ਰਾਈਵੇਟ ਯੂਨੀਵਰਸਿਟੀਆਂ ਹੋਂਦ ਵਿੱਚ ਆ ਚੁੱਕੀਆਂ ਹਨ । ਸੂਬੇ ਦੀਆਂ ਸਰਕਾਰੀ ਯੂਨੀਵਰਸਿਟੀਆਂ ਦਾ ਵੀ ਅਸਿੱਧੇ ਢੰਗ ਨਾਲ ਵਪਾਰੀਕਰਨ ਕੀਤਾ ਜਾ ਰਿਹਾ ਹੈ । ਹੁਣ ਇੱਥੇ ਖੁੱਲ੍ਹਣ ਵਾਲੇ ਨਵੇਂ ਕੋਰਸਾਂ ਦੀਆਂ ਫ਼ੀਸਾਂ ਵੀ ਵਪਾਰਕ ਅਧਾਰ 'ਤੇ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ । ਪਹਿਲਾਂ ਹੀ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਪੇਂਡੂ ਅਤੇ ਗ਼ਰੀਬ ਵਿਦਿਆਰਥੀਆਂ ਦੀ ਗਿਣਤੀ ਬੜੀ ਨਿਗੂਣੀ ਹੈ । ਵਪਾਰੀਕਰਨ ਦੇ ਪ੍ਰਭਾਵ ਹੇਠ ਇਹ ਤਬਕੇ ਯੂਨੀਵਰਸਿਟੀ ਸਿੱਖਿਆ ਤੋਂ ਹੋਰ ਵੀ ਵਾਂਝੇ ਰਹਿ ਜਾਣਗੇ ।

ਪੂਰੇ ਭਾਰਤ ਵਿੱਚ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਗਿਣਤੀ ਵੱਜੋਂ ਅਜਿਹੇ ਅਦਾਰਿਆਂ ਦਾ ਹਿੱਸਾ ਕੇਵਲ 36.15 ਫ਼ੀਸਦੀ ਹੈ ਜਦਕਿ ਪੰਜਾਬ ਵਿੱਚ ਇਨ੍ਹਾਂ ਦਾ ਹਿੱਸਾ 78.9 ਫ਼ੀਸਦੀ ਹੋ ਚੁੱਕਿਆ ਹੈ । ਇਹ ਅਦਾਰੇ ਪੰਜਾਬ ਵਿੱਚ ਬਿਹਤਰ ਅਤੇ ਮਿਆਰੀ ਸਿੱਖਿਆ ਦੇਣ ਲਈ ਨਹੀਂ ਸਗੋਂ ਮੁਨਾਫ਼ਾ ਕਮਾਉਣ ਲਈ ਮੈਦਾਨ ਵਿੱਚ ਉਤਰੇ ਹਨ । ਇੱਕ ਅੰਦਾਜ਼ੇ ਅਨੁਸਾਰ ਇਸ ਵੇਲੇ ਸਿੱਖਿਆ ਦੇ ਖੇਤਰ ਵਿੱਚ ਮੁਨਾਫ਼ੇ ਦੀਆਂ ਦਰਾਂ ਕਿਸੇ ਵੀ ਹੋਰ ਕਾਰੋਬਾਰ ਨਾਲੋਂ ਵੱਧ ਹਨ । ਜੇ ਵਿਦਿਆ ਦੇ ਖੇਤਰ ਵਿੱਚ ਨਿੱਜੀ ਮੁਨਾਫ਼ਾਖੋਰਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਉਸ ਲਈ ਇਹ ਵੀ ਲਾਜ਼ਮੀ ਹੈ ਕਿ ਇਸ ਖੇਤਰ ਵਿੱਚ ਕੰਮ ਕਰਦੇ ਸਰਕਾਰੀ ਖੇਤਰ ਦੇ ਅਦਾਰਿਆਂ ਨੂੰ ਕਮਜ਼ੋਰ ਅਤੇ ਬਦਨਾਮ ਕੀਤਾ ਜਾਵੇ । ਨਿੱਜੀਕਰਨ ਅਤੇ ਵਪਾਰੀਕਰਨ ਦੀ ਨੀਤੀ ਦਾ ਇਹ ਅਨਿੱਖੜਵਾਂ ਅੰਗ ਹੈ। ਇਸ ਮੰਤਵ ਦੀ ਪੂਰਤੀ ਲਈ ਸਰਕਾਰ ਨੇ ਸਰਕਾਰੀ ਅਤੇ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਵਿੱਦਿਅਕ ਅਦਾਰਿਆਂ ਵਿੱਚ 2003 ਤੋਂ ਹੀ ਨਵੀਂ ਭਰਤੀ 'ਤੇ ਰੋਕ ਲਾਈ ਹੋਈ ਹੈ । ਨਵੇਂ ਵਿਸ਼ਿਆਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਤਾਂ ਇਕ ਪਾਸੇ ਰਹੀ ਇੱਥੋਂ ਰਿਟਾਇਰ ਹੋਏ ਅਧਿਆਪਕਾਂ ਦੀਆਂ ਪੋਸਟਾਂ ਨੂੰ ਭਰਨ 'ਤੇ ਵੀ ਪਾਬੰਦੀ ਲੱਗੀ ਹੋਈ ਹੈ ਨਤੀਜੇ ਵੱਜੋਂ ਸਰਕਾਰੀ ਕਾਲਜਾਂ ਵਿੱਚ ਮਨਜ਼ੂਰਸ਼ੁਦਾ ਤਕਰੀਬਨ 1800 ਪੋਸਟਾਂ ਵਿੱਚੋਂ ਲਗਪਗ 1000, ਏਡਿਡ ਕਾਲਜਾਂ ਵਿੱਚ 3800 ਦੇ ਕਰੀਬ ਪੋਸਟਾਂ ਵਿੱਚੋਂ ਤਕਰੀਬਨ 2000 ਪੋਸਟਾਂ ਖ਼ਾਲੀ ਹਨ । ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵੀ ਤਕਰੀਬਨ 40 ਤੋਂ 50 ਫ਼ੀਸਦੀ ਪੋਸਟਾਂ ਖ਼ਾਲੀ ਪਈਆਂ ਹਨ ।

ਅਧਿਆਪਕਾਂ ਦੀ ਗਿਣਤੀ ਪੱਖੋਂ ਪੰਜਾਬ ਦੇ ਸਕੂਲਾਂ ਦੀ ਹਾਲਤ ਵੀ



ਤਸੱਲੀਬਖ਼ਸ਼ ਨਹੀਂ ਹੈ । ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 29006 ਪੋਸਟਾਂ ਖ਼ਾਲੀ ਪਈਆਂ ਹਨ । ਇਕ ਅਖ਼ਬਾਰ ਵਿੱਚ ਛਪੀ ਖ਼ਬਰ ਅਨੁਸਾਰ ਪੰਜਾਬ ਦੇ ਏਡਿਡ ਪ੍ਰਾਈਵੇਟ ਸਕੂਲਾਂ ਵਿੱਚ ਵੀ 9468 ਮਨਜ਼ੂਰਸ਼ੁਦਾ ਪੋਸਟਾਂ ਵਿੱਚੋਂ 5068 ਪੋਸਟਾਂ ਖ਼ਾਲੀ ਹਨ । ਇਸ ਤੱਥ ਤੋਂ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ ਕਿ ਇਸ ਸਭ ਦਾ ਪੰਜਾਬ ਵਿੱਚ ਸਿੱਖਿਆ ਦੇ ਮਿਆਰ ਉੱਤੇ ਕੀ ਅਸਰ ਪੈਂਦਾ ਹੋਵੇਗਾ? ਇਨ੍ਹਾਂ ਖ਼ਾਲੀ ਪਈਆਂ ਆਸਾਮੀਆਂ ਲਈ ਅਕਸਰ ਕੈਜ਼ੂਅਲ ਅਤੇ ਕੱਚੇ ਅਧਿਆਪਕਾਂ ਦੀ ਭਰਤੀ ਕੀਤੀ ਜਾਂਦੀ ਹੈ । ਇਨ੍ਹਾਂ ਨੂੰ ਗੈਸਟ ਫੈਕਲਟੀ, ਕੰਟਰੈਕਚੁਅਲ ਟੀਚਰਜ਼, ਸਿੱਖਿਆ ਕਰਮੀ, ਟੀਚਿੰਗ ਫੈਲੋਜ਼ ਜਾਂ ਸਰਵਿਸ ਪ੍ਰੋਵਾਈਡਰਜ਼ ਆਦਿ ਦੇ ਨਾਮ ਦਿੱਤੇ ਜਾਂਦੇ ਹਨ। ਇਨ੍ਹਾਂ ਵਿੱਚ ਇਕ ਗੱਲ ਸਾਂਝੀ ਹੈ ਕਿ ਇਨ੍ਹਾਂ ਨੂੰ ਪੂਰੀ ਤਨਖ਼ਾਹ ਨਹੀਂ ਮਿਲਦੀ ਅਤੇ ਇਹ ਮੈਨੇਜਮੈਂਟਾਂ ਸਰਕਾਰੀ ਅਫ਼ਸਰਾਂ ਦੇ ਰਹਿਮੋ-ਕਰਮ 'ਤੇ ਜੀਵਨ ਬਸਰ ਕਰਦੇ ਹਨ। ਦਰਅਸਲ ਹੁਣ ਅਧਿਆਪਕ ਤੋਂ ਅਧਿਆਪਕ ਵਾਲਾ ਰੁਤਬਾ ਹੀ ਨਹੀਂ ਸਗੋਂ ਉਸਦਾ ਨਾਮ ਵੀ ਖੋਹ ਲਿਆ ਗਿਆ ਹੈ ।

ਇਸ ਸਥਿਤੀ ਦਾ ਨਤੀਜਾ ਇਹ ਵੀ ਨਿਕਲਿਆ ਹੈ ਕਿ ਇਨ੍ਹਾਂ ਅਦਾਰਿਆਂ ਵਿੱਚ ਦੁਕਾਨਾਂ ਵਰਗੇ ਨਿਯਮ ਲਾਗੂ ਕੀਤੇ ਜਾਂਦੇ ਹਨ । ਬਹੁਤੇ ਅਦਾਰਿਆਂ ਵਿੱਚ ਅਧਿਆਪਕਾਂ-ਵਿਦਿਆਰਥੀਆਂ ਦੇ ਸ਼ੋਸ਼ਣ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਅਜਿਹੀ ਸਥਿਤੀ ਵਿੱਚ ਅਧਿਆਪਕਾਂ ਦੀਆਂ ਜਥੇਬੰਦੀਆਂ ਅਤੇ ਅਧਿਆਪਕ ਲਹਿਰਾਂ ਉੱਤੇ ਪ੍ਰਤੀਕੂਲ ਪ੍ਰਭਾਵ ਪਿਆ ਹੈ। ਇਤਿਹਾਸ ਤੋਂ ਹਮੇਸ਼ਾਂ ਇਹ ਸਬਕ ਸਿੱਖਣਾ ਚਾਹੀਦਾ ਹੈ ਕਿ 'ਗ਼ੈਰ-ਜਥੇਬੰਦ ਕਾਮਿਆਂ ਨੂੰ 'ਜਥੇਬੰਦ ਕਾਮਿਆਂ' ਦੀਆਂ ਜਥੇਬੰਦੀਆਂ ਅਤੇ ਉਨ੍ਹਾਂ ਦੇ ਅੰਦੋਲਨਾਂ ਨੂੰ ਹਮੇਸ਼ਾਂ ਕਮਜ਼ੋਰ ਕਰਨ ਲਈ ਵਰਤਿਆ ਜਾਂਦਾ ਹੈ । ਇਸ ਲਈ ਅਜਿਹੇ ਅਧਿਆਪਕਾਂ ਨੂੰ ਜਥੇਬੰਦੀ ਅਤੇ ਲਹਿਰ ਵਿੱਚ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ ।

ਪਿਛਲੇ ਸਮੇਂ ਦੌਰਾਨ ਸਰਕਾਰ ਨੇ ਇੱਕ-ਇੱਕ ਕਰਕੇ ਅਧਿਆਪਕਾਂ ਤੋਂ ਪਹਿਲਾਂ ਦਿੱਤੀਆਂ ਹੋਈਆਂ ਰਿਆਇਤਾਂ ਵਾਪਸ ਲੈਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅਨਏਡਿਡ ਪੋਸਟਾਂ 'ਤੇ ਕੰਮ ਕਰਦੇ ਅਧਿਆਪਕਾਂ ਨੂੰ ਸੇਵਾ ਸੁਰੱਖਿਆ

ਕਾਨੂੰਨ ਦੇ ਘੇਰੇ ਵਿੱਚੋਂ ਵੀ ਬਾਹਰ ਕੱਢਿਆ ਹੈ ਜਿਸ ਨਾਲ ਵਿੱਦਿਅਕ ਅਦਾਰਿਆਂ ਵਿੱਚ ਕੁਝ ਅਜਿਹੇ ਮਾਹੌਲ ਦੀ ਸਿਰਜਣਾ ਹੋ ਰਹੀ ਹੈ ਜੋ 1960ਵਿਆਂ ਵਿੱਚ ਸੀ । ਪਤਾ ਨਹੀਂ ਕਿ ਹੁਣ ਇਕ ਵਾਰ ਫੇਰ ਕਿੰਨੀਆਂ ਹੋਰ ਕੁਰਬਾਨੀਆਂ ਹੋਣਗੀਆਂ ਅਤੇ ਕਿੰਨੇ ਮੁਸ਼ਕਲ ਅਤੇ ਲਹੂ ਵੀਟਵੇਂ ਸੰਘਰਸ਼ ਲੜੇ ਜਾਣਗੇ । ਦੁਨੀਆਂ ਭਰ ਵਿੱਚ ਸਰਮਾਏਦਾਰੀ ਤਰਜ਼ ਦੇ ਨਿਜ਼ਾਮਾਂ ਦਾ ਵਿਰੋਧ ਵਧ ਰਿਹਾ ਹੈ । 2011 ਵਿੱਚ ਸੈਂਕੜੇ ਮੁਜ਼ਾਹਰਾਕਾਰੀਆਂ ਨੇ ਦੁਨੀਆਂ ਦੇ 100 ਤੋਂ ਵੱਧ ਸ਼ਹਿਰਾਂ ਵਿੱਚ ਰੋਟੀ, ਰੁਜ਼ਗਾਰ ਅਤੇ ਜਮਹੂਰੀਅਤ ਦੇ ਹੱਕ ਵਿੱਚ ਮੁਜ਼ਾਹਰੇ ਕੀਤੇ । 95 ਫ਼ੀਸਦੀ ਲੋਕਾਂ ਦੇ ਨੁਮਾਇੰਦਿਆਂ ਨੇ ਪ ਫ਼ੀਸਦੀ ਧਨਾਢਾਂ ਨੂੰ ਸਰ੍ਹੇਆਮ ਲਲਕਾਰਿਆ । ਮੱਧ-ਪੂਰਬ ਦੇ ਦਰਜਨਾਂ ਦੇਸ਼ਾਂ ਵਿੱਚ ਲੰਮੇ ਸਮੇਂ ਤੋਂ ਪੈਰ ਜਮਾਈ ਬੈਠੇ ਤਾਨਾਸ਼ਾਹ ਲੋਕ ਰੋਹ ਅੱਗੇ ਟਿਕ ਨਾ ਸਕੇ । ਭਾਰਤ ਵਿੱਚ ਵੀ ਇਸ ਨਿਜ਼ਾਮ ਵਿੱਚੋਂ ਪੈਦਾ ਹੋ ਰਹੇ ਘੁਟਾਲਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੱਖਾਂ ਲੋਕ ਸੜਕਾਂ ’ਤੇ ਮੁਜ਼ਾਹਰਾ ਕਰਦੇ ਨੌਜਵਾਨ ਲੜਕੇ ਅਤੇ ਲੜਕੀਆਂ ਦੇ ਚਿਹਰਿਆਂ ’ਤੇ ਰੋਹ ਭਰੀ ਲਾਲੀ, ਹੱਥਾਂ ਵਿੱਚ ਜਗਦੀਆਂ ਮੋਮਬੱਤੀਆਂ ਅਤੇ ਅੱਖਾਂ ਵਿੱਚੋਂ ਸਾਫ਼ ਨਜ਼ਰ ਆਉਂਦੇ ਉਜਵਲ ਭਵਿੱਖ ਦੇ ਸੁਫਨੇ, ਇਸ ਗੱਲ ਦਾ ਯਕੀਨ ਦਿਵਾਉਂਦੇ ਹਨ ਕਿ ਹਰ ਰਾਤ ਦੀ ਕੁੱਖ ਵਿੱਚ ਕੋਈ ਸੂਰਜ ਹੁੰਦਾ ਹੈ ।

ਸੰਪਰਕ: 98143-21392

(ਪੰਜਾਬੀ ਟ੍ਰਿਬਿਊਨ, 29 ਮਈ 2013 ’ਚੋਂ ਧੰਨਵਾਦ ਸਹਿਤ!)



# ਸਕੂਲੀ ਸਿੱਖਿਆ ਚੌਰਾਹੇ ’ਤੇ

ਸਿੱਖਿਆ ਵਿਭਾਗ ਵੱਲੋਂ ਪੰਜਾਬ ਦੇ 10 ਤੋਂ 20 ਤਕ ਵਿਦਿਆਰਥੀਆਂ ਵਾਲੇ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰ ਕੇ ਨੇੜਲੇ ਸਕੂਲਾਂ ਵਿੱਚ ਮਿਲਾਉਣ ਦਾ ਫ਼ੈਸਲਾ ਜਿੱਥੇ ਸਰਕਾਰ ਦੀ ਮੁੱਢਲੀ ਸਿੱਖਿਆ ਪ੍ਰਤੀ ਗ਼ੈਰ-ਸੰਜੀਦਗੀ ਨੂੰ ਬਿਆਨ ਕਰਦਾ ਹੈ, ਉੱਥੇ ਸਮੁੱਚੀ ਸਿੱਖਿਆ ਨੀਤੀ ਉੱਤੇ ਵੀ ਸਵਾਲ ਖੜ੍ਹੇ ਕਰਦਾ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ ਸੂਬੇ ਦੇ ਲਗਭਗ ਇੱਕ ਹਜ਼ਾਰ ਸਰਕਾਰੀ ਪ੍ਰਾਇਮਰੀ ਸਕੂਲ ਬੰਦ ਹੋ ਜਾਣ ਦੀ ਸੰਭਾਵਨਾ ਹੈ, ਜਦੋਂ ਕਿ 1600 ਤੋਂ ਵੱਧ ਪ੍ਰਾਇਮਰੀ ਸਕੂਲਾਂ ਵਿੱਚ ਕੋਈ ਵੀ ਅਧਿਆਪਕ ਨਾ ਹੋਣ ਕਾਰਨ ਉਹ ਪਹਿਲਾਂ ਹੀ ਬੰਦ ਅਵਸਥਾ ਵਿੱਚ ਹਨ। ਸਿੱਖਿਆ ਵਿਭਾਗ ਵੱਲੋਂ ਦਲੀਲ ਦਿੱਤੀ ਜਾ ਰਹੀ ਹੈ ਕਿ ਬੰਦ ਕੀਤੇ ਜਾ ਰਹੇ ਸਕੂਲਾਂ ਦੇ ਅਧਿਆਪਕਾਂ ਨੂੰ ਘੱਟ ਅਧਿਆਪਕਾਂ ਵਾਲੇ ਸਕੂਲਾਂ ਵਿੱਚ ਭੇਜਣ ਨਾਲ ਉੱਥੇ ਅਧਿਆਪਕਾਂ ਦੀ ਘਾਟ ਪੂਰੀ ਹੋ ਜਾਵੇਗੀ ਅਤੇ ਪੜ੍ਹਾਈ ਦਾ ਮਿਆਰ ਹੋਰ ਉੱਚਾ ਹੋ ਜਾਵੇਗਾ। ਇਸ ਦਲੀਲ ਦੀ ਦਰੁਸਤਗੀ ਦੀ ਪੁਣ-ਛਾਣ ਕੀਤੇ ਜਾਣ ਦੀ ਲੋੜ ਹੈ।

ਸਰਕਾਰ ਨੇ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਨ ਦਾ ਫ਼ੈਸਲਾ ਬੱਚਿਆਂ ਦੀ ਘੱਟ ਗਿਣਤੀ ਨੂੰ ਆਧਾਰ ਬਣਾ ਕੇ ਲਿਆ ਹੈ; ਪਰ ਅਜਿਹਾ ਕਰਦਿਆਂ ਸਰਕਾਰੀ ਸਕੂਲਾਂ ਵਿੱਚੋਂ ਬੱਚਿਆਂ ਦੀ ਗਿਣਤੀ ਘਟਣ ਦੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਜੋ ਕਿ ਇਸ ਮੁੱਦੇ ਦੀ ਅਹਿਮ ਕੜੀ ਹੈ। ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘਟਣ ਦਾ ਕਾਰਨ ਇਨ੍ਹਾਂ ਵਿੱਚ ਲੋੜੀਂਦੇ ਅਧਿਆਪਕਾਂ ਦੀ ਘਾਟ ਦੇ ਨਾਲ-ਨਾਲ ਸਰਕਾਰ ਵੱਲੋਂ ਥਾਂ ਥਾਂ ਖੁੱਲ੍ਹੇ ਦੁਕਾਨ-ਨੁਮਾ ਸਕੂਲਾਂ ਨੂੰ ਮਾਨਤਾ ਦੇ ਕੇ ਉਨ੍ਹਾਂ ਵੱਲੋਂ ਲੋਕਾਂ ਨੂੰ ਲੁੱਟਣ ਦੀ ਆਗਿਆ ਦੇਣਾ ਹੈ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਅਣਹੋਂਦ/ਘਾਟ ਕਾਰਨ ਬੱਚਿਆਂ ਨੂੰ ਗ਼ੈਰ-ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣਾ ਮਾਪਿਆਂ ਦੀ ਮਜਬੂਰੀ ਬਣ ਗਿਆ ਹੈ, ਪਰ ਸਰਕਾਰ ਇਸ ਬਹਾਨੇ ਚੱਲ ਰਹੇ ਸਕੂਲਾਂ ਨੂੰ ਬੰਦ ਕਰਨ ਦੇ ਰਾਹ ਪੈ ਗਈ ਹੈ ਜਦੋਂ ਕਿ ਲੋੜ ਗ਼ੈਰ-ਸਰਕਾਰੀ ਸਕੂਲੀ-ਤੰਤਰ ਨੂੰ ਸੀਮਿਤ ਬਣਾਉਣ ਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਲੋੜੀਂਦੇ ਅਧਿਆਪਕ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾ ਕੇ ਮੁੱਢਲੀ ਸਿੱਖਿਆ ਦੇ ਢਾਂਚੇ ਨੂੰ ਮਜ਼ਬੂਤ ਕਰੇ, ਤਾਂ ਜੋ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਦਾਖ਼ਲ ਕਰਵਾਉਣ। ਗ਼ਲਤ ਨੀਤੀਆਂ ਕਾਰਨ ਸਰਕਾਰੀ ਸਕੂਲਾਂ ਵਿੱਚੋਂ ਬੱਚਿਆਂ ਦੀ ਗਿਣਤੀ ਘਟਣ ਦੀ ਸਜ਼ਾ ਆਮ ਲੋਕਾਂ ਨੂੰ ਸਕੂਲ ਬੰਦ ਕਰਨ ਦੇ ਰੂਪ ਵਿੱਚ ਦੇਣੀ ਦਰੁਸਤ ਨਹੀਂ ਕਹੀ ਜਾ ਸਕਦੀ ਹੈ।

ਸਰਕਾਰ ਦੀ ਇਹ ਨੀਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਹਿੱਤਾਂ ਦੇ ਹੀ ਉਲਟ ਨਹੀਂ, ਬਲਕਿ ਸੂਬੇ ਦੀ ਮੁੱਢਲੀ ਸਿੱਖਿਆ ਦੇ ਪਹਿਲਾਂ ਹੀ ਡਿੱਗ ਚੁੱਕੇ ਮਿਆਰ ਨੂੰ ਹੋਰ ਰਸਾਤਲ ਵੱਲ ਲੈ ਕੇ ਜਾਣ ਵੱਲ ਸੇਧਿਤ ਜਾਪਦੀ ਹੈ। ਇਹ ਫ਼ੈਸਲਾ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਜਾਪਦਾ ਹੈ ਕਿ ਅਧਿਆਪਕਾਂ ਦੀਆਂ ਖ਼ਾਲੀ ਆਸਾਮੀਆਂ ਭਰਨ ਦੀ ਜ਼ਰੂਰਤ ਨਾ ਪਵੇ ਅਤੇ ਕੁਝ ਸਕੂਲ ਬੰਦ ਕਰਕੇ ਉਨ੍ਹਾਂ ਦੇ ਅਧਿਆਪਕਾਂ ਨੂੰ ਹੀ ਖ਼ਾਲੀ ਆਸਾਮੀਆਂ ਵਾਲੇ ਸਕੂਲਾਂ ਵਿੱਚ ਭੇਜ ਕੇ ਡੰਗ ਟਪਾ ਲਿਆ ਜਾਵੇ। ਇਹ ਕਦਮ ਸਰਕਾਰੀ ਖ਼ਜ਼ਾਨੇ ਨੂੰ ਕੁਝ ਰਾਹਤ ਦਿਵਾਉਣ ਵਾਲਾ ਤਾਂ ਹੋ ਸਕਦਾ ਹੈ ਪਰ ਲੰਮੇ ਸਮੇਂ ਤੋਂ ਰੁਜ਼ਗਾਰ ਦੀ ਉਡੀਕ ਕਰ ਰਹੇ ਸੂਬੇ ਦੇ ਹਜ਼ਾਰਾਂ ਬੇਰੁਜ਼ਗਾਰ ਪ੍ਰਾਇਮਰੀ ਅਧਿਆਪਕਾਂ ਦੇ ਰੁਜ਼ਗਾਰ ਮਿਲਣ ਦੇ ਸੁਫਨਿਆਂ ਨੂੰ ਚਕਨਾਚੂਰ ਕਰਨ ਵਾਲਾ ਹੈ। ਸੰਨ 2009 ਤੋਂ ਬਾਅਦ ਪ੍ਰਾਇਮਰੀ ਸਕੂਲ ਅਧਿਆਪਕਾਂ ਦੀ ਨਵੀਂ ਭਰਤੀ ਨਹੀਂ ਕੀਤੀ ਗਈ, ਜਿਸ ਕਾਰਨ ਬੇਰੁਜ਼ਗਾਰ ਅਧਿਆਪਕ ਨਿਰਾਸ਼ਾ ਦੇ ਆਲਮ ਵਿੱਚ ਗੁਜ਼ਰ ਰਹੇ ਹਨ। ਸਰਕਾਰ ਅਧਿਆਪਕਾਂ ਦੀ ਨਵੀਂ ਭਰਤੀ ਕਰ ਰਹੀ ਹੈ ਪਰ ਅਧਿਆਪਨ ਕੋਰਸ ਕਰਵਾਉਣ ਦੇ ਸੈਂਕੜੇ ਟਰੇਨਿੰਗ ਸੈਂਟਰ ਬਾਦਸਤੂਰ ਜਾਰੀ ਹਨ ਅਤੇ ਲੋਕਾਂ ਦੀਆਂ ਜੇਬਾਂ ਹੌਲੀਆਂ ਕਰ ਰਹੇ ਹਨ। ਸਵਾਲ ਇਹ ਹੈ ਕਿ ਜੇਕਰ ਸਰਕਾਰ ਨੇ ਨਵੇਂ ਅਧਿਆਪਕ ਭਰਤੀ ਹੀ ਨਹੀਂ ਕਰਨੇ ਤਾਂ ਅਧਿਆਪਕ ਟਰੇਨਿੰਗ ਸੰਸਥਾਵਾਂ ਨੂੰ ਲੋਕਾਂ ਨੂੰ ਲੁੱਟਣ ਦੀ ਖੁੱਲ੍ਹ ਕਿਉਂ ਦਿੱਤੀ ਹੋਈ ਹੈ? ਘੱਟ ਬੱਚਿਆਂ ਵਾਲੇ ਸਕੂਲ ਬੰਦ ਕਰਨ ਦਾ ਸਰਕਾਰੀ ਫ਼ੈਸਲਾ ਸਿੱਖਿਆ ਦਾ ਅਧਿਕਾਰ ਕਾਨੂੰਨ ਦੀ ਆਤਮਾ ਦੇ ਵੀ ਖ਼ਿਲਾਫ਼ ਹੈ। ਇਸ ਕਾਨੂੰਨ ਅਨੁਸਾਰ ਪ੍ਰਾਇਮਰੀ ਸਕੂਲ ਕਿਸੇ ਵੀ ਵਿਦਿਆਰਥੀ ਦੀ ਪਹੁੰਚ ਤੋਂ ਇੱਕ ਕਿਲੋਮੀਟਰ ਤੋਂ ਵੱਧ ਦੂਰੀ ’ਤੇ ਨਹੀਂ ਹੋਣਾ ਚਾਹੀਦਾ। ਇਹ ਸਕੂਲ ਬੰਦ ਹੋਣ ਨਾਲ ਵਿਦਿਆਰਥੀਆਂ ਨੂੰ 3 ਤੋਂ 5 ਕਿਲੋਮੀਟਰ ਦਾ ਸਫ਼ਰ ਤੈਅ ਕਰਨਾ ਹੋਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਲਗਪਗ ਪੌਣੇ ਦੋ ਲੱਖ ਬੱਚੇ ਹਾਲੇ ਵੀ ਮੁੱਢਲੀ ਸਕੂਲੀ ਸਿੱਖਿਆ ਤੋਂ ਵੰਚਿਤ ਹਨ। ਇਸ ਲਈ ਲੋੜ ਤਾਂ ਹੋਰ ਨਵੇਂ ਸਕੂਲ ਖੋਲ੍ਹਣ ਦੀ ਹੈ, ਪਰ ਸਰਕਾਰ ਪਹਿਲਾਂ ਚੱਲ ਰਹੇ ਸਕੂਲਾਂ ਨੂੰ ਵੀ ਬੰਦ ਕਰਨ ਦੇ ਰਾਹ ਤੁਰ ਪਈ ਹੈ। ਅਧਿਆਪਕਾਂ ਦੀ ਲੋੜ ਮੁਤਾਬਕ ਰੈਸ਼ਨੇਲਾਈਜ਼ੇਸ਼ਨ ਕੀਤੀ ਜਾ ਸਕਦੀ ਹੈ ਪਰ ਸਕੂਲ ਨੂੰ ਬੰਦ ਕਰਨ ਦੀ ਨੀਤੀ ਦਰੁਸਤ ਨਹੀਂ ਕਹੀ ਜਾ ਸਕਦੀ।

(ਰੋਜ਼ਾਨਾ ਪੰਜਾਬੀ ਟ੍ਰਿ: 22-6-2015 ’ਚੋਂ ਧੰਨਵਾਦ ਸਹਿਤ !)



## ਕਿਹੋ ਜਿਹੀ ਸਥਿਤੀ ਹੈ ਸਾਡੀ ਸਿੱਖਿਆ ਵਿਵਸਥਾ ਦੀ ?

**ਪੂਰਨ ਚੰਦ ਸਰੀਨ**

5 ਸਤੰਬਰ ਨੂੰ ਸਾਡੇ ਦੇਸ਼ ਵਿੱਚ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ, ਜੋ ਸਾਡੇ ਰਾਸ਼ਟਰਪਤੀ ਅਤੇ ਸਿੱਖਿਆ ਸ਼ਾਸਤਰੀ ਡਾ. ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਦੀ ਯਾਦ ਨਾਲ ਜੁੜਿਆ ਹੋਇਆ ਹੈ । ਇਸ ਨੂੰ ਮਨਾਉਣ ਦੇ ਉਤਸ਼ਾਹ ’ਤੇ ਉਦੋਂ ਪਾਣੀ ਫਿਰ ਜਾਂਦਾ ਹੈ ਜਦੋਂ ਇਹ ਪਤਾ ਲੱਗਦਾ ਹੈ ਕਿ 2012 ਦੇ ਕੇਂਦਰੀ ਅਧਿਆਪਕ ਯੋਗਤਾ ਇਮਤਿਹਾਨ (ਸੀ. ਟੀ.ਈ.ਟੀ) ਵਿੱਚ 93 ਫ਼ੀ ਸਦੀ ਅਧਿਆਪਕ ਫੇਲ੍ਹ ਹੋ ਗਏ ਸਨ । ਇਸੇ ਦੌਰਾਨ ਤੁਸੀਂ ਇਸ ਖ਼ਬਰ ਤੋਂ ਵੀ ਜਾਣੂ ਹੋ ਗਏ ਹੋਵੋਗੇ ਕਿ ਭੁਪਾਲ ਤੋਂ ਦਿੱਲੀ ਆ ਰਹੀ ਇੱਕ ਅਧਿਆਪਕਾ ਨਾਲ ਰੇਲ ਦੇ ਫ਼ਸਟ ਕਲਾਸ ਏ.ਸੀ. ਡੱਬੇ ਵਿੱਚ ਲੁੱਟ ਦੀ ਵਾਰਦਾਤ ਹੋ ਗਈ । ਉਹ ਅਧਿਆਪਕ ਦਿਵਸ ’ਤੇ ਪੁਰਸਕਾਰ ਲੈਣ ਲਈ ਆ ਰਹੀ ਸੀ । ਸ਼ਾਇਦ ਉਹ ਹੁਣ ਸੋਚਦੀ ਹੋਵੇਗੀ ਕਿ ਇਨ੍ਹਾਂ ਲੁਟੇਰਿਆਂ ਦਾ ਵੀ ਕੋਈ ਅਧਿਆਪਕ ਤਾਂ ਜ਼ਰੂਰ ਰਿਹਾ ਹੋਵੇਗਾ, ਜਿਸ ਦੀ ਸਿੱਖਿਆ ਨਾਲ ਉਹ ਚੋਰ ਲੁਟੇਰੇ ਬਣ ਗਏ ।

ਇਸ ਸਾਰੇ ਕੁਝ ਨਾਲ ਪੂਰੇ ਦੇਸ਼ ਦੇ ਸਿੱਖਿਅਤ ਹੋਣ ਦਾ ਸੁਪਨਾ ਤਾਂ ਟੁੱਟਦਾ ਹੀ ਹੈ, ਨਾਲ ਹੀ ਸਿੱਖਿਆ ਨੀਤੀ ਅਤੇ ਇਸ ਨੂੰ ਅਮਲ ਵਿੱਚ ਲਿਆਉਣ ਲਈ ਜ਼ਿੰਮੇਵਾਰ ਪ੍ਰਣਾਲੀ ’ਤੇ ਹੀ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਇਕ ਤੱਥ ਇਹ ਵੀ ਹੈ ਕਿ ਸਕੂਲਾਂ ’ਚ 6 ਲੱਖ 89 ਹਜ਼ਾਰ ਪ੍ਰਾਇਮਰੀ ਅਧਿਆਪਕਾਂ ਦੀ ਘਾਟ ਹੈ ਅਤੇ ਪ੍ਰਾਇਮਰੀ ਸਕੂਲਾਂ ’ਚ ਨਿਯੁਕਤ ਅਧਿਆਪਕਾਂ ਦੀ ਘਾਟ ਅਤੇ ਪ੍ਰਾਇਮਰੀ ਸਕੂਲਾਂ ’ਚ ਨਿਯਮਤ ਅਧਿਆਪਕਾਂ ਦੀ ਗ਼ੈਰ-ਹਾਜ਼ਰੀ ਚਿੰਤਾ ਦਾ ਵਿਸ਼ਾ ਹੈ । ਇਸ ਦੇ ਨਾਲ ਹੀ ਇਹ ਵੀ ਗੱਲ ਜੁੜੀ ਹੋਈ ਹੈ ਕਿ ਦਿਹਾਤੀ ਖੇਤਰ ਦੇ ਬਹੁਤ ਸਾਰੇ ਸਕੂਲਾਂ ਚ ਅਜੇ ਵੀ ਪੀਣ ਦੇ ਪਾਣੀ, ਪਖਾਨੇ ਆਦਿ ਵਰਗੀਆਂ ਬੁਨਿਆਦੀ ਸਹੂਲਤਾਂ ਨਹੀਂ ਹਨ । ਖੇਡ ਦੇ ਮੈਦਾਨ ਤਾਂ ਅੱਧਿਉਂ ਬਹੁਤੇ ਸਕੂਲਾਂ ਵਿੱਚ ਨਹੀਂ ਹਨ । ਦੇਸ਼ ਭਰ ਵਿੱਚ ਤਕਰੀਬਨ ਸਾਢੇ 14 ਲੱਖ ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਸਕੂਲ ਹਨ ਅਤੇ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਕਰੋੜਾਂ ਵਿੱਚ ਹੈ । ਸਿੱਖਿਆ ਦੇ ਅਧਿਕਾਰ ਤਹਿਤ 6 ਤੋਂ 14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਲਈ ਸਿੱਖਿਆ ਦਾ ਇੰਤਜ਼ਾਮ ਕਰਨਾ ਲਾਜ਼ਮੀ ਹੈ। ਬੱਚਿਆਂ ਨੂੰ ਮੁਫ਼ਤ ਸਿੱਖਿਆ ਮਿਲਣੀ ਚਾਹੀਦੀ ਹੈ, ਜਿਸ ਵਿੱਚ ਉਨ੍ਹਾਂ ਦੀਆਂ ਕਾਪੀਆਂ-ਕਿਤਾਬਾਂ, ਮਿਡ-ਡੇ-ਮੀਲ ਵਰਗੀਆਂ ਚੀਜ਼ਾਂ ਵੀ ਹਨ । ਪਿਛਲੇ ਦਿਨੀਂ ਦਿੱਲੀ

ਦੇ ਸਕੂਲਾਂ ਦੀ ਖ਼ਬਰ ਸੀ ਕਿ ਉੱਥੇ ਬੱਚਿਆਂ ਨੂੰ ਕਿਤਾਬਾਂ ਤਾਂ ਮਿਲ ਗਈਆਂ ਪਰ ਕਾਪੀਆਂ ਨਦਾਰਦ ਹਨ । ਪੰਜ ਮਹੀਨੇ ਹੋ ਗਏ ਨਵੀਂ ਜਮਾਤ ਵਿੱਚ ਪੜ੍ਹਦਿਆਂ, ਪਰ ਜਦੋਂ ਕਾਪੀਆਂ ਹੀ ਨਹੀਂ ਤਾਂ ਪੜ੍ਹਾਈ ਕੀ ਹੋਵੇਗੀ?

ਸਕੂਲਾਂ ਦੇ ਪਾਠਕ੍ਰਮ ਵਿੱਚ ਕਈ ਦਹਾਕਿਆਂ ਤੋਂ ਤਬਦੀਲੀ ਨਹੀਂ ਹੋਈ, ਜਦੋਂ ਕਿ ਆਧੁਨਿਕ ਤਕਨਾਲੋਜੀ ਆਉਣ ਨਾਲ ਦੁਨੀਆਂ ਹੀ ਬਦਲ ਗਈ ਹੈ । ਘਸੀ-ਪਿਟੀ ਸਿੱਖਿਆ ਨੀਤੀ, ਪੁਰਾਣੇ ਹੋ ਚੁੱਕੇ ਕੋਰਸ ਅਤੇ ਪੜ੍ਹਾਉਣ ਦੀ ਉਸੇ ਦਕੀਆਨੂਸੀ ਰਵਾਇਤ ਵਿੱਚ ਕੋਈ ਤਬਦੀਲੀ ਨਾ ਹੋਣ ਨਾਲ ਬਹੁਤੀ ਵਾਰ ਛੇਵੀਂ-ਸੱਤਵੀਂ ਜਮਾਤ ਦਾ ਵਿਦਿਆਰਥੀ ਦੂਸਰੀ ਜਮਾਤ ਦੇ ਸਵਾਲਾਂ ਨੂੰ ਵੀ ਹੱਲ ਨਹੀਂ ਕਰ ਸਕਦਾ ।

**ਬੱਚਿਆਂ ਦਾ ਭਵਿੱਖ**: ਹੁਣ ਬੱਚੇ ਦਾ ਮਨ ਹੀ ਨਹੀਂ ਲੱਗਦਾ ਪੜ੍ਹਾਈ ਵਿੱਚ । ਖੇਡਾਂ ਆਦਿ ਦੇ ਨਾਂ 'ਤੇ ਵੀ ਕੋਈ ਸਹੂਲਤ ਨਹੀਂ ਹੁੰਦੀ, ਤਾਂ ਫਿਰ ਉਹ ਕੀ ਕਰੇ । ਸਕੂਲ ਜਾਣਾ ਛੱਡ ਦਿੰਦਾ ਹੈ ਤਾਂ ਮਾਂ-ਬਾਪ ਸੋਚਦੇ ਹਨ ਕਿ ਜਦੋਂ ਉਹ ਪੜ੍ਹ ਲਿਖ ਹੀ ਨਹੀਂ ਰਿਹਾ ਤਾਂ ਉਸਨੂੰ ਕਿਸੇ ਛੋਟੇ ਮੋਟੇ ਕੰਮ ਧੰਦੇ ਵਿੱਚ ਕਿਉਂ ਨਾ ਪਾ ਦਿੱਤਾ ਜਾਵੇ, ਘਰ 'ਚ ਚਾਰ ਪੈਸੇ ਹੀ ਆਉਣਗੇ । ਭਵਿੱਖ ਵਿੱਚ ਅਜਿਹੇ ਬੱਚੇ ਭਾਰਤ ਦੀ ਕਿਹੋ ਜਿਹੀ ਤਸਵੀਰ ਬਣਾਉਣਗੇ,ਇਹ ਸਮਝਣਾ ਮੁਸ਼ਕਲ ਨਹੀਂ । ਕਹਿੰਦੇ ਹਨ ਕਿ ਪੁਰਾਤਨ ਕਾਲ ਵਿੱਚ ਗੁਰੂਕੁਲ ਪਰੰਪਰਾ ਤਹਿਤ ਰਿਸ਼ੀ-ਮੁਨੀ ਆਪਣੇ ਵਿਦਿਆਰਥੀਆਂ ਨੂੰ ਸਾਰੇ ਵਿਸ਼ਿਆਂ 'ਚ ਮਾਹਰ ਬਣਾਉਣ ਲਈ ਖ਼ੁਦ ਸਖ਼ਤ ਮਿਹਨਤ ਕਰਦੇ ਸਨ । ਅੱਜਕੱਲ੍ਹ ਬਹੁਤੇ ਅਧਿਆਪਕ ਖ਼ੁਦ ਨਹੀਂ ਜਾਣਦੇ ਕਿ ਜੋ ਉਹ ਪੜ੍ਹਾ ਰਹੇ ਹਨ ਉਸ ਦਾ ਜੀਵਨ ਵਿੱਚ ਕੋਈ ਉਪਯੋਗ ਵੀ ਹੈ ਜਾਂ ਨਹੀਂ । ਸੋ, ਉਹ ਜਾਂ ਤਾਂ ਸਿਰਫ਼ ਲਕੀਰ ਕੁੱਟ ਰਹੇ ਹਨ ਜਾਂ ਉਨ੍ਹਾਂ ਵਿਦਿਆਰਥੀਆਂ ਨੂੰ ਕਾਬਲ ਬਣਾ ਰਹੇ ਹਨ ਜੋ ਸਕੂਲ ਤੋਂ ਬਾਹਰ ਟਿਊਸ਼ਨ ਲੈਂਦੇ ਹਨ ।

**ਸਿੱਖਿਆ ਦੀ ਲੋੜ ਅਤੇ ਹਕੀਕਤ**: ਹੁਣ ਸਿੱਖਿਆ ਦੀ ਲੋੜ ਅਤੇ ਅਧਿਆਪਕ ਦਾ ਕਰਤੱਵ ਇਹੀ ਹੈ ਨਾ ਕਿ ਵਿਦਿਆਰਥੀ ਸਵੈ-ਨਿਰਭਰ ਬਣੇ, ਸਗੋਂ ਕਿਸੇ ਵਿਸ਼ੇ 'ਚ ਪ੍ਰਬੀਨਤਾ ਹਾਸਲ ਕਰਕੇ ਉਸ ਦੇ ਭਰੋਸੇ ਆਪਣਾ ਜੀਵਨ ਸ਼ੁਰੂ ਕਰ ਸਕੇ । ਜੀਵਨ ਵਿੱਚ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਹੋਣ ਅਤੇ ਇੱਕ ਨਿਆਂਪੂਰਨ ਸਮਾਜ ਸਥਾਪਤ ਕਰਨ ਵਿੱਚ ਸਕਾਰਤਮਿਕ ਯੋਗਦਾਨ ਪਾਉਣ ਦੀ ਯੋਗਤਾ ਪ੍ਰਾਪਤ ਕਰਨਾ ਹੀ ਤਾਂ ਸਿੱਖਿਆ ਦਾ ਉਦੇਸ਼ ਹੈ । ਇਸ ਉਦੇਸ਼ ਦੀ ਪੂਰਤੀ ਲਈ ਸਰਕਾਰ ਨੇ **ਸਰਬ ਸਿੱਖਿਆ ਅਭਿਆਨ, ਮਿਡ-ਡੇ-ਮੀਲ,ਕੌਮੀ ਮਾਧਮਿਕ ਸਿੱਖਿਆ**



**ਅਭਿਆਨ** ਅਤੇ **ਸਾਖਰ ਭਾਰਤ ਅਭਿਆਨ** ਆਦਿ ਯੋਜਨਾਵਾਂ ਚਲਾਈਆਂ ਹੋਈਆਂ ਹਨ ।ਹੁਣ ਤਾਂ ਇਨ੍ਹਾਂ ਸਾਰਿਆਂ ਨਾਲ ਸਕਿੱਲ ਡਿਵੈਲਪਮੈਂਟ (ਹੁਨਰ ਵਿਕਾਸ) ਵੀ ਜੁੜ ਗਿਆ ਹੈ । ਕੀ ਅਸੀਂ ਕਹਿ ਸਕਦੇ ਹਾਂ ਏਨੀਆਂ ਭਾਰੀ ਭਰਕਮ ਯੋਜਨਾਵਾਂ ਅਤੇ ਅਰਬਾਂ ਰੁਪਏ ਦੀ ਰਕਮ ਖ਼ਰਚ ਹੋਣ ਤੋਂ ਬਾਅਦ ਜੋ ਵਿਦਿਆਰਥੀ ਦੇਸ਼ ਦੀ ਵਾਗਡੋਰ ਸੰਭਾਲਣ ਲਈ ਤਿਆਰ ਹੋਇਆ ਹੈ ਜਾਂ ਹੋ ਰਿਹਾ ਹੈ, ਉਹ ਸਾਨੂੰ ਆਪਣੀ ਮੰਜ਼ਲ ਤਕ ਪਹੁੰਚਾ ਸਕੇਗਾ ?

ਅੰਕੜੇ ਦੱਸਦੇ ਹਨ ਕਿ ਯੋਗ ਅਧਿਆਪਕ ਬਣਨ ਲਈ ਟੀਚਰ ਐਜੂਕੇਟਰ ਪ੍ਰੋਗਰਾਮ(ਭਾਵ ਅਧਿਆਪਕਾਂ ਦੀ ਪੜ੍ਹਾਉਣ ਦੀ ਯੋਗਤਾ ਵਧਾਉਣ ਦੇ ਪ੍ਰੋਗਰਾਮ) 'ਚ ਬਹੁਤ ਘੱਟ ਲੋਕ ਹਿੱਸਾ ਲੈਂਦੇ ਹਨ । ਉਂਵ ਦੇਸ਼ ਵਿੱਚ 12 ਲੱਖ ਅਧਿਆਪਕਾਂ ਦੀ ਘਾਟ ਹੈ ਅਤੇ ਅਧਿਆਪਕਾਂ ਦੀਆਂ 6 ਲੱਖ ਅਸਾਮੀਆਂ ਖ਼ਾਲੀ ਪਈਆਂ ਹਨ । 30 ਵਿਦਿਆਰਥੀਆਂ ਲਈ ਇੱਕ ਅਧਿਆਪਕ ਹੋਣਾ ਚਾਹੀਦਾ ਹੈ,ਜਦੋਂ ਕਿ ਹਕੀਕਤ ਇਹ ਹੈ ਕਿ ਸੌ ਸਵਾ ਸੌ ਬੱਚਿਆਂ ਪਿੱਛੇ ਇਕ ਅਧਿਆਪਕ ਹੈ ।

ਸਰਕਾਰ ਖ਼ਾਲੀ ਅਸਾਮੀਆਂ ਤੇ ਪੱਕੀਆਂ ਨਿਯੁਕਤੀਆਂ ਇਸ ਲਈ ਨਹੀਂ ਕਰਦੀ ਕਿ ਠੇਕੇ 'ਤੇ ਅਧਿਆਪਕ ਰੱਖਣ ਦਾ ਉਸਨੂੰ ਬਹੁਤ ਫ਼ਾਇਦਾ ਹੈ । ਜੇ ਇਸ ਨਾਲ ਵੀ ਗੱਲ ਨਾ ਬਣੇ ਤਾਂ ਗੈਸਟ-ਟੀਚਰ ਰੱਖ ਲਏ ਜਾਂਦੇ ਹਨ । ਦੋਵਾਂ 'ਤੇ ਹੀ ਬਹੁਤ ਘੱਟ ਖ਼ਰਚ ਆਉਂਦਾ ਹੈ । ਜੇ ਪੜ੍ਹਾਉਣ ਵਾਲਿਆਂ ਦਾ ਇਹ ਹਾਲ ਹੈ ਤਾਂ ਪੜ੍ਹਨ ਵਾਲਿਆਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ? ਇਹੀ ਕਾਰਨ ਹੈ ਕਿ ਡਿਗਰੀਆਂ ਦੇ ਪੁਲੰਦੇ ਹੋਣ 'ਤੇ ਨੌਕਰੀਆਂ ਨਹੀਂ ਮਿਲਦੀਆਂ । ਨਤੀਜੇ ਵਜੋਂ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਫ਼ੌਜ ਤਿਆਰ ਹੋ ਰਹੀ ਹੈ, ਜੋ ਪੇਟ ਭਰਨ ਲਈ ਕੋਈ ਵੀ ਕੰਮ-ਧੰਦਾ ਕਰਨ ਵਾਸਤੇ ਮਜ਼ਬੂਰ ਹੈ । ਦੂਜੇ ਪਾਸੇ ਹਕੀਕਤ ਇਹ ਹੈ ਕਿ ਸਨਅਤੀ ਅਤੇ ਤਕਨੀਕੀ ਵਿਕਾਸ ਨਾਲ ਮੁਹੱਈਆ ਹੋਏ ਮੌਕਿਆਂ ਦਾ ਫ਼ਾਇਦਾ ਸਿਰਫ਼ ਉਹੀ ਵਿਦਿਆਰਥੀ ਉਠਾਉਂਦੇ ਹਨ, ਜੋ ਗਿਣੇ-ਚੁਣੇ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ ਕਾਲਜਾਂ ਤੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਹੁੰਦੇ ਹਨ । ਅਮੀਰ ਵਰਗ ਨੇ ਬੱਚਿਆਂ ਦੇ ਪਬਲਿਕ ਸਕੂਲਾਂ ਤੋਂ ਲੈ ਕੇ ਉੱਚ-ਸਿੱਖਿਆ ਸੰਸਥਾਵਾਂ ਤਕ ਅਜਿਹੀ ਘੇਰਾਬੰਦੀ ਕਰ ਲਈ ਹੈ ਕਿ ਇਨ੍ਹਾਂ 'ਚ ਆਮ ਪਰਿਵਾਰ ਦਾ ਕੋਈ ਬੱਚਾ ਤਾਂ ਦਾਖ਼ਲ ਹੋਣ ਦੀ ਹਿੰਮਤ ਹੀ ਨਹੀਂ ਕਰ ਸਕਦਾ । ਅਸਲ ਵਿੱਚ ਸਾਡੀ ਸਿੱਖਿਆ ਨੀਤੀ ਵਿੱਚ ਮੁੱਢਲੀ ਤਬਦੀਲੀ ਲਿਆਂਦਿਆਂ ਹੀ ਸਥਿਤੀ

ਸੁਧਰ ਸਕਦੀ ਹੈ ।

**ਅਧਿਆਪਕ ਸਨਮਾਨ**: ਅਧਿਆਪਕ ਦਿਵਸ ’ਤੇ ਯੋਗ ਅਧਿਆਪਕ ਨੂੰ ਸਨਮਾਨਿਤ ਕੀਤੇ ਜਾਣ ਦੀ ਰਵਾਇਤ ਹੈ । ਸਾਡੇ ਦੇਸ਼ ਵਿੱਚ ਅਜਿਹੇ ਬਹੁਤ ਸਾਰੇ ਅਧਿਆਪਕ ਹਨ, ਜਿਨ੍ਹਾਂ ਨੇ ਸਿੱਖਿਆ ਦੀ ਜੋਤੀ ਨਾਲ ਆਪਣੇ ਵਿਦਿਆਰਥੀਆਂ ਦਾ ਜੀਵਨ ਰੁਸ਼ਨਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੂੰ ਇਨਾਮ ਵਜੋਂ ਮਿਲਣ ਲਈ ਰਕਮ 25 ਹਜ਼ਾਰ ਤੋਂ ਵਧਾ ਕੇ ਹੁਣ 50 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ । ਪਰ ਤ੍ਰਾਸਦੀ ਵੇਖੋ ਕਿ ਇਨ੍ਹਾਂ ਗੁਣਵਾਨਾਂ ਤੋਂ ਪੜ੍ਹੇ ਵਿਦਿਆਰਥੀ ਏਨੀ ਰਕਮ ਇੱਕ ਦਿਨ ਵਿੱਚ ਕਮਾ ਲੈਂਦੇ ਹਨ । ਅਧਿਆਪਕ ਦਿਵਸ ’ਤੇ ਇਹ ਤੁਲਨਾ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਰੂਸ, ਅਮਰੀਕਾ ਅਤੇ ਯੂਰਪੀ ਦੇਸ਼ਾਂ ਵਿੱਚ ਅਧਿਆਪਕ ਦਾ ਸਥਾਨ ਕੀ ਹੈ । ਉਨ੍ਹਾਂ ਨੂੰ ਸਨਮਾਨਿਤ ਜੀਵਨ ਦੇਣ ਲਈ ਅਧਿਆਪਕ ਵਜੋਂ ਕਿੰਨੀਆਂ ਸਹੂਲਤਾਂ ਮਿਲਦੀਆਂ ਹਨ । ਕੀ ਅਸੀਂ ਭਾਰਤ ਦੀ ਅਧਿਆਪਕ ਬਰਾਦਰੀ ਲਈ ਇਹ ਸਭ ਕੁਝ ਕਰਨ ਦੀ ਸੋਚ ਸਕਦੇ ਹਾਂ ।

pooranchandsarin@gmail.com

(ਰੋਜ਼ਾਨਾ ਅਜੀਤ 5-9-2015 ’ਚੋਂ ਧੰਨਵਾਦ ਸਹਿਤ !)



# ਬੰਦ ਕਿਉਂ ਕੀਤੇ ਜਾ ਰਹੇ ਹਨ ਸਰਕਾਰੀ ਸਕੂਲ?

**ਡਾ: ਅਜੀਤਪਾਲ ਸਿੰਘ ਐਮ.ਡੀ.**

ਦੇਸ਼ ਭਰ ਵਿੱਚ ਕਰੀਬ ਇੱਕ ਲੱਖ ਸਰਕਾਰੀ ਸਕੂਲ ਜਾਂ ਤਾਂ ਬੰਦ ਕੀਤੇ ਜਾ ਚੁੱਕੇ ਹਨ ਜਾਂ ਫਿਰ ਬੰਦ ਹੋਣ ਦੇ ਕਿਨਾਰੇ ਹਨ। ਵੱਖ-ਵੱਖ ਸੂਬਿਆਂ ’ਚ ਧੜੱਲੇ ਨਾਲ ਇਨ੍ਹਾਂ ਸਕੂਲਾਂ ਨੂੰ ਜੰਦਰਾ ਵੱਜ ਰਿਹਾ ਹੈ ਅਤੇ ਇਸ ਨੂੰ ਨਾਂ ਦਿੱਤਾ ਜਾ ਰਿਹਾ ਹੈ ਬਰਾਬਰੀਕਰਨ ਜਾਂ ਰੈਸ਼ਨੇਲਾਈਜੇਸ਼ਨ ਦਾ। ਆਮ ਭਾਸ਼ਾ ਵਿੱਚ ਕਹੀਏ ਤਾਂ ਇਸ ਦਾ ਅਰਥ ਹੈ, ਦੋ ਜਾਂ ਤਿੰਨ ਸਕੂਲਾਂ ਦਾ ਇੱਕ ਵਿੱਚ ਰਲੇਵਾਂ। ਇਨ੍ਹਾਂ ਸਕੂਲਾਂ ਨੂੰ ਬੰਦ ਕਰਨ ਪਿੱਛੇ ਤਰਕ ਇੱਕੋ ਹੀ ਹੈ: ਬੱਚਿਆਂ ਦੀ ਘਟ ਰਹੀ ਗਿਣਤੀ, ਅਧਿਆਪਕਾਂ ਦੀ ਕਮੀ ਤੇ ਬੁਨਿਆਦੀ ਸਹੂਲਤਾਂ ਦੀ ਘਾਟ। ਸਕੂਲਾਂ ਨੂੰ ਬੰਦ ਕਰਨਾ, ਸਾਲ 2009 ਵਿੱਚ ਪਾਸ ਸਿੱਖਿਆ ਦੇ ਅਧਿਕਾਰ ਕਾਨੂੰਨ ਦੀ ਮੂਲ ਭਾਵਨਾ ਦੀ ਸਿੱਧੇ ਤੌਰ ’ਤੇ ਉਲੰਘਣਾ ਹੈ ਜੋ ਹਰ ਬੱਚੇ ਨੂੰ ਸਿੱਖਿਆ ਹਾਸਲ ਕਰਨ ਦਾ ਮੌਲਿਕ ਅਧਿਕਾਰ ਦਿੰਦੀ ਹੈ ਤੇ ਜਿਸਦਾ ਨਾਹਰਾ ਹੈ ‘ਘਰ ਦੇ ਦਰਵਾਜ਼ੇ ’ਤੇ ਸਕੂਲ।’ ਲੱਖਾਂ ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਗੁੰਮ ਹੋ ਰਿਹਾ ਹੈ ਅਤੇ ਦੇਸ਼ ਦੀ ਸਿੱਖਿਆ-ਮੰਤਰੀ ਸਿਮ੍ਰਿਤੀ ਇਰਾਨੀ ਜੀ ਕਹਿੰਦੀ ਹੈ ਕਿ ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਕਿ ਅਜਿਹਾ ਵਾਪਰ ਕਿਉਂ ਰਿਹਾ ਹੈ? ਇਸ ਗੱਲ ਦਾ ਅੰਦਾਜ਼ਾ ਹੈ ਕਿ ਸਭ ਸੰਸਾਰ ਬੈਂਕ ਅਤੇ ਡਬਲਿਊ. ਟੀ. ਓ. ਦੇ ਇਸ਼ਾਰੇ ’ਤੇ ਕੀਤਾ ਜਾ ਰਿਹਾ ਹੈ। ਇਸ ਦੀ ਪੋਲ, ਜਿਸ ਤਰ੍ਹਾਂ ਮੁੰਬਈ ਨਗਰ ਨਿਗਮ ਦਾ ਆਪਣੇ ਸਕੂਲਾਂ ਨੂੰ ਨਿੱਜੀ ਜਨਤਕ ਭਾਈਵਾਲੀ (ਪੀ.ਪੀ.ਪੀ.) ਵਿੱਚ ਪਾਉਣ ਲਈ ਨੀਤੀ ਪੱਤਰ ਖੋਲ੍ਹਦਾ ਹੈ, ਜਿਸ ਵਿੱਚ ਸੰਸਾਰ ਬੈਂਕ ਦੇ ਨਿਰਦੇਸ਼ਾਂ ਅਤੇ ਅਧਿਐਨਾਂ ਦਾ ਜ਼ਿਕਰ ਕੀਤਾ ਗਿਆ ਹੈ। ਦੇਸ਼ ਭਰ ਵਿੱਚ ਜੇ ਇੱਕ ਲੱਖ ਸਰਕਾਰੀ ਸਕੂਲ ਬੰਦ ਹੁੰਦੇ ਹਨ ਤਾਂ ਇਸ ਦੀ ਮਾਰ ਕਿਹੜੇ ਸਮੂਹ ਜਾਂ ਫ਼ਿਰਕਿਆਂ ’ਤੇ ਪੈ ਰਹੀ ਹੋਵੇਗੀ, ਇਸ ਦਾ ਦੇਸ਼ ਵਿਆਪੀ ਅੰਕੜਾ ਇਕੱਠਾ ਕਰਨ ਵਿੱਚ ਤਾਂ ਸ਼ਾਇਦ ਸਮਾਂ ਲੱਗੇਗਾ ਪਰ ਰਾਜਸਥਾਨ ’ਚ ਭਾਰਤ-ਗਿਆਨ-ਵਿਗਿਆਨ ਸੰਮਤੀ ਦੀ ਰਿਪੋਰਟ ’ਚ ਇਹ ਮੁਲਾਂਕਣ ਕੀਤਾ ਗਿਆ ਹੈ। ਉਸ ਤੋਂ ਸਾਫ਼ ਹੈ ਕਿ ਇਸ ਦੀ ਮਾਰ ਵਾਂਝਿਆਂ, ਦਲਿਤਾਂ, ਘੱਟ ਗਿਣਤੀਆਂ ਤੇ ਆਦੀਵਾਸੀ ਬੱਚਿਆਂ ’ਤੇ ਸਭ ਤੋਂ ਵੱਧ ਪੈ ਰਹੀ ਹੈ। ਮੱਧ-ਪ੍ਰਦੇਸ਼, ਮਹਾਂਰਾਸ਼ਟਰ ਤੇ ਗੁਜਰਾਤ ਵਿੱਚ ਵੀ ਛੋਟੇ ਪੱਧਰ ਦੇ ਅਧਿਐਨ ਇਸ ਗੱਲ ਨੂੰ ਤਸਦੀਕ ਕਰਦੇ ਹਨ। ਸੰਯੁਕਤ ਰਾਸ਼ਟਰ ਬਾਲਕੋਸ਼ (ਯੂਨੀਸੇਫ਼) ਦੀ ਰਿਪੋਰਟ ਮੁਤਾਬਕ, ਭਾਰਤ ਵਿੱਚ 8 ਕਰੋੜ ਬੱਚੇ ਪ੍ਰਾਇਮਰੀ ਸਿੱਖਿਆ ਪੂਰੀ ਹੋਣ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ ਅਤੇ

ਸਰਕਾਰੀ ਅੰਕੜਿਆਂ ਮੁਤਾਬਕ, ਦੇਸ਼ ਦੇ 80 ਫ਼ੀਸਦੀ ਬੱਚੇ ਸਰਕਾਰੀ ਸਕੂਲਾਂ ਵਿੱਚ ਹੀ ਸਿੱਖਿਆ ਹਾਸਲ ਕਰਦੇ ਹਨ। ਦੇਸ਼ ਦੇ ਬੱਚਿਆਂ ਦੀ ਜ਼ਿਆਦਾਤਰ ਆਬਾਦੀ ਇੱਥੇ ਜਾ ਕੇ ਸਿੱਖਿਆ ਤੇ ਦੁਪਹਿਰ ਦਾ ਖਾਣਾ ਹਾਸਲ ਕਰ ਰਹੀ ਹੈ ਪਰ ਉਨ੍ਹਾਂ ਨੂੰ ਹੁਣ ਜੰਦਰਾ ਮਾਰਨ ਦੀ ਸਕੀਮ ਹੈ। ਇਸ ਦੇ ਨਾਲ ਹੀ ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਵਿੱਚ 12 ਲੱਖ ਦੇ ਕਰੀਬ ਬਾਲ-ਮਜ਼ਦੂਰ ਹਨ। ਬਾਲ ਮਜ਼ਦੂਰ ਸਕੂਲਾਂ ਤੋਂ ਬਾਹਰ ਹਨ। ਬਜਾਏ ਇਨ੍ਹਾਂ ਲੱਖਾਂ ਬੱਚਿਆਂ ਨੂੰ ਸਕੂਲ ਦੇ ਅੰਦਰ ਲਿਆਉਣ ਦੀ ਰਣਨੀਤੀ ਬਣਾਉਣ ਦੇ, ਮੌਜੂਦਾ ਵਿਕਲਪ ਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾ ਰਿਹਾ ਹੈ। ਇਹ ਗੱਲਾਂ ਸੰਕੇਤ ਦੇ ਰਹੀਆਂ ਹਨ ਕਿ ਸਕੂਲੀ ਸਿੱਖਿਆ ਵਿੱਚ ਵੱਡੇ-ਪੈਮਾਨੇ ’ਤੇ ਨੀਤੀਗਤ ਤਬਦੀਲੀਆਂ ਕਰਨ ਦੀਆਂ ਤਿਆਰੀਆਂ ਹਨ।

ਜਨਵਰੀ 2015 ਤੋਂ ਸਿੱਖਿਆ ਦੇ ਅਧਿਕਾਰ ਤੇ ਸਰਵ-ਸਿੱਖਿਆ ਅਧਿਕਾਰ ਦੀ ਸਮੀਖਿਆ ਹੋਣੀ ਹੈ। ਇਸ ਤੋਂ ਪਹਿਲਾਂ ਵੱਖ-ਵੱਖ ਰਾਜਾਂ ਵਿੱਚ ਹਜ਼ਾਰਾਂ ਲੱਖਾਂ ਸਰਕਾਰੀ ਸਕੂਲਾਂ ਨੂੰ ਬੰਦ ਕਰਨਾ ਕਈ ਤਰ੍ਹਾਂ ਦੇ ਸ਼ੰਕਿਆਂ ਨੂੰ ਜਨਮ ਦਿੰਦਾ ਹੈ। ਇਹ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਸਰਕਾਰੀ ਸਕੂਲਾਂ ਨੂੰ ਰੱਦੀ ਦੱਸ ਕੇ, ਉਨ੍ਹਾਂ ਨੂੰ ਬੰਦ ਕਰਕੇ, ਸਿੱਖਿਆ ’ਤੇ ਸਰਕਾਰੀ ਖ਼ਰਚੇ ਨੂੰ ਹੋਰ ਘੱਟ ਕਰਨ ਤੇ ਸਾਰੇ ਬੱਚਿਆਂ ਨੂੰ ਨਿੱਜੀ ਸਕੂਲਾਂ ਆਸਰੇ ਛੱਡਣ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਸਿੱਖਿਆ ਦੇ ਅਧਿਕਾਰ ਲਈ ਕੁੱਲ ਹਿੰਦ ਫ਼ੋਰਮ ਨਾਲ ਜੁੜੇ ਮਾਹਰ ਸਿੱਖਿਆ-ਸ਼ਾਸਤਰੀ ਅਨਿਲ ਸਦਗੋਪਾਲ ਦਾ ਕਹਿਣਾ ਸਹੀ ਲੱਗਦਾ ਹੈ ਕਿ ਇਹ ਸਰਕਾਰੀ ਸਕੂਲਾਂ ਵਿਰੁੱਧ ਇੱਕ ਸਾਜ਼ਸ਼ ਹੈ। ਇਕੋ ਜਿਹੀ ਸਿੱਖਿਆ-ਪ੍ਰਣਾਲੀ ਲਾਗੂ ਕਰਨ ਦੀ ਥਾਂ ਨਿੱਜੀ ਸਕੂਲਾਂ ਨੂੰ ਵੱਡੀ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਅਤੇ ਇਸ ਤਹਿਤ ਸਰਕਾਰੀ ਸਕੂਲਾਂ ਨੂੰ ਮਾਰਿਆ ਜਾ ਰਿਹਾ ਹੈ। ਇਸੇ ਕਾਰਨ ਹੀ ਅਧਿਆਪਕਾਂ ਦਾ ਮਿਆਰ ਖ਼ਤਮ ਕੀਤਾ ਗਿਆ ਤੇ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰੱਖਿਆ ਗਿਆ ਤੇ ਫਿਰ ਜਦ ਬੱਚਿਆਂ ਨੇ ਸਕੂਲ ਆਉਣਾ ਬੰਦ ਕਰ ਦਿੱਤਾ ਤਾਂ ਸਰਕਾਰੀ ਸਕੂਲਾਂ ਨੂੰ ਬੰਦ ਕੀਤਾ ਜਾਣ ਲੱਗਾ, ਤਾਂ ਕਿ ਅੱਜ ਦੇ ਦਿਨ ਤਕ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਜਾ ਰਹੇ ਗ਼ਰੀਬ ਬੱਚਿਆਂ ਤੇ ਖ਼ਾਸ ਕਰਕੇ ਬੱਚੀਆਂ ਨੂੰ ਨਿੱਜੀ ਸਕੂਲਾਂ ਵੱਲ ਧੱਕਿਆ ਜਾ ਸਕੇ।

ਵਾਕਿਆ ਹੀ ਜ਼ਮੀਨ ’ਤੇ ਇਹ ਵਿਖਾਈ ਦੇ ਰਿਹਾ ਹੈ ਕਿ ਜਿੱਥੇ-ਜਿੱਥੇ ਸਰਕਾਰੀ ਸਕੂਲਾਂ ਵਿੱਚ ਤਾਲਾ ਲੱਗਾ, ਉਨ੍ਹਾਂ ਦਾ ਰਲੇਵਾਂ ਦੂਜੇ ਸਰਕਾਰੀ ਸਕੂਲਾਂ ਵਿੱਚ ਕੀਤਾ ਗਿਆ ਹੈ, ਉੱਥੇ ਵੱਡੀ ਗਿਣਤੀ ਵਿੱਚ ਬੱਚਿਆਂ ਦੀ



ਪੜ੍ਹਾਈ ਅੱਧ ਵਿਚਾਲੇ ਹੀ ਛੁੱਟ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਭਰ ਵਿੱਚ ਸਕੂਲਾਂ ਦੀ ਬੰਦੀ ਤੇ ਰਲੇਵਾਂ ਹੋ ਰਿਹਾ ਹੈ ਜਾਂ ਉਨ੍ਹਾਂ ਨੂੰ ਨਿੱਜੀ ਜਨਤਕ ਭਾਈਵਾਲੀ ਤਹਿਤ ਲਿਆਂਦਾ ਜਾ ਰਿਹਾ ਹੈ ਅਤੇ ਇਸ ਵਿਰੁੱਧ ਕੋਈ ਪਾਏਦਾਰ ਆਵਾਜ਼ ਨਹੀਂ ਉੱਠ ਰਹੀ। ਜੇ ਪ੍ਰਾਪਤ ਅੰਕੜਿਆਂ ਦੀ ਗੱਲ ਕਰੀਏ ਤਾਂ ਰਾਜਸਥਾਨ ਵਿੱਚ 17 ਹਜ਼ਾਰ 129 ਸਕੂਲ, ਮਹਾਂਰਾਸ਼ਟਰ ਵਿੱਚ 13 ਹਜ਼ਾਰ 905, ਕਰਨਾਟਕਾ ਵਿੱਚ 6000, ਗੁਜਰਾਤ ਵਿੱਚ 13450, ਆਂਧਰਾ ਪ੍ਰਦੇਸ਼ ਵਿੱਚ 5503, ਤੇਲੰਗਾਨਾ ਵਿੱਚ 4000, ਉੜੀਸਾ ਵਿੱਚ 5000, ਮੱਧ ਪ੍ਰਦੇਸ਼ ਵਿੱਚ 3500, ਉੱਤਰਾਖੰਡ ਵਿੱਚ 1200 ਸਕੂਲ ਬੰਦ ਕੀਤੇ ਜਾਣ ਦੀ ਸੂਚਨਾ ਹੈ। ਵੱਖ-ਵੱਖ ਸੰਗਠਨਾਂ ਤੋਂ ਇਕੱਠੇ ਕੀਤੇ ਇਹ ਅੰਕੜੇ ਸ਼ੁਰੂਆਤੀ ਤਸਵੀਰ ਦਾ ਹਿੱਸਾ ਹਨ, ਜਿਨ੍ਹਾਂ ਵਿੱਚ ਕਈਆਂ ਬਾਰੇ ਸੂਬਾ ਸਰਕਾਰ ਨੇ ਫ਼ਰਮਾਨ ਜਾਰੀ ਕੀਤਾ ਸੀ। ਕੁੱਲ ਮਿਲਾ ਕੇ ਇਹ ਅੰਕੜਾ ਇੱਕ ਲੱਖ ਦੇ ਕਰੀਬ ਬੈਠਦਾ ਹੈ। ਅਜੇ ਤਕ ਤਾਂ ਵੱਡੇ ਸੂਬਿਆਂ ਦਾ ਹੀ ਬਿਓਰਾ ਹਾਸਲ ਹੈ। ਜੇ ਕੌਮੀ ਪੱਧਰ ਦਾ ਅਧਿਐਨ ਹੋਵੇ ਤਾਂ ਇਹ ਅੰਕੜਾ ਇੱਕ ਲੱਖ ਤੋਂ ਵੀ ਵੱਧ ਹੋ ਸਕਦਾ ਹੈ। ਇੱਥੇ ਇੱਕ ਹੋਰ ਗੱਲ ਧਿਆਨ ਦੇਣ ਯੋਗ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੰਦੀ ਦੀ ਰਫ਼ਤਾਰ ਪਛੜੇ ਸੂਬਿਆਂ ਵਿੱਚ ਘੱਟ ਹੈ। ਮਿਸਾਲ ਵਜੋਂ ਬਿਹਾਰ, ਝਾਰਖੰਡ, ਪੱਛਮੀ ਬੰਗਾਲ ਆਦਿ ਵਿੱਚ ਸਰਕਾਰੀ ਸਕੂਲਾਂ ਦੇ ਬੰਦ ਹੋਣ ਦੀ ਰਫ਼ਤਾਰ ਘੱਟ ਹੈ। ਇਸ ਦੀ ਵੱਡੀ ਵਜ੍ਹਾ ਇਹ ਹੈ ਕਿ ਇਨ੍ਹਾਂ ਸੂਬਿਆਂ ਵਿੱਚ ਨਿੱਜੀ ਸਕੂਲਾਂ ਦਾ ਵਿਕਲਪ ਨਹੀਂ ਹੈ। ਇੱਥੇ ਨਿੱਜੀ ਸਕੂਲ ਪਿੰਡਾਂ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਨਹੀਂ ਪਹੁੰਚੇ। ਸਿੱਖਿਆ ਦੇ ਅਧਿਕਾਰ ਫ਼ੋਰਮ ਮੁਤਾਬਕ, ਮਹਾਂਰਾਸ਼ਟਰ ਵਿੱਚ 45 ਫ਼ੀਸਦੀ ਬੱਚੇ, ਉੱਤਰ ਪ੍ਰਦੇਸ਼ ਵਿੱਚ 40 ਫ਼ੀਸਦੀ ਬੱਚੇ ਤੇ ਕੇਰਲਾ ਸਮੇਤ ਬਾਕੀ ਦੱਖਣੀ ਭਾਰਤ ਦੇ ਰਾਜਾਂ ਵਿੱਚ 55 ਫ਼ੀਸਦੀ ਬੱਚੇ, ਨਿੱਜੀ ਸਕੂਲਾਂ ਵਿੱਚ ਪੜ੍ਹ ਰਹੇ ਹਨ। ਇਸ ਬਾਰੇ ਕੇਂਦਰੀ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਸਿਮ੍ਰਿਤੀ ਇਰਾਨੀ ਨੇ ਉਹੀ ਗੱਲ ਦੁਹਰਾਈ ਜੋ ਕਿ ਉਨ੍ਹਾਂ ਨੇ ਸੰਸਦ ਵਿੱਚ 6 ਅਗਸਤ ਨੂੰ ਇੱਕ ਸਵਾਲ ਦੇ ਜਵਾਬ ’ਚ ਕਿਹਾ ਸੀ ਕਿ ਕਿਸੇ ਵੀ ਸੂਬਾ ਸਰਕਾਰ ਨੇ ਇਹ ਰਿਪੋਰਟ ਨਹੀਂ ਦਿੱਤੀ ਕਿ ਉਨ੍ਹਾਂ ਦੇ ਸੂਬਿਆਂ ਵਿੱਚ ਬੱਚਿਆਂ ਜਾਂ ਅਧਿਆਪਕਾਂ ਦੀ ਘਾਟ ਕਾਰਨ ਸਰਕਾਰੀ ਸਕੂਲ ਬੰਦ ਕੀਤੇ ਗਏ ਹਨ।

ਉੱਚ ਸਿੱਖਿਆ-ਸ਼ਾਸਤਰੀ ਕ੍ਰਿਸ਼ਨ ਕੁਮਾਰ ਜੀ ਦਾ ਕਹਿਣਾ ਹੈ ਕਿ ਜਦ ਵੀ ਸਰਕਾਰੀ ਸਕੂਲਾਂ ’ਤੇ ਸੰਕਟ ਛਾਏਗਾ, ਉਸ ਨਾਲ ਲੜਕੀਆਂ ਦੀ ਸਾਖਰਤਾ ਸਭ ਤੋਂ ਵੱਧ ਅਸਰ-ਅੰਦਾਜ਼ ਹੋਵੇਗੀ। ਦਲਿਤ ਬੱਚਿਆਂ

ਦੀ ਸਿੱਖਿਆ ’ਤੇ ਕੰਮ ਕਰ ਰਹੀ ਸੈਂਟਰ ਆਫ਼ ਸੋਸ਼ਲ ਇਕਵਟੀ ਐਂਡ ਇਨਕਲਜ਼ਨ ਸੰਸਥਾ ਦੀ ਡਾਇਰੈਕਟਰ ਏਨੀ ਨਮਾਲਾ ਦਾ ਵਿਸ਼ਲੇਸ਼ਣ ਹੈ ਕਿ ਸਕੂਲਾਂ ਦੀ ਬੰਦੀ ਜਾਂ ਰਲੇਵੇਂ ਨਾਲ ਦਲਿਤ ਬੱਚਿਆਂ ਦੀ ਸਿੱਖਿਆ ’ਤੇ ਬੁਰਾ ਅਸਰ ਪਿਆ ਹੈ। ਦਲਿਤ ਬਸਤੀਆਂ ਵਿੱਚ ਸਰਕਾਰੀ ਸਕੂਲਾਂ ਨੂੰ ਵੱਡੀ ਪੱਧਰ ’ਤੇ ਬੰਦ ਕਰਕੇ, ਮੁੱਖ ਪਿੰਡ ਦੇ ਸਰਕਾਰੀ ਸਕੂਲਾਂ ਵਿੱਚ ਉਨ੍ਹਾਂ ਦਾ ਰਲੇਵਾਂ ਕੀਤਾ ਜਾ ਰਿਹਾ ਹੈ। ਇੱਥੇ ਦਬੰਗ ਜ਼ਾਤੀਆਂ ਦੇ ਬੱਚਿਆਂ ਦੀ ਬਹੁਗਿਣਤੀ ਹੁੰਦੀ ਹੈ ਅਤੇ ਦਲਿਤ ਬੱਚਿਆਂ ਲਈ ਬਰਾਬਰੀ ਦਾ ਮਾਹੌਲ ਨਹੀਂ ਹੁੰਦਾ। ਇਸ ਕਾਰਨ ਇਹ ਬੱਚੇ ਘਰ ਬੈਠ ਜਾਂਦੇ ਹਨ।ਇਹ ਸਾਰੇ ਸ਼ੰਕੇ/ਘਟਨਾਵਾਂ ਜ਼ਮੀਨ ’ਤੇ ਵਾਪਰ ਰਹੀਆਂ ਦਿੱਸ ਰਹੀਆਂ ਹਨ। ਰਾਜਸਥਾਨ ਵਿੱਚ ਭਾਰਤ ਗਿਆਨ-ਵਿਗਿਆਨ ਸੰਮਤੀ (ਬੀ.ਜੀ. ਵੀ. ਐਸ.) ਨੇ ਸੂਬੇ ਵਿੱਚ 17 ਹਜ਼ਾਰ ਸਕੂਲਾਂ ਦੀ ਬੰਦੀ ਤੇ ਰਲੇਵੇਂ ਪਿੱਛੋਂ ਪੰਜ ਜ਼ਿਲ੍ਹਿਆਂ (ਜੈਪੁਰ ਸ਼ਹਿਰ, ਅਲਵਰ, ਪਾਲੀ, ਬਾਰਾਂ ਤੇ ਬੂੰਦੀ) ਵਿੱਚ ਇੱਕ ਅਧਿਐਨ ਕਰਵਾਇਆ। ਇਸ ਅਧਿਐਨ ਦੀ ਰਿਪੋਰਟ ਦੱਸਦੀ ਹੈ ਕਿ ਇੱਕ ਸਕੂਲ ਦੇ ਬੰਦ ਹੋਣ ਨਾਲ ਕਿੰਨੇ ਬੱਚਿਆਂ ਦੀ ਜ਼ਿੰਦਗੀ ਵਿੱਚ ਅਨਪੜ੍ਹਤਾ ਦਾ ਹਨੇਰਾ ਛਾ ਜਾਂਦਾ ਹੈ। ਇਸ ਰਿਪੋਰਟ ਨਾਲ ਉਹ ਗੱਲਾਂ ਸਾਹਮਣੇ ਆਈਆਂ ਜੋ ਦੇਸ਼ ਭਰ ਵਿੱਚ ਲਾਗੂ ਹੁੰਦੀਆਂ ਹਨ। ਸਕੂਲਾਂ ਨੂੰ ਬੰਦ ਕਰਕੇ, ਦੂਜੇ ਸਕੂਲਾਂ ਵਿੱਚ ਉਨ੍ਹਾਂ ਦੇ ਰਲੇਵੇਂ ਦਾ ਰਾਜਸੀ ਨੀਤੀਗਤ ਫ਼ੈਸਲਾ ਹੋਣ ਪਿੱਛੇ, ਉਹ ਨੌਕਰਸ਼ਾਹੀ ਵੀ ਹੈ ਜੋ ਸਿਰਫ਼ ਬੰਦ ਕਮਰਿਆਂ ਵਿੱਚ ਬੈਠ ਕੇ ਅਪਣਾਏ ਨਜ਼ਰੀਏ ਨਾਲ ਸਕੂਲਾਂ ਸੰਬੰਧੀ ਅੰਕੜੇ ਵੇਖਦੀ ਹੈ। ਇੱਕ ਨਜ਼ਰ ਵਿੱਚ ਹੀ ਇਸ ਪਿੱਛੇ ਗ਼ਰੀਬ ਤੇ ਬੇਸਹਾਰਾ ਵਾਂਝੇ ਤਬਕਿਆਂ ਦੇ ਬੱਚਿਆਂ ਨੂੰ ਸਿੱਖਿਆ ਤੋਂ ਬਾਹਰ ਕਰਨ ਦੀ ਮਾਨਸਿਕਤਾ ਝਲਕਦੀ ਹੈ। ਰਾਜਸਥਾਨ ਵਿੱਚ 80 ਹਜ਼ਾਰ ਸਰਕਾਰੀ ਸਕੂਲ ਹਨ ਜਿਨ੍ਹਾਂ ਵਿੱਚੋਂ 17 ਹਜ਼ਾਰ ਨੂੰ ਇਸ ਸਾਲ ਅਗਸਤ ਵਿੱਚ ਹੋਰਨਾਂ ਸਕੂਲਾਂ ਦੇ ਨਾਲ ਮਿਲਾ ਦਿੱਤਾ ਗਿਆ। ਸਿੱਟੇ ਵਜੋਂ 22 ਫ਼ੀਸਦੀ ਸਰਕਾਰੀ ਸਕੂਲ ਬੰਦ ਹੋ ਗਏ।ਇਸ ਦਾ ਅਸਰ 10 ਲੱਖ ਬੱਚਿਆਂ ਤੇ ਅਧਿਆਪਕਾਂ ਉੱਪਰ ਪਿਆ। ਕੁਝ ਸ਼ਹਿਰਾਂ ਵਿੱਚ ਤਾਂ ਜਿਨ੍ਹਾਂ ਸਕੂਲਾਂ ਨੂੰ, ਦੂਜੇ ਸਕੂਲਾਂ ਵਿੱਚ ਮਿਲਾ ਦਿੱਤਾ ਗਿਆ, ਉਨ੍ਹਾਂ ਦੇ ਇੱਕ ਤਿਹਾਈ ਬੱਚਿਆਂ ਨੇ ਸਕੂਲ ਜਾਣਾ ਬੰਦ ਹੀ ਕਰ ਦਿੱਤਾ ਹੈ। ਇਹ ਸਕੂਲ ਜਾਣ ਵਾਲੇ ਕੁੱਲ ਬੱਚਿਆਂ ਦਾ 10 ਫ਼ੀਸਦੀ ਹੈ। ਬੀ.ਜੀ.ਵੀ. ਐਸ. ਦੀ ਕੋਮਲ ਸ੍ਰੀ ਵਾਸਤਵ  ਨੇ ਦੱਸਿਆ ਕਿ ਪਿੱਛੋਂ ਰਾਜ ਸਰਕਾਰ ਨੇ ਕੁਝ ਸਕੂਲਾਂ ਨੂੰ ਖੋਲ੍ਹ ਦਿੱਤਾ ਪਰ ਅਨੇਕਾਂ ਅਜੇ ਵੀ ਬੰਦ ਹਨ। ਸਕੂਲਾਂ ਦੇ ਰਲੇਵੇਂ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਿਨ੍ਹਾਂ ਕਾਰਨ ਬੱਚਿਆਂ



ਨੂੰ ਸਕੂਲ ਛੱਡਣਾ ਪਿਆ। ਇਸ ਦੇ ਕਾਰਨ, ਜਿਸ ਸਕੂਲ ਵਿੱਚ ਰਲੇਵਾਂ ਕੀਤਾ ਗਿਆ ਹੈ, ਉਸ ਦੀ ਦੂਰੀ, ਸਕੂਲ ਦੇ ਸਮੇਂ ਵਿੱਚ ਤਬਦੀਲੀ, ਜਾਤੀਗਤ, ਧਾਰਮਿਕ ਤੇ ਲਿੰਗਕ ਹਨ। ਇਸ ਅਧਿਐਨ ਤੋਂ ਸਾਹਮਣੇ ਆਇਆ  ਕਿ ਕਈ ਸਕੂਲ ਅਜਿਹੇ ਸਨ ਜੋ ਦਲਿਤ ਇਲਾਕਿਆਂ ਵਿੱਚ ਚੱਲ ਰਹੇ ਸਨ ਤੇ ਉਨ੍ਹਾਂ ਨੂੰ ਅਜਿਹੇ ਸਕੂਲਾਂ ਵਿੱਚ ਮਿਲਾ ਦਿੱਤਾ ਗਿਆ ਜੋ ਦਬੰਗ (ਉੱਚ) ਜਾਤਾਂ ਦੇ ਦਬਦਬੇ ਵਾਲੇ ਇਲਾਕਿਆਂ ਵਿੱਚ ਸਨ। ਨਵੇਂ ਸਕੂਲਾਂ ’ਚ ਜਾ ਕੇ ਜਦ ਦਲਿਤ ਬੱਚਿਆਂ ਨੂੰ ਦਬੰਗ (ਸਵਰਨ) ਜਾਤੀਆਂ ਦੇ ਹੱਥੋਂ ਭੇਦਭਾਵ ਦਾ ਸ਼ਿਕਾਰ ਹੋਣਾ ਪਿਆ ਤਾਂ ਉਹ ਪੜ੍ਹਾਈ ਛੱਡਣ ਲਈ ਮਜਬੂਰ ਹੋ ਗਏ। ਕੁਝ ਕੇਸਾਂ ਵਿੱਚ ਲੜਕਿਆਂ ਦੇ ਸਕੂਲਾਂ ਦਾ ਰਲੇਵਾਂ ਲੜਕੀਆਂ ਦੇ ਸਕੂਲਾਂ ਨਾਲ ਕਰ ਦਿੱਤਾ ਗਿਆ। ਲੜਕੀਆਂ ਲਈ ਵੱਖਰੇ ਸਕੂਲ ਖੋਲ੍ਹਣ ਦਾ ਇੱਕੋ-ਇੱਕ ਮਕਸਦ ਲੜਕੀਆਂ ਦੀ ਸਿੱਖਿਆ ਨੂੰ ਹੱਲਾਸ਼ੇਰੀ ਦੇਣਾ ਸੀ ਕਿਉਂਕਿ ਕਈ ਪਰਿਵਾਰ ਸਮਾਜਿਕ, ਸੱਭਿਆਚਾਰਕ ਕਾਰਨਾਂ ਕਰਕੇ ਲੜਕਿਆਂ ਦੇ ਸਕੂਲਾਂ ਵਿੱਚ ਆਪਣੀਆਂ ਬੱਚੀਆਂ ਭੇਜਣ ਲਈ ਰਾਜ਼ੀ ਨਹੀਂ ਹੁੰਦੇ ਸਨ, ਰਲੇਵੇਂ ਨੇ ਇਨ੍ਹਾਂ ਬੱਚੀਆਂ ਨੂੰ ਸਿੱਖਿਆ ਤੋਂ ਵਾਂਝਾ ਕਰ ਦਿੱਤਾ।

ਮਿਸਾਲ ਵਜੋਂ ਜੈਪੁਰ ਵਿੱਚ ਧਾਨਕਾ ਬਸਤੀ, ਜੋਟਵਾੜਾ ਦੇ ਲੜਕੀਆਂ ਦੇ ਪ੍ਰਇਮਰੀ ਸਕੂਲ ਦਾ ਰਲੇਵਾਂ ਰੈਗਰ ਬਸਤੀ ਦੇ ਸਹਿ ਸਿੱਖਿਆ ਸਕੂਲਾਂ ਦੇ ਨਾਲ ਕਰ ਦਿੱਤਾ ਗਿਆ, ਜਿੱਥੇ ਮੁੱਖ ਤੌਰ ’ਤੇ ਲੜਕੇ ਹੀ ਪੜ੍ਹਦੇ ਹਨ। ਧਾਨਕਾ ਬਸਤੀ ਸਕੂਲ ਵਿੱਚ 165 ਹਿੰਦੂ ਤੇ ਮੁਸਲਿਮ ਲੜਕੀਆਂ ਇਕੱਠਿਆਂ ਪੜ੍ਹਦੀਆਂ ਸਨ। ਪਰ ਹੁਣ ਲੜਕੀਆਂ ਦੇ ਮਾਪੇ ਬੇਹੱਦ ਨਾਰਾਜ਼ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਭਾਈਚਾਰਿਆਂ ਨੂੰ ਬਹੁਤ ਮੁਸ਼ਕਲ ਨਾਲ ਲੜਕੀਆਂ ਦੀ ਸਿੱਖਿਆ ਲਈ ਤਿਆਰ ਕਰਵਾਇਆ ਸੀ। ਹੁਣ ਜ਼ਿਆਦਾਤਰ ਲੜਕੀਆਂ ਸਕੂਲ ਛੱਡ ਚੁੱਕੀਆਂ ਹਨ। ਫ਼ਿਰਕੂ ਸਦਭਾਵਨਾ ਦੀ ਮਿਸਾਲ ਰਿਹਾ ਇਹ ਸਕੂਲ, ਅਧਿਕਾਰੀਆਂ ਦੇ ਤਰਕਹੀਣ ਫ਼ੈਸਲੇ ਦਾ ਸ਼ਿਕਾਰ ਹੋ ਗਿਆ ।

ਗੁਜਰਾਤ ਵਿੱਚ ਸਿੱਖਿਆ ਦੇ ਅਧਿਕਾਰ ਲਈ ਕੰਮ ਕਰ ਰਹੇ ਡਾ: ਵਿਕਰਮ ਸਿੰਘ ਅਮਰਾਵਤ ਨੇ ਦੱਸਿਆ ਕਿ ਗੁਜਰਾਤ ਸਰਕਾਰ ਨੇ ਬਾਕਾਇਦਾ ਸਰਕਾਰੀ ਹੁਕਮ ਜਾਰੀ ਕਰਕੇ ਕਿਹਾ ਕਿ ਜਿਨ੍ਹਾਂ ਸਕੂਲਾਂ ਵਿੱਚ ਹਾਜ਼ਰੀ ਘੱਟ ਹੈ, ਉਨ੍ਹਾਂ ਸਕੂਲਾਂ ਦਾ ਰਲੇਵਾਂ ਹੋਰਨਾਂ ਸਕੂਲਾਂ ਵਿੱਚ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਤਕਰੀਬਨ 13450 ਸਕੂਲਾਂ ਨੂੰ ਬੰਦ ਕਰਨ ਦੀ ਤਿਆਰੀ ਹੋ ਚੁੱਕੀ ਹੈ। ਇਕੱਲੇ ਗਾਂਧੀ ਨਗਰ ਵਿੱਚ ਪੰਜ ਸਰਕਾਰੀ ਸਕੂਲਾਂ ਦਾ ਰਲੇਵਾਂ ਹੋ ਚੁੱਕਾ ਹੈ ਤੇ ਇਸ ਨੇ ਗ਼ਰੀਬ ਬੱਚਿਆਂ ’ਤੇ

ਬੁਰਾ ਅਸਰ ਪਾਇਆ ਹੈ। ਇਸ ਤਰ੍ਹਾਂ ਦੀਆਂ ਹਦਾਇਤਾਂ ਸਾਰੇ ਸੂਬਿਆਂ ਨੇ ਜਾਰੀ ਕੀਤੀਆਂ ਹਨ। ਮੱਧ ਪ੍ਰਦੇਸ਼ ਵਿੱਚ ਪਿਛਲੇ ਸਾਲ 5 ਜੁਲਾਈ ਨੂੰ ਰਾਜ ਸਿੱਖਿਆ ਕੇਂਦਰ ਨੇ ਰੈਸ਼ਨੇਲਾਈਜ਼ੇਸ਼ਨ (ਰਲੇਵੇਂ) ਬਾਰੇ ਇਕ ਹੁਕਮ ਕੱਢਿਆ ਸੀ। ਸਿਹੋਰ ਜ਼ਿਲ੍ਹੇ ਵਿੱਚ 9 ਸਰਕਾਰੀ ਸਕੂਲ ਬੰਦ ਕੀਤੇ ਹਨ ਅਤੇ 37 ਸਕੂਲਾਂ ਦਾ ਦੂਜੇ ਸਕੂਲਾਂ ਵਿੱਚ ਰਲੇਵਾਂ ਹੋਇਆ। ਪੂਰੇ ਸੂਬੇ ਵਿੱਚ 3500 ਸਕੂਲ ਬੰਦ ਕੀਤੇ ਹਨ। ਗਵਾਲੀਅਰ ਜ਼ਿਲ੍ਹੇ ਦੇ 146 ਪ੍ਰਾਇਮਰੀ ਸਕੂਲਾਂ ਤੇ 8 ਮਿਡਲ ਸਕੂਲਾਂ ਦਾ ਦੂਜੇ ਸਕੂਲਾਂ ਵਿੱਚ ਰਲੇਵਾਂ ਕੀਤਾ ਗਿਆ ਹੈ। ਇਨ੍ਹਾਂ ਵਿੱਚ ਬਹੁਤ ਸਾਰੀਆਂ ਸ਼ਹਿਰੀ ਬਸਤੀਆਂ ਤੇ ਪੇਂਡੂ ਹਨ। ਕਈ ਕੰਨਿਆਂ ਸਕੂਲਾਂ ਨੂੰ ਲੜਕਿਆਂ ਦੇ ਸਕੂਲ 'ਚ ਮਿਲਾ ਦਿੱਤਾ ਗਿਆ ਹੈ। ਸਰਕਾਰ ਰਲੇਵੇਂ ਦੇ ਬਹਾਨੇ ਸਰਕਾਰੀ ਸਕੂਲ ਬੰਦ ਕਰਕੇ, ਨਿੰਜੀ ਸਿੱਖਿਆ ਪ੍ਰਣਾਲੀ ਨੂੰ ਹੱਲਾਸ਼ੇਰੀ ਦੇ ਰਹੀ ਹੈ। ਭੋਪਾਲ ਵਿੱਚ ਸਰਕਾਰੀ ਸਕੂਲ ਕੈਂਪਸ ਨਿੱਜੀ ਸਕੂਲਾਂ ਨੂੰ ਦਿੱਤੇ ਹਨ। ਇਕ ਪਾਸੇ ਸਕੂਲ ਬੰਦ ਹੋ ਰਹੇ ਹਨ ਤਾਂ ਦੂਜੇ ਪਾਸੇ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ। ਅਜੇ ਦੇਸ਼ ਭਰ 'ਚ ਇਹ ਚੁਪਚਾਪ ਹੋ ਰਿਹਾ ਹੈ। ਮੁੰਬਈ ਤੇ ਚੇਨਈ ਵਿੱਚ ਨਿਗਮਾਂ ਦੇ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ ਹੈ। ਇਹ ਇੱਕ ਪੂਰੀ ਰਣਨੀਤੀ ਹੈ। ਸਕੂਲੀ ਪੱਧਰ ਉੱਚਾ ਚੁੱਕਣ ਦੇ ਬਹਾਨੇ ਜਾਇਦਾਦ ਨਿੱਜੀ ਹੱਥਾਂ ਵਿੱਚ ਦਿੱਤੀ ਜਾ ਰਹੀ ਹੈ। ਇਹ ਵਿਸ਼ਵ ਬੈਂਕਾਂ ਦੇ ਨਿਰਦੇਸ਼ਾਂ ਅਨੁਸਾਰ ਹੋ ਰਿਹਾ ਹੈ। ਗ਼ਰੀਬ ਦੇਸ਼ਾਂ ਵਿੱਚ ਇਹ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ 'ਤੇ ਛਾਪਾ ਹੈ। ਮਿਆਰੀ ਸਿੱਖਿਆ ਲਈ ਚੰਗੇ ਸਰਕਾਰੀ ਸਕੂਲ ਜ਼ਰੂਰੀ ਹਨ। ਜੇ ਸਰਕਾਰ ਕੇਂਦਰੀ ਅਤੇ ਨਵੋਦਿਆ ਸਕੂਲ ਚਲਾ ਸਕਦੀ ਹੈ ਤਾਂ ਸਰਕਾਰੀ ਸਕੂਲ ਕਿਉਂ ਨਹੀਂ?

ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ,
ਮੋਬਾਈਲ : 98156-29301

(ਰੋਜ਼ਾਨਾ ਸਪੋਕਸਮੈਨ 02-02-2015 'ਚੋਂ ਧੰਨਵਾਦ ਸਹਿਤ !)



# ਉੱਚ ਸਿੱਖਿਆ ਦੀਆਂ ਸਮੱਸਿਆਵਾਂ

**ਡਾ. ਸਰਬਜੀਤ ਕੌਰ ਸੋਹਲ**

ਸਕੂਲ ਪੱਧਰ 'ਤੇ ਅੱਠਵੀਂ ਤਕ ਕਿਸੇ ਬੱਚੇ ਨੂੰ ਫੇਲ੍ਹ ਨਾ ਕਰਨ ਦੀ ਮਜਬੂਰੀ ਕਾਰਨ ਬੱਚਿਆਂ ਦੀ ਕਮਜ਼ੋਰ ਨੀਂਹ ਉੱਚ ਸਿੱਖਿਆ ਖੇਤਰ ਵਿੱਚ ਵੱਡੀ ਰੁਕਾਵਟ ਬਣ ਕੇ ਉੱਭਰਦੀ ਹੈ। ਇਹੀ ਕਾਰਨ ਹੈ ਕਿ ਕੁਝ ਬੱਚੇ ਅਗਲੇਰੀ ਉਚੇਰੀ ਪੜ੍ਹਾਈ ਤੋਂ ਕਿਨਾਰਾ ਕਰ ਲੈਂਦੇ ਹਨ। ਭਾਰਤ ਦੀ 70 ਫ਼ੀਸਦੀ ਅਬਾਦੀ ਪਿੰਡਾਂ ਵਿੱਚ ਵੱਸਦੀ ਹੈ । ਪੇਂਡੂ ਖੇਤਰ ਦੇ ਅਮੀਰ ਵਰਗ ਦੇ ਵਿਦਿਆਰਥੀ ਸ਼ਹਿਰੀ ਵਿਦਿਆਰਥੀਆਂ ਵਾਂਗ ਸੁਚੇਤ ਹੁੰਦੇ ਹਨ। ਇਸ ਲਈ ਉਹ ਚੰਗੀਆਂ ਸੰਸਥਾਵਾਂ 'ਚ ਦਾਖ਼ਲਾ ਲੈ ਕੇ ਕਿਸੇ ਨਾ ਕਿਸੇ ਹੱਦ ਤਕ ਆਪਣੀਆਂ ਮੁਸ਼ਕਲਾਂ 'ਤੇ ਕਾਬੂ ਪਾ ਲੈਂਦੇ ਹਨ, ਪਰ ਗ਼ਰੀਬੀ ਦੇ ਨਾਲ-ਨਾਲ ਪੇਂਡੂ ਖੇਤਰ ਦੇ ਵਿਦਿਆਰਥੀ ਵਧੇਰੇ ਮੁਸ਼ਕਲ ਹਾਲਾਤ ਵਿੱਚੋਂ ਲੰਘਦੇ ਹਨ । ਸ਼ਹਿਰਾਂ ਦੇ ਪੜ੍ਹੇ-ਲਿਖੇ ਮਾਪੇ ਆਪਣੇ ਬੱਚਿਆਂ ਨੂੰ ਵਿਸ਼ਿਆਂ ਦੀ ਚੋਣ, ਪੜ੍ਹਾਈ ਦੇ ਮਕਸਦ, ਕੈਰੀਅਰ ਦੀ ਚੋਣ ਸੰਬੰਧੀ ਅਗਵਾਈ ਦਿੰਦੇ ਹਨ ਜਦੋਂ ਕਿ ਪਿੰਡਾਂ ਵਿੱਚ ਬਹੁਤੇ ਮਾਪੇ ਅਨਪੜ੍ਹ ਜਾਂ ਘੱਟ ਪੜ੍ਹੇ ਹੋਣ ਕਰਕੇ ਸਹੀ ਅਗਵਾਈ ਕਰਨ ਤੋਂ ਅਸਮਰੱਥ ਹੁੰਦੇ ਹਨ । ਸਕੂਲ ਪਾਸ ਕਰਕੇ ਕਾਲਜ ਵਿੱਚ ਦਾਖ਼ਲੇ ਲਈ ਆਉਂਦੇ ਮੁੰਡੇ-ਕੁੜੀਆਂ ਸਹੀ ਵਿਸ਼ਿਆਂ ਦੀ ਚੋਣ ਤੋਂ ਜਾਣੂ ਨਹੀਂ ਹੁੰਦੇ । ਅਕਸਰ ਹੁਸ਼ਿਆਰ ਵਿਦਿਆਰਥੀ ਮੈਡੀਕਲ, ਨਾਨ-ਮੈਡੀਕਲ, ਕਾਮਰਸ ਆਦਿ ਵਿਸ਼ੇ ਚੁਣਦੇ ਹਨ ਜਦਕਿ ਘੱਟ ਅੰਕਾਂ ਵਾਲਿਆਂ ਨੂੰ ਆਰਟਸ ਹਿਊਮੈਂਟੀਜ਼ 'ਚ ਦਾਖ਼ਲਾ ਮਿਲਦਾ ਹੈ । ਇਹ ਹੁਸ਼ਿਆਰ ਵਿਦਿਆਰਥੀ ਰੱਟਾ ਜਾਂ ਟਿਊਸ਼ਨ ਦੇ ਜ਼ੋਰ 'ਤੇ ਚੰਗੇ ਅੰਕ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਵਿਵਹਾਰਕ ਪੱਧਰ 'ਤੇ ਤਕਨੀਕੀ ਗਿਆਨ ਤੋਂ ਸੱਖਣੇ ਹੀ ਹੁੰਦੇ ਹਨ। ਸਮੇਂ ਦੀ ਲੋੜ ਹੈ ਕਿ ਸਿੱਖਿਆ-ਪ੍ਰਣਾਲੀ ਵਿੱਚ ਦਸਵੀਂ, ਬਾਰ੍ਹਵੀਂ ਜਮਾਤ ਤਕ ਪਹੁੰਚਦਿਆਂ ਹਰ ਵਿਦਿਆਰਥੀ ਨੂੰ ਭਵਿੱਖ ਮੁਖੀ ਟੀਚਿਆਂ ਅਨੁਸਾਰ ਵੱਖ-ਵੱਖ ਵਿਸ਼ਿਆਂ ਦੀ ਚੋਣ ਸੰਬੰਧੀ ਪੂਰਨ ਜਾਣਕਾਰੀ ਦਿੱਤੀ ਜਾਵੇ ਅਤੇ ਇਸ ਸੰਬੰਧੀ ਕਾਊਂਸਲਿੰਗ, ਸਕੂਲ ਪਾਠਕ੍ਰਮ ਦਾ ਹਿੱਸਾ ਹੋਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਆਪਣੀਆਂ ਲੋੜਾਂ ਅਤੇ ਰੁਚੀ ਮੁਤਾਬਕ ਉੱਚ ਸਿੱਖਿਆ ਲਈ ਵਿਸ਼ਿਆਂ ਦੀ ਚੋਣ ਕਰ ਸਕਣ ।

ਵਿਦਿਆਰਥੀ ਨੂੰ ਕੀ ਅਤੇ ਕਿਵੇਂ ਪੜ੍ਹਾਉਣਾ ਹੈ ਇਹ ਸੁਆਲ ਵੀ ਬਹੁਤ ਮਹਤੱਵਪੂਰਨ ਹਨ। ਪਾਠਕ੍ਰਮ ਦੀ ਨਜ਼ਰਸਾਨੀ ਕੀਤਿਆਂ ਪਤਾ ਲੱਗਦਾ ਹੈ ਕਿ ਸਮੇਂ, ਸਥਾਨ ਅਤੇ ਭਵਿੱਖ ਦੀਆਂ ਲੋੜਾਂ ਮੁਤਾਬਕ ਪਾਠਕ੍ਰਮ

ਨੂੰ ਨਵਿਆਉਣ ਦੀ ਲੋੜੀਂਦੀ ਪਿਰਤ ਸਾਡੀ ਸਿੱਖਿਆ-ਪ੍ਰਣਾਲੀ ਵਿੱਚ ਅਜੇ ਜ਼ਿਆਦਾ ਨਹੀਂ ਪਈ ।

ਵਾਤਾਵਰਣ 'ਚ ਆ ਰਹੇ ਵਿਗਾੜ, ਕੁਦਰਤ ਨਾਲ ਛੇੜਛਾੜ, ਕੁਦਰਤ ਦੇ ਬਚਾਓ ਲਈ ਉਪਰਾਲਿਆਂ ਸੰਬੰਧੀ ਵਿਧੀਵਤ ਪਾਠਕ੍ਰਮ ਨਿਰਧਾਰਤ ਕਰਨਾ ਅਜੋਕੀ ਸਿੱਖਿਆ-ਪ੍ਰਣਾਲੀ ਦੀ ਲੋੜ ਹੈ । ਲੋੜੀਂਦਾ ਪਾਠਕ੍ਰਮ ਅਤੇ ਉਸਨੂੰ ਪੜ੍ਹਾਉਣ ਲਈ ਆਧੁਨਿਕ ਢੰਗ ਤਰੀਕਿਆਂ ਦੀ ਵੀ ਜ਼ਰੂਰਤ ਹੈ । ਅਤਿ ਤੇਜ਼ੀ ਨਾਲ ਬਦਲ ਰਹੇ ਸਮੇਂ, ਲੋੜਾਂ ਅਤੇ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਪਹਿਲੀ ਤੋਂ ਦਸਵੀਂ, ਬਾਰ੍ਹਵੀਂ ਅਤੇ ਫਿਰ ਕਾਲਜ ਦੀ ਪੜ੍ਹਾਈ ਲਈ ਪਾਠਕ੍ਰਮ ਵਿਧੀਵਤ, ਪੜਾਅ ਦਰ ਪੜਾਅ ਲਗਾਤਾਰ ਨਵਿਆਉਣ ਅਤੇ ਰੌਚਕ ਬਣਾਉਣਾ ਚਾਹੀਦਾ ਹੈ ।

ਸਰਕਾਰੀ ਅਤੇ ਪ੍ਰਾਈਵੇਟ ਸਿੱਖਿਆ ਅਦਾਰਿਆਂ ਵਿੱਚ ਵੀ ਫ਼ੀਸਾਂ ਅਤੇ ਸਹੂਲਤਾਂ ਵਿੱਚ ਬੜਾ ਹੀ ਪਾੜਾ ਹੈ । ਸਰਕਾਰੀ ਕਾਲਜਾਂ ਦੀਆਂ ਫ਼ੀਸਾਂ ਘੱਟ ਅਤੇ ਪ੍ਰਾਈਵੇਟ ਕਾਲਜਾਂ ਦੀਆਂ ਫ਼ੀਸਾਂ ਬਹੁਤ ਜ਼ਿਆਦਾ ਹੁੰਦੀਆਂ ਹਨ। ਇਸ ਦੇ ਨਾਲ ਦਾਨ ਦੇ ਰੂਪ 'ਚ ਪੈਸੇ ਦੇ ਕੇ ਅਮੀਰ ਵਿਅਕਤੀ ਆਪਣੇ ਨਾਲਾਇਕ ਬੱਚੇ ਲਈ ਵੀ ਕਾਲਜ ਵਿੱਚ ਸੀਟ ਖ਼ਰੀਦ ਸਕਦਾ ਹੈ। ਸਰਕਾਰੀ ਕਾਲਜਾਂ ਵਿੱਚ ਪੁਰਾਣੀਆਂ ਇਮਾਰਤਾਂ ਦੇ ਨਵੀਨੀਕਰਨ ਦੀ ਘਾਟ ਅੱਖਰਦੀ ਹੈ ਜਦੋਂ ਕਿ ਪ੍ਰਾਈਵੇਟ ਕਾਲਜ ਸਹੂਲਤਾਂ ਤੇ ਬਾਹਰੀ ਦਿਖਾਵੇ ਪੱਖੋਂ ਚੰਗੇ ਹੁੰਦੇ ਹਨ। ਨਵੀਨ ਪ੍ਰਯੋਗਸ਼ਾਲਾਵਾਂ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਵਿਦਿਆਰਥੀਆਂ ਲਈ ਖਿੱਚ ਦਾ ਕਾਰਨ ਬਣਦੀ ਹੈ ।

ਉਚਿਤ ਪਾਠਕ੍ਰਮ ਦੀ ਅਣਹੋਂਦ, ਸਹੂਲਤਾਂ ਦੀ ਘਾਟ ਤੋਂ ਇਲਾਵਾ ਅਧਿਆਪਕਾਂ ਵਿੱਚ ਪੜ੍ਹਾਉਣ ਦੀ ਸ਼ਿੱਦਤ ਦੀ ਘਾਟ ਅਤੇ ਕੰਮ ਚਲਾਊ ਰੁਚੀ ਵੀ ਸਿੱਖਿਆ ਖੇਤਰ ਦੀਆਂ ਸਮੱਸਿਆਵਾਂ ਵਿੱਚ ਵਾਧਾ ਕਰਦੀ ਹੈ। ਅਜੋਕੇ ਸਮੇਂ ਅਧਿਆਪਕ 'ਸਿੱਖਿਆ ਦੇਣ ਵਾਲਾ' ਦੇ ਅਰਥਾਂ ਤਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ । ਅਧਿਆਪਕਾਂ ਵਿੱਚ ਪੁਰਾਤਨ ਸਮੇਂ ਦੇ ਗੁਰੂ, ਆਚਾਰਯ ਜਿਹੇ ਸਮਰਪਣ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਧਾਰਣੀ ਹੋ ਕੇ ਪੜ੍ਹਾਉਣ ਦੀ ਰੁਚੀ ਦੀ ਘਾਟ ਹੈ । ਇਸ ਲਈ ਸਿਰਫ਼ ਅਧਿਆਪਕ ਵਰਗ ਹੀ ਦੋਸ਼ੀ ਨਹੀਂ ਹੈ ਸਗੋਂ ਸਿੱਖਿਆ ਪ੍ਰਣਾਲੀ ਵਿਚਲੀਆਂ ਘਾਟਾਂ ਵੀ ਜ਼ਿੰਮੇਵਾਰ ਹਨ। ਕਾਲਜ ਦੇ ਅਧਿਆਪਕਾਂ ਲਈ ਲੋੜੀਂਦੀ ਯੂ.ਜੀ.ਸੀ. ਦੀ ਪ੍ਰੀਖਿਆ, ਐਮ. ਫਿਲ. ਪੀ.ਐੱਚ.ਡੀ. ਆਦਿ ਕਰਨ ਉਪਰੰਤ ਵੀ ਬਹੁਤ ਸਾਰੇ ਅਧਿਆਪਕ ਬੇਰੁਜ਼ਗਾਰ ਹਨ ਜਾਂ ਫਿਰ ਐਡਹਾਕ ਜਾਂ ਕੰਟਰੈਕਟ ਪੱਧਰ 'ਤੇ ਘੱਟ ਤਨਖ਼ਾਹ



'ਤੇ ਕੰਮ ਕਰ ਰਹੇ ਹਨ । ਸਰਕਾਰ ਵੱਲੋਂ ਪਿਛਲੇ ਲਗਪਗ 15 ਸਾਲਾਂ ਤੋਂ ਕਾਲਜ ਅਧਿਆਪਕਾਂ ਤੋਂ ਬਿਨਾਂ ਹੀ ਚੱਲਦੇ ਆ ਰਹੇ ਹਨ ਅਤੇ ਇਨ੍ਹਾਂ ਕਾਲਜਾਂ ਵਿੱਚ ਵਿਦਿਆਰਥੀ ਭਲਾਈ ਫੰਡ 'ਚੋਂ 7000 ਰੁਪਏ ਤਨਖ਼ਾਹ 'ਤੇ ਰੱਖ ਕੇ ਡੰਗ ਸਾਰਿਆ ਜਾ ਰਿਹਾ ਹੈ । ਇਸ ਤੋਂ ਸਿੱਖਿਆ ਸੰਬੰਧੀ ਰੁਚੀ ਅਤੇ ਦ੍ਰਿਸ਼ਟੀ ਉੱਘੜ ਕੇ ਸਾਹਮਣੇ ਆ ਜਾਂਦੀ ਹੈ । ਇਸ ਪ੍ਰਕਾਰ ਸਿੱਖਿਆ ਸਟੇਟ ਦੀ ਜ਼ਿੰਮੇਵਾਰੀ ਦੀ ਥਾਂ ਪ੍ਰਾਈਵੇਟ ਹੱਥਾਂ ਵਿੱਚ ਚਲੀ ਗਈ ਹੈ । ਇਹੋ ਇਸ ਮੁਲਕ ਅਤੇ ਸਿੱਖਿਆ-ਪ੍ਰਣਾਲੀ ਦੀ ਤ੍ਰਾਸਦੀ ਹੈ । ਸਰਕਾਰੀ ਖੇਤਰ ਦੇ ਰਾਜਨੀਤਿਕ ਮੁਫ਼ਾਦ ਅਤੇ ਸਰਮਾਏਦਾਰੀ ਦੇ ਸੁਆਰਥੀ ਹਿੱਤ ਵਿਚਾਲੇ ਪਿਸਦੀ ਅਜੋਕੀ ਸਿੱਖਿਆ-ਪ੍ਰਣਾਲੀ ਤੋਂ ਚੰਗੇ ਸਿਹਤਮੰਦ ਵਿਦਿਆਰਥੀ ਅਤੇ ਸਮਾਜ ਦੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ ?

ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਵਿਦਿਆਰਥੀਆਂ ਦਾ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਪ੍ਰਭਾਵਿਤ ਹੋ ਕੇ ਪੜ੍ਹਨ ਲਈ ਜਾਣ ਦਾ ਪ੍ਰਚਲਨ ਵੀ ਵਧਿਆ ਹੈ । ਇਸ ਦਾ ਕਾਰਨ ਸਿੱਖਿਆ-ਪ੍ਰਣਾਲੀ ਵਿੱਚ ਆਈ ਗਿਰਾਵਟ ਹੈ । ਇਸ ਗਿਰਾਵਟ ਲਈ ਬਹੁਤ ਸਾਰੇ ਤੱਤ ਜ਼ਿੰਮੇਵਾਰ ਹਨ ਜਿਵੇਂ ਸਿੱਖਿਆ ਦੇ ਖੇਤਰ ਵਿੱਚ ਉੱਚ ਘਰਾਣਿਆਂ ਦੀ ਅਜ਼ਾਰੇਦਾਰੀ, ਵਪਾਰੀਕਰਨ, ਸਿੱਖਿਆ ਨੂੰ ਮੁਨਾਫ਼ੇ ਦਾ ਕਾਰੋਬਾਰ ਸਮਝਣ ਦੇ ਨਾਲ-ਨਾਲ ਰਾਜ ਅਤੇ ਕੇਂਦਰ ਸਰਕਾਰ 'ਚ ਦੂਰ ਦ੍ਰਿਸ਼ਟੀ ਦੀ ਘਾਟ ਆਦਿ । ਇੱਥੇ ਇਹ ਵੀ ਵਰਣਨ ਯੋਗ ਹੈ ਕਿ ਇੱਕ ਪਾਸੇ ਪ੍ਰਾਈਵੇਟ ਅਦਾਰੇ ਘੱਟ ਤਨਖ਼ਾਹ ਦੇ ਕੇ ਅਧਿਆਪਕਾਂ ਦਾ ਸ਼ੋਸ਼ਣ ਕਰਦੇ ਹਨ, ਦੂਜੇ ਪਾਸੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਨਿਸ਼ਚਿਤ ਮਿਆਰ ਦੀ ਚਿੰਤਾ ਵੀ ਉਨ੍ਹਾਂ ਦੀ ਸਮਰੱਥਾ ਅਤੇ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਕਰਦੀ ਹੈ । ਖੋਜ-ਕਾਰਜਾਂ ਲਈ ਅਧਿਆਪਕਾਂ ਕੋਲ ਨਾ ਹੀ ਸਮਾਂ ਹੈ ਅਤੇ ਨਾ ਹੀ ਢੁਕਵੇਂ ਸਾਧਨ ਹਨ । ਇਸ ਸਥਿਤੀ ਵਿੱਚ ਦੇਸ਼ ਦੇ ਨਿਰਮਾਤਾ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹਨ ।

ਵਿਦਿਆਰਥੀਆਂ ਦੇ ਸਰਬ-ਪੱਖੀ ਵਿਕਾਸ ਲਈ ਪਾਠਕ੍ਰਮ ਦੇ ਨਾਲ-ਨਾਲ ਸਹਿ ਪਾਠਕ੍ਰਮ ਕਿਰਿਆਵਾਂ, ਖੇਡਾਂ ਆਦਿ ਵੀ ਲੋੜੀਂਦੀਆਂ ਹਨ, ਪਰ ਪੜ੍ਹਾਈ ਦੇ ਬੋਝ ਅਤੇ ਸਹੂਲਤਾਂ ਦੀ ਘਾਟ ਕਾਰਨ ਵਿਦਿਆਰਥੀ ਬਹੁਤੀਆਂ ਗਤੀਵਿਧੀਆਂ 'ਚ ਭਾਗ ਨਹੀਂ ਲੈ ਸਕਦੇ ।

ਆਧੁਨਿਕ ਸਮੇਂ ਜੀਵਨ ਦੀ ਰਫ਼ਤਾਰ ਬਹੁਤ ਤੇਜ਼ ਹੋ ਗਈ ਹੈ । ਗਿਆਨ ਵਿਗਿਆਨ ਦੇ ਨਵੇਂ ਸਾਧਨ, ਤਕਨੀਕਾਂ ਆਦਿ ਜਿੱਥੇ ਮਨੁੱਖ ਲਈ ਸੁੱਖ-ਸੁਵਿਧਾਵਾਂ ਉਪਲਬਧ ਕਰਵਾਉਂਦੇ ਹਨ, ਉੱਥੇ ਨਾਲ ਹੀ ਕਈ

ਤਰ੍ਹਾਂ ਦੀਆਂ ਸਮੱਸਿਆਵਾਂ ਤਣਾਓ ਵੀ ਪੈਦਾ ਕਰ ਰਹੇ ਹਨ । ਕੰਪਿਊਟਰ ਤਕਨਾਲੋਜੀ ਦੀ ਤਰੱਕੀ ਨਾਲ ਮੀਡੀਆ ਦੇ ਪ੍ਰਚਾਰ-ਪ੍ਰਸਾਰ ਨਾਲ ਗਿਆਨ ਦੇ ਨਵੇਂ ਮਾਰਗ ਉਪਲਬਧ ਹੋਏ ਹਨ । ਗਿਆਨ ਸੀਮਿਤ ਦੁਆਲੇ ਤੋਂ ਨਿਕਲ ਕੇ ਅਸੀਮ ਦਿਸਹੱਦਿਆਂ ਤਕ ਫੈਲ ਗਿਆ ਹੈ। ਇਸਦੇ ਬਹੁਤ ਸਾਰੇ ਫ਼ਾਇਦੇ ਹੋਏ ਹਨ, ਪਰ ਨਾਲ ਹੀ ਬਹੁਤ ਸਾਰੀ ਬੇਲੋੜੀ ਅਸ਼ਲੀਲ ਜਾਣਕਾਰੀ ਵੀ ਨੌਜਵਾਨ ਵਿਦਿਆਰਥੀਆਂ ’ਤੇ ਬੁਰਾ ਅਸਰ ਪਾ ਰਹੀ ਹੈ । ਮੀਡੀਆ ਦੇ ਪ੍ਰਭਾਵ ਸਦਕਾ ਅਜੋਕੇ ਵਿਦਿਆਰਥੀ ਸਦਾਚਾਰਕ ਕਦਰਾਂ-ਕੀਮਤਾਂ ਅਤੇ ਨੈਤਿਕਤਾ ਦੀ ਪ੍ਰਵਾਹ ਕੀਤੇ ਬਗੈਰ ਇਸ ਬਣਾਵਟੀ ਸੰਸਾਰ ਤੋਂ ਪ੍ਰਭਾਵਿਤ ਹੋ ਕੇ ਤਣਾਓ-ਯੁਕਤ ਤੇ ਯਥਾਰਥ ਤੋਂ ਕੋਹਾਂ ਦੂਰ ਜ਼ਿੰਦਗੀ ਗੁਜ਼ਾਰ ਰਹੇ ਹਨ। ਲਾਲਸਾਵਾਂ ਦੀ ਅਪੂਰਤੀ ਉਨ੍ਹਾਂ ਨੂੰ ਨਸ਼ਿਆਂ ਦੇ ਰਾਹ ਪਾ ਦਿੰਦੀ ਹੈ ਜਾਂ ਫਿਰ ਆਧੁਨਿਕ ਦਿੱਸਣ ਦੀ ਹੋੜ ’ਚ ਉਹ ਬਹੁਤ ਕੁਝ ਬੇਲੋੜਾ, ਨਾਜਾਇਜ਼, ਅਪਰਾਧਿਕ ਕਰ ਗੁਜ਼ਰਦੇ ਹਨ । ਵਿੱਦਿਅਕ ਅਦਾਰਿਆਂ ਵਿੱਚ ਹੁੰਦੀ ਰੈਗਿੰਗ ਵੀ ਵਿਦਿਆਰਥੀਆਂ ਦੇ ਸਿੱਖਿਆ ਪ੍ਰਾਪਤੀ ਦੇ ਰਾਹ ਵਿੱਚ ਵੱਡੀ ਰੁਕਾਵਟ ਬਣਦੀ ਹੈ ।

ਵਿੱਦਿਅਕ ਯੋਗਤਾ ਦੇ ਅਨੁਰੂਪ ਨੌਕਰੀ ਮਿਲਣੀ ਬਹੁਤ ਹੀ ਔਖੀ ਅਤੇ ਅਸੰਭਵ ਬਣ ਗਈ ਹੈ । ਉੱਚ ਯੋਗਤਾ ਪ੍ਰਾਪਤ ਵਿਅਕਤੀ ਹੇਠਲੇ ਪੱਧਰ ’ਤੇ ਨੌਕਰੀ ਪ੍ਰਾਪਤ ਕਰਕੇ ਮਾਨਸਿਕ ਤਣਾਅ ਭੁਗਤਦਾ ਹੋਇਆ ਸਵੈ ਅਤੇ ਚੌਗਿਰਦੇ ਨਾਲ ਤਾਲਮੇਲ ਬਿਠਾਉਣ ਤੋਂ ਅਸਮਰੱਥ ਹੁੰਦਾ ਹੈ । ਇਹੀ ਮਾਨਸਿਕ ਤਣਾਅ ਕਦੀ ਕਦਾਈਂ ਉਸ ਲਈ ਮੌਤ ਦਾ ਕਾਰਨ ਵੀ ਬਣਦਾ ਹੈ ।

ਇੱਕ ਚੰਗਾ ਸਿੱਖਿਅਤ ਸੰਵੇਦਨਸ਼ੀਲ ਮਨੁੱਖ ਸਮਾਜ ਅਤੇ ਦੇਸ਼ ਲਈ ਲਾਹੇਵੰਦ ਹੋ ਸਕਦਾ ਹੈ । ਸਿੱਖਿਆ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਲੋਕ-ਤੰਤਰੀ ਮੁਲਕ ਵਿੱਚ ਕੇਂਦਰ ਅਤੇ ਰਾਜ ਦੋਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖਿਆ ਨੂੰ ਪਰਉਪਕਾਰ ਲਈ ਵਰਤਣ ਵਾਲੇ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਲੋਕ-ਪੱਖੀ ਫ਼ੈਸਲੇ ਲੈਣ । ਇਸ ਦੇ ਨਾਲ-ਨਾਲ ਬੁੱਧੀਜੀਵੀਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵੀ ਚੰਗੇਰੇ ਸਮਾਜ ਦੀ ਸਿਰਜਣਾ ਲਈ ਭਰਪੂਰ ਯਤਨ ਕਰਦੇ ਰਹਿਣਾ ਚਾਹੀਦਾ ਹੈ ।

ਸੰਪਰਕ : 98151-72073

(ਰੋਜ਼ਾਨਾ ਪੰ: ਟ੍ਰਿ: 10-05-2014 ’ਚੋਂ ਧੰਨਵਾਦ ਸਹਿਤ !)



# ਨੰਬਰਾਂ ਨਾਲ ਪਰਖਣ ਵਾਲਾ ਵਿੱਦਿਅਕ ਢਾਂਚਾ ਬਦਲਣ ਦੀ ਲੋੜ

**ਇਕਵਾਕ ਸਿੰਘ ਪੱਟੀ**

ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਵੱਲੋਂ ਸਿਰਫ਼ ਫ਼ੇਲ੍ਹ ਹੋ ਜਾਣ ਜਾਂ ਘੱਟ ਨੰਬਰ ਆਉਣ ਕਰਕੇ ਆਪਣੀ ਜ਼ਿੰਦਗੀ ਨੂੰ ਹੱਥੀਂ ਖ਼ਤਮ ਕਰਨ ਦਾ ਫ਼ੈਸਲਾ ਕਰ ਲੈਣਾ ਸਾਨੂੰ ਸੋਚਣ ਲਈ ਮਜ਼ਬੂਰ ਕਰ ਰਿਹਾ ਹੈ ਕਿ ਅਸੀਂ ਸਿੱਖਿਆ ਪ੍ਰਣਾਲੀ ਦੀ ਮੁੜ ਘੋਖ ਕਰੀਏ, ਕਿਉਂਕਿ ਸਿੱਖਿਆ ਦਾ ਮੰਤਵ ਪੂਰਾ ਨਜ਼ਰ ਨਹੀਂ ਆ ਰਿਹਾ। ਸਵਾਲ ਪੈਦਾ ਹੋ ਰਿਹਾ ਹੈ ਕਿ ਕਿਤੇ ਅਸੀਂ ਵਿਦਿਆਰਥੀਆਂ ਨੂੰ ਅੰਕਾਂ ਦੀ ਦੌੜ ਵਿੱਚ ਪਾ ਕੇ ਸਿਰਫ਼ ਮਸ਼ੀਨਾਂ ਹੀ ਤਾਂ ਨਹੀਂ ਬਣਾਈ ਜਾ ਰਹੇ? ਸਕੂਲੀ ਵਿੱਦਿਆ ਸਰਕਾਰੀ ਹੈ ਜਾਂ ਪ੍ਰਾਈਵੇਟ, ਇਸ ਵਿੱਚ ਖਾਮੀਆਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ। ਬੱਚਿਆਂ ਦੀਆਂ ਛੋਟੀਆਂ ਅੱਖਾਂ ਉੱਪਰ ਵੱਡੀਆਂ ਅਤੇ ਵੱਡੇ ਨੰਬਰਾਂ ਦੀਆਂ ਐਨਕਾਂ, ਵੱਡੇ ਅਤੇ ਭਾਰੀ ਬਸਤੇ, ਮੋਟੀਆਂ ਕਿਤਾਬਾਂ ਦੇ ਬਰੀਕ ਅੱਖਰ, ਅੰਕਾਂ ਦੀ ਦੌੜ, ਹਫ਼ਤਾਵਾਰੀ/ਮਹੀਨਾਵਾਰੀ/ਤ੍ਰੈ-ਮਾਸਿਕ ਅਤੇ ਛਿਮਾਹੀ ਇਮਤਿਹਾਨ, ਦੂਜੇ ਤੀਜੇ ਦਿਨ ਕਿਸੇ ਨਾ ਕਿਸੇ ਵਿਸ਼ੇ ਦਾ ਟੈਸਟ, ਗ਼ੈਰ-ਜ਼ਰੂਰੀ ਪ੍ਰਾਜੈਕਟ ਵਰਕ, ਜਮਾਤ ਵਿੱਚ ਗਰੁੱਪ ਬਹਿਸ ਅਤੇ ਵਿਅਕਤੀਗਤ ਐਕਟੀਵਿਟੀ ਦੇ ਨਾਂ ’ਤੇ ਦਿਮਾਗੀ ਬੋਝ, ਵੱਧ ਅੰਕਾਂ ਦੇ ਲਾਲਚ ਵਿੱਚ ਪੜ੍ਹਾਈ ਤੋਂ ਬਾਹਰ ਜਾ ਕੇ ਹੋਰ ਵਿਸ਼ਿਆਂ ਨੂੰ ਪੜ੍ਹਨਾ ਜਾਂ ਪ੍ਰੈਕਟੀਕਲੀ ਸਿੱਖਣਾ, ਤਾਂ ਕਿ ਸਕੂਲ ਦਾ ਨਾਂ ਉੱਚਾ ਹੋ ਸਕੇ, ਇਹ ਵਿਚਰਨ ਦੀ ਲੋੜ ਮਹਿਸੂਸ ਕਰਾਉਂਦੇ ਹਨ ਕਿ ਮੌਜੂਦਾ ਸਿੱਖਿਆ ਪ੍ਰਣਾਲੀ ਨਵੀਂ ਪੀੜ੍ਹੀ ਨੂੰ ਸਹੀ ਦਿਸ਼ਾ ਵੱਲ ਨਹੀਂ ਲਿਜਾ ਰਹੀ।

ਸਿਲੇਬਸ ਨੂੰ ਸਕੂਲ ਵਿੱਚ ਤਿਆਰ ਕਰਵਾਉਣ ਦੀ ਬਜਾਏ ਕਾਪੀਆਂ ’ਤੇ ਨੋਟ ਲਿਖ ਦਿੱਤਾ ਜਾਂਦਾ ਹੈ ਕਿ ਵਿਸ਼ੇ ਬਾਰੇ ਜਾਣਕਾਰੀ ਇੰਟਰਨੈੱਟ ਤੋਂ ਲੱਭ ਕੇ ਲਿਆਉ। ਹਰੇਕ ਬੱਚੇ ਦੇ ਘਰ ਵਿੱਚ ਕੰਪਿਊਟਰ/ਪ੍ਰਿੰਟਰ ਨਹੀਂ ਤੇ ਨਾ ਹੀ ਇੰਟਰਨੈੱਟ ਬਾਰੇ ਬਹੁਤਿਆਂ ਮਾਪਿਆਂ ਨੂੰ ਬਹੁਤੀ ਜਾਣਕਾਰੀ ਹੈ। ਸਕੂਲੋਂ ਆਏ ਬੱਚੇ ਨੂੰ ਮਾਪੇ ਚਾਰ ਵਜੇ ਤੋਂ ਪਹਿਲਾਂ ਟਿਊਸ਼ਨ ਲਈ ਛੱਡ ਆਉਂਦੇ ਅਤੇ ਫਿਰ ਛੇ ਵਜੇ ਤੋਂ ਬਾਅਦ ਬਾਜ਼ਾਰ ਵਿੱਚ ਇੰਟਰਨੈੱਟ ਕੈਫੇ ਜਾਂ ਦੁਕਾਨ ’ਤੇ ਧੱਕੇ ਖਾਂਦੇ ਹਨ ਤਾਂ ਕਿ ਸੰਬੰਧਿਤ ਪ੍ਰਾਜੈਕਟ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਫਿਰ ਦੁਕਾਨਾਂ ਵਾਲਿਆਂ ਕੋਲੋਂ ਇੰਟਰਨੈੱਟ (ਗੂਗਲ

ਤੋਂ ਚੋਰੀ ਜਾਂ ਨਕਲ ਰਾਹੀਂ) ਪ੍ਰਾਜੈਕਟ ਤਿਆਰ ਕਰਕੇ ਰੈਡੀਮੇਡ ਪ੍ਰਾਜੈਕਟ ਉੱਤੇ ਜਮਾਤ, ਵਿਦਿਆਰਥੀ ਦਾ ਨਾਂ, ਰੋਲ ਨੰਬਰ ਬਦਲ ਕੇ ਮਾਤਾ ਪਿਤਾ ਨੂੰ ਦੇ ਦਿੱਤਾ ਜਾਂਦਾ ਹੈ। ਜਿਸ ਦੇ ਆਧਾਰ ’ਤੇ ਅੱਠ ਤੋਂ ਦਸ ਅੰਕ ਅਗਲੇ ਦਿਨ ਅਧਿਆਪਕ ਵੱਲੋਂ ਵਿਦਿਆਰਥੀ ਦੇ ਖਾਤੇ ਵਿੱਚ ਜਮ੍ਹਾਂ ਕਰ ਦਿੱਤੇ ਜਾਂਦੇ ਹਨ। ਵਿਦਿਆਰਥੀਆਂ ਵੱਲੋਂ ਹਜ਼ਾਰਾਂ ਰੁਪਏ ਲਾ ਕੇ ਬਣਾਏ ਗਏ ਇਹ ਪ੍ਰਾਜੈਕਟ ਦੋ ਚਾਰ ਦਿਨ ਪ੍ਰਿੰਸੀਪਲ ਦੇ ਕਮਰੇ, ਸਟਾਫ਼ ਰੂਮ ਦੇ ਕਮਰੇ ਜਾਂ ਕਲਾਸ ਦਾ ਵੱਧ ਤੋਂ ਵੱਧ ਦਸ ਦਿਨ ਤਕ ਸ਼ਿੰਗਾਰ ਬਣਨ ਤੋਂ ਬਾਅਦ ਰੱਦੀ ਵਿੱਚ ਜਾਂ ਅੱਗ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ, ਕਿਉਂਕਿ ਕਿਸੇ ਹੋਰ ਵਿਦਿਆਰਥੀ ਵੱਲੋਂ ਲਿਆਂਦਾ/ਬਣਾਇਆ ਗਿਆ ਨਵਾਂ ਪ੍ਰਾਜੈਕਟ ਪੁਰਾਣੇ ਪ੍ਰਾਜੈਕਟ ਜਾਂ ਮਾਡਲ ਦੀ ਥਾਂ ਲੈ ਲੈਂਦਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇੱਕ ਸਾਲ ਵਿੱਚ ਸਕੂਲਾਂ ਵੱਲੋਂ ਇੱਕ ਬੱਚੇ ਕੋਲੋਂ ਪ੍ਰਾਜੈਕਟ ਵਰਕ ਦੇ ਨਾਂ ’ਤੇ ਜੋ ਖ਼ਰਚ ਕਰਵਾ ਦਿੱਤਾ ਜਾਂਦਾ ਹੈ, ਉਹ ਖ਼ਰਚ ਦੀ ਰਕਮ ਨਾਲ ਦੋ ਵਿਦਿਆਰਥੀ ਵਧੀਆ ਪੜ੍ਹਾਈ ਕਰ ਸਕਦੇ ਹਨ।

ਇਸ ਸਾਰੇ ਕਾਸੇ ਵਿੱਚੋਂ ਵਿਦਿਆਰਥੀ ਨੇ ਕੀ ਸਿੱਖਿਆ ਹੈ? ਸਿਰਫ਼ ਇੰਨਾ ਕੁ ਕਿ ਬਜ਼ਾਰੋਂ ਪੈਸੇ ਦੇ ਕੇ ਰੈਡੀਮੇਡ ਪ੍ਰਾਜੈਕਟ ਲਿਆਉਣ ਨਾਲ ਅੰਕ ਪ੍ਰਾਪਤ ਹੋ ਜਾਂਦੇ ਹਨ, ਪੱਲੇ ਕੁਝ ਨਹੀਂ ਪੈਂਦਾ। ਪੱਲੇ ਸਿਰਫ਼ ਅੰਕ ਪੈਂਦੇ ਹਨ ਤੇ ਇਹੀ ਅੰਕ ਫਾਈਨਲ ਇਮਤਿਹਾਨਾਂ ਵਿੱਚ ਬਹੁਤਾ ਕੰਮ ਨਹੀਂ ਕਰ ਪਾਉਂਦੇ ਕਿਉਂਕਿ ਇਹ ਸਕੂਲ ਪੱਧਰ ਤਕ ਹੀ ਰਹਿ ਜਾਂਦੇ ਹਨ। ਬੱਚਿਆਂ ਵਿੱਚ ਸਾਡਾ ਵਿੱਦਿਅਕ ਢਾਂਚਾ ਜ਼ਿੰਦਗੀ ਪ੍ਰਤੀ ਹਾਂ-ਪੱਖੀ ਰਵੱਈਆ ਭਰਨ ਵਿੱਚ ਕਾਮਯਾਬ ਹੀ ਨਹੀਂ ਹੋ ਰਿਹਾ। ਇਸ ਦੇ ਉਲਟ ਅੰਕਾਂ ਦੀ ਦੌੜ ਵਿੱਚ ਵਿਦਿਆਰਥੀਆਂ ਉੱਪਰ ਦਬਾਅ ਐਨਾ ਜ਼ਿਆਦਾ ਵਧਾ ਦਿੱਤਾ ਗਿਆ ਹੈ ਕਿ ਨਤੀਜਾ ਆਸ ਅਨੁਸਾਰ ਨਾ ਆਉਣ ਕਾਰਨ ਉਨ੍ਹਾਂ ਅੰਦਰ ਨਿਰਾਸਤਾ ਭਰ ਦਿੰਦਾ ਹੈ। ਅਜਿਹੀ ਵਿੱਦਿਅਕ ਪ੍ਰਣਾਲੀ ਤੁਰੰਤ ਤਬਦੀਲੀਆਂ ਦੀ ਮੰਗ ਕਰਦੀ ਹੈ। ਬਹੁਤ ਨਿਰਾਸ਼ ਬੱਚੇ ਆਤਮ-ਹੱਤਿਆ ਵਰਗਾ ਕਦਮ ਚੁੱਕਣ ਲੱਗੇ ਇੱਕ ਪਲ ਆਪਣੇ ਜਾਂ ਮਾਪਿਆਂ ਦੇ ਦੁੱਖ ਬਾਰੇ ਨਹੀਂ ਸੋਚਦੇ।

ਕਿਸੇ ਕੰਧ ’ਤੇ ਚੜ੍ਹ ਰਹੀ ਛੋਟੀ ਜਿਹੀ ਕੀੜੀ ਨੂੰ ਫੂਕ ਮਾਰ ਕੇ ਦੇਖੋ, ਉਹ ਵੀ ਆਪਣੇ ਆਪ ਨੂੰ ਬਚਾਉਣ ਦਾ ਯਤਨ ਕਰਦੀ ਨਜ਼ਰ ਆਵੇਗੀ। ਜਾਨਵਰ ਸੜਕ ਪਾਰ ਕਰਨ ਲੱਗੇ ਜੇਕਰ ਕੋਈ ਤੇਜ਼ ਵਾਹਨ ਆ ਜਾਵੇ ਤਾਂ



ਇੱਕ-ਦਮ ਆਪਣੀ ਜਾਨ ਬਚਾਉਣ ਲਈ ਪਿੱਛੇ ਹਟ ਜਾਂਦੇ ਹਨ। ਅਸੀਂ ਤਾਂ ਇਨਸਾਨ ਹਾਂ, ਫਿਰ ਕਿਉਂ ਨਿੱਕੀਆਂ ਸਮੱਸਿਆਵਾਂ ਅੱਗੇ ਵੀ ਹਾਰ ਜਾਂਦੇ ਹਾਂ। ਆਉ ਜ਼ਿੰਦਗੀ ਨੂੰ ਜੀਵੀਏ, ਕੋਈ ਸਮੱਸਿਆ ਐਸੀ ਨਹੀਂ ਜਿਸ ਦਾ ਹੱਲ ਨਾ ਹੋਵੇ । ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਹੈ। ਸਕੂਲਾਂ ਵਿੱਚ ਵਿਦਿਆਰਥੀਆਂ ਲਈ ਖ਼ੁਸ਼ਗਵਾਰ ਮਾਹੌਲ ਸਿਰਜਣਾ ਜਿੱਥੇ ਸਮੇਂ ਦੀ ਮੰਗ ਹੈ, ਉੱਥੇ ਪੜ੍ਹਾਈ ਤੋਂ ਇਲਾਵਾ ਹੋਰ ਬੋਝ ਘੱਟ ਹੋਣੇ ਚਾਹੀਦੇ ਹਨ। ਪੜ੍ਹਾਈ ਵਿੱਚ ਅੰਕਾਂ ਦੀ ਨਹੀਂ, ਗੁਣਵੱਤਾ ਨੂੰ ਪਹਿਲ ਮਿਲਣੀ ਚਾਹੀਦੀ ਹੈ। ਦੁੱਖ ਹੁੰਦਾ ਹੈ ਕਿ 65 ਪ੍ਰਤੀਸ਼ਤ ਨੰਬਰ ਲੈਣ ਵਾਲੀ ਇੱਕ ਬੱਚੀ ਨੇ ਇਸ ਕਰਕੇ ਜ਼ਹਿਰ ਨਿਗਲ ਲਿਆ ਕਿ ਉਸਦੇ ਨੰਬਰ ਉਸਦੀ ਆਸ ਤੋਂ ਘੱਟ ਸਨ। ਵਿਦਿਆਰਥੀਆਂ ਨੂੰ ਅੰਕਾਂ ਦੀ ਦੌੜ ਵਿੱਚੋਂ ਕੱਢ ਕੇ ਗੁਣਵੱਤਾ ਅਤੇ ਜ਼ਿੰਦਾਦਿਲੀ ਦੀ ਦੌੜ ਵਿੱਚ ਸ਼ਾਮਲ ਕਰਨਾ ਪਵੇਗਾ। ਇਹ ਬੜੀ ਕੌੜੀ ਸੱਚਾਈ ਹੈ ਕਿ ਪਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਨੇ ਆਪਣੇ ਅਧਿਆਪਕਾਂ ਨੂੰ ਸਕੂਲਾਂ ਦਾ ਨਾਂ ਚਮਕਾਉਣ ਲਈ ਬੱਚਿਆਂ ਦੇ ਵੱਧ ਅੰਕ ਲਿਆਉਣ ਦੀ ਦੌੜ ਵਿੱਚ ਪਾ ਰੱਖਿਆ ਹੈ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਰਕਾਰ ਦੀਆਂ ਹੋਰ ਡਿਊਟੀਆਂ ਕਰਨ ਤੋਂ ਵਿਹਲ ਨਹੀਂ ਮਿਲ ਰਹੀ। ਅਜਿਹੀ ਵਿੱਦਿਅਕ ਪ੍ਰਣਾਲੀ ਨਵੀਂ ਪੀੜ੍ਹੀ ਦਾ ਭਵਿੱਖ ਸਵਾਰਨ, ਉਸ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਦੇ ਹਾਣ ਦੇ ਸਮਰੱਥ ਨਹੀਂ ਹੈ। ਆਉ, ਇਸ ਉੱਪਰ ਫਿਰ ਵਿਚਾਰ ਕਰੀਏ।

ਸੰਪਰਕ: 98150-24920

# ਸਕੂਲੀ ਸਿੱਖਿਆ ਦਾ ਡਿੱਗਦਾ ਮਿਆਰ: ਕੁਝ ਅਣਗੌਲੇ ਪੱਖ

**ਹੇਮਜੀਤ ਸਿੰਘ (ਪ੍ਰਿੰ:)**

ਭਾਰਤ ਸਰਕਾਰ ਵੱਲੋਂ ਸਿੱਖਿਆ ਦੇ ਮੌਲਿਕ ਅਧਿਕਾਰ ਵਜੋਂ ਸਿੱਖਿਆ ਦਾ ਅਧਿਕਾਰ ਐਕਟ 2009 ਵਿੱਚ ਹਰ ਬੱਚੇ ਨੂੰ ਲਾਜ਼ਮੀ ਮੁੱਢਲੀ ਸਿੱਖਿਆ ਦੇ ਯੋਗ ਬਣਾਉਣ ਵਜੋਂ ਲਾਗੂ ਕੀਤਾ ਗਿਆ। ਗ਼ਰੀਬ ਵਰਗ ਦੇ ਹਰ ਬੱਚੇ ਨੂੰ ਸਿੱਖਿਅਤ ਕਰਨ ਲਈ ਸਰਕਾਰੀ ਸਕੂਲਾਂ ਵਿੱਚ ਮੁਫ਼ਤ ਸਿੱਖਿਆ ਅਤੇ ਪੁਸਤਕਾਂ ਦੇ ਨਾਲ-ਨਾਲ ਮਿਡ-ਡੇ-ਮੀਲ ਦਾ ਇੰਤਜ਼ਾਮ ਵੀ ਕੀਤਾ ਗਿਆ। ਇਸ ਐਕਟ ਰਾਹੀਂ ਦੇਸ਼ ਦੇ ਹਰ ਬੱਚੇ ਨੂੰ ਸਿੱਖਿਅਤ ਬਣਾਉਣ ਦਾ ਉਪਰਾਲਾ ਦੇਸ਼ ਦੀਆਂ ਸਭ ਤੋਂ ਚੰਗੀਆਂ ਨੀਤੀਆਂ ਵਿੱਚ ਸ਼ੁਮਾਰ ਹੈ। ਪਰ ਯੋਗਤਾ ਅਧੀਨ ਸਾਖਰਤਾ ਦਰ ਵਧਾਉਣ ਦੀ ਕਾਹਲ ਵਿੱਚ ਗੁਣਵੱਤਾ ਨੂੰ ਅਣਗੌਲਿਆ ਕਰਨ ਦੀ ਗੰਭੀਰ ਖ਼ਾਮੀ ਨੇ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ’ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਪਿਛਲੇ ਦਿਨੀਂ ਆਏ ਰਾਸ਼ਟਰੀ ਪ੍ਰਤਿਭਾ ਖੋਜ ਪ੍ਰੀਖਿਆ ਵਿੱਚ ਪੰਜਾਬ ਦੇ ਬੇਹੱਦ ਮਾੜੇ ਨਤੀਜਿਆਂ ਨੇ ਸਕੂਲੀ ਸਿੱਖਿਆ ਦੇ ਮਿਆਰ ਦੀ ਪੋਲ ਖੋਲ੍ਹ ਦਿੱਤੀ ਹੈ। ਪ੍ਰੀਖਿਆ ਵਿੱਚ ਬੈਠੇ ਪੰਜਾਬ ਦੇ ਕੁੱਲ 31,092 ਵਿਦਿਆਰਥੀਆਂ ਵਿੱਚੋਂ ਸਰਕਾਰੀ ਸਕੂਲਾਂ ਦਾ ਕੋਈ ਵੀ ਵਿਦਿਆਰਥੀ ਪਹਿਲਾ ਪੜਾਅ ਪਾਰ ਨਹੀਂ ਕਰ ਸਕਿਆ। ਸੂਬੇ ਦੇ ਪ੍ਰਾਈਵੇਟ ਸਕੂਲਾਂ ਦੇ ਕੇਵਲ 101 ਬੱਚਿਆਂ ਦੇ ਸਫਲ ਹੋਣ ਕਾਰਨ ਇਨ੍ਹਾਂ ਸਕੂਲਾਂ ਦੀ ਕਾਰਗੁਜ਼ਾਰੀ ਵੀ ਜ਼ਿਆਦਾ ਤਸੱਲੀਬਖ਼ਸ਼ ਨਹੀਂ ਰਹੀ। ਇਸ ਤੋਂ ਪਹਿਲਾਂ ਮਾਰਚ 2016 ਦੇ ਦਸਵੀਂ ਦੇ ਨਤੀਜਿਆਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਰੇਸ ਅੰਕਾਂ ਦੇ ਵੱਡੇ ਗੱਫੇ ਦੇਣਾ ਕਿ ਪਾਸ ਫ਼ੀਸਦੀ ਦਰ ਨੂੰ 40 ਤੋਂ ਵਧਾ ਕੇ 69.03 ਫ਼ੀਸਦੀ ਤਕ ਲਿਜਾਣਾ ਸਕੂਲੀ ਸਿੱਖਿਆ ਦੀ ਡਿੱਗਦੀ ਸਾਖ ’ਤੇ ਪਰਦਾ ਪਾਉਣ ਦਾ ਉਪਰਾਲਾ ਹੀ ਸੀ।

ਸਕੂਲੀ ਸਿੱਖਿਆ ਦੇ ਅਜੋਕੇ ਮਾੜੇ ਮਿਆਰ ਦਾ ਠੀਕਰਾ ਕੇਵਲ ਅਧਿਆਪਕਾਂ ਅਤੇ ਸਿੱਖਿਆ ਤੰਤਰ ਸਿਰ ਵੀ ਨਹੀਂ ਭੰਨਿਆ ਜਾ ਸਕਦਾ ਹੈ। ਇਸ ਸਮੱਸਿਆ ਪਿੱਛੇ ਬਦਲ ਰਹੀ ਜੀਵਨ ਸ਼ੈਲੀ, ਸਮਾਜਿਕ ਸਰੋਕਾਰ ਦੀ ਉਥੱਲ-ਪੁਥੱਲ, ਸੰਚਾਰ ਅਤੇ ਤਕਨੀਕੀ ਸਾਧਨਾਂ ਦੀ ਦੁਰਵਰਤੋਂ ਵੀ ਜ਼ਿੰਮੇਵਾਰ ਹਨ। ਸਿੱਖਿਆ ਦਾ ਅਧਿਕਾਰ ਐਕਟ ਰਾਹੀਂ ਸਰਕਾਰ ਨੇ ਚੰਗੀਆਂ ਸਹੂਲਤਾਂ



ਦੇ ਕੇ ਸਾਖਰਤਾ ਦਰ ਤਾਂ ਜ਼ਰੂਰ ਵਧਾ ਦਿੱਤੀ ਹੈ, ਪਰ ਇਹ ਨੀਤੀ ਅੱਜ ਦੇ ਪਾੜ੍ਹਿਆਂ ਨੂੰ ਪੁਰਾਣੇ ਸਮੇਂ ਲੋੜੀਂਦੇ ਸਕੂਲੀ ਕਮਰੇ ਅਤੇ ਘੱਟ ਸਹੂਲਤਾਂ ਨਾਲ ਰੁੱਖਾਂ ਹੇਠ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਸਿੱਖਿਆ ਦੇ ਮਿਆਰ ਦਾ ਹਾਣੀ ਨਹੀਂ ਬਣਾ ਸਕੀ। ਇੱਥੇ ਸੁਆਲ ਇਹ ਉੱਠਦਾ ਹੈ ਕਿ ਕੇਵਲ ਚੰਗੀਆਂ ਸਹੂਲਤਾਂ ਦੀ ਉਪਲੱਭਧਤਾ ਅਤੇ ਸੁਯੋਗ ਪ੍ਰਬੰਧਨ ਨਾਲ ਸਿੱਖਿਆ ਦਾ ਜ਼ਿਆਦਾ ਮਿਆਰ ਸੁਧਾਰਿਆ ਜਾ ਸਕਦਾ ਹੈ? ਸਿੱਖਿਆ ਦੇ ਮੁੱਢਲੇ ਅਧਿਕਾਰ ਵੱਜੋਂ ਲਾਗੂ ਕੀਤੇ ਆਰ.ਟੀ.ਈ. ਐਕਟ ਦੀਆਂ ਕੁਝ ਮੱਦਾਂ ਵਧੇਰੇ ਪ੍ਰਤੀਕੂਲ ਸਾਬਤ ਹੋਈਆਂ ਹਨ; ਜਿਵੇਂ ਲਗਾਤਾਰ ਗ਼ੈਰ-ਹਾਜ਼ਰ ਰਹਿਣ ’ਤੇ ਵੀ ਵਿਦਿਆਰਥੀ ਦਾ ਨਾਮ ਨਾ ਕੱਟਣਾ, ਅੱਠਵੀਂ ਜਮਾਤ ਤਕ ਫ਼ੇਲ੍ਹ ਨਾ ਕਰਨ ਦੇ ਨਿਯਮ ਨੇ ਵਿਦਿਆਰਥੀਆਂ ਨੂੰ ਅਵੇਸਲਾ ਅਤੇ ਲਾਪ੍ਰਵਾਹ ਬਣਾ ਦਿੱਤਾ ਹੈ। ਆਰ.ਟੀ.ਈ. ਐਕਟ ਦੀ ਇਸ ਖ਼ਾਮੀ ਪ੍ਰਤੀ ਕਈ ਸੂਬੇ ਕੇਂਦਰ ਕੋਲ ਆਪਣਾ ਇਤਰਾਜ਼ ਦਰਜ ਕਰਵਾ ਚੁੱਕੇ ਹਨ। ਇਸ ਐਕਟ ਨੂੰ 2009 ਵਿੱਚ ਲਾਗੂ ਕਰਨ ਤੋਂ ਬਾਅਦ ਲਗਪਗ 2016 ਤਕ ਸੱਤ ਸਾਲ ਇਸ ਦੇ ਪ੍ਰਭਾਵਾਂ ਅਤੇ ਨਤੀਜਿਆਂ ਦੇ ਮੁਲਾਂਕਣ ਤੋਂ ਪਾਸਾ ਵੱਟ ਕੇ ਕੇਂਦਰ ਸਰਕਾਰਾਂ ਨੇ ਸਕੂਲੀ ਸਿੱਖਿਆ ਨੂੰ ਤਜਰਬਿਆਂ ਦੇ ਰਹਿਮ ’ਤੇ ਛੱਡੀ ਰੱਖਿਆ।

ਸੰਚਾਰ ਸਾਧਨਾਂ ਦੇ ਵਿਕਾਸ ਨੇ ਵੀ ਸਕੂਲੀ ਸਿੱਖਿਆ ਨੂੰ ਪ੍ਰਭਾਵਿਤ ਕੀਤਾ ਹੈ। ਟੀ.ਵੀ. ਚੈਨਲਾਂ ’ਤੇ ਚੱਲਣ ਵੱਲੇ ਗ਼ੈਰ ਮਿਆਰੀ ਪ੍ਰੋਗਰਾਮਾਂ ਦੀ ਭਰਮਾਰ ਕਾਰਨ ਵਿਦਿਆਰਥੀ ਜੀਵਨ ਦੇ ਕੀਮਤੀ ਸਮੇਂ ਅਤੇ ਨੈਤਿਕਤਾ ਦੋਵਾਂ ਨੂੰ ਸਭ ਤੋਂ ਵੱਧ ਖ਼ੋਰਾ ਲੱਗ ਰਿਹਾ ਹੈ। ਟੀ.ਵੀ. ’ਤੇ ਦਿਖਾਏ ਜਾਣ ਵਾਲੇ ਸਮਾਜਿਕ ਕਦਰਾਂ ਕੀਮਤਾਂ ਪੱਖੋਂ ਬੇਲਗਾਮ ਹੋਏ ਸੀਰੀਅਲ ਬੱਚਿਆਂ ਵਿੱਚ ਹਿੰਸਾ ਅਤੇ ਫ਼ੈਸ਼ਨ ਪ੍ਰਤੀ ਖਿੱਚ ਪੈਦਾ ਕਰਨ ਦਾ ਮੁੱਖ ਸਾਧਨ ਬਣ ਗਏ ਹਨ। ਇਸੇ ਕਾਰਨ ਬੱਚੇ ਫ਼ਿਲਮੀ ਤੌਰ ਤਰੀਕੇ ਅਤੇ ਗੁੰਡਾਗਰਦੀ ਦੇ ਅਕਸ ਨੂੰ ਰੋਲ ਮਾਡਲ ਵੱਜੋਂ ਅਪਣਾ ਰਹੇ ਹਨ। ਅਜੋਕੇ ਸਮੇਂ ਪਰੋਸੇ ਜਾ ਰਹੇ ਗੀਤ ਬੱਚਿਆਂ ਨੂੰ ਹੋਸ਼ੇਪਨ ਅਤੇ ਬੇਸ਼ਰਮੀ ਦਾ ਪਾਠ ਪੜ੍ਹਾ ਰਹੇ ਹਨ। ਸਮਾਰਟ ਫ਼ੋਨ ਦਾ ਸਕੂਲੀ ਬੱਚਿਆਂ ਦੇ ਹੱਥ ਵਿੱਚ ਆਉਣਾ ਰਹਿੰਦੀ ਕਸਰ ਪੂਰੀ ਕਰ ਰਿਹਾ ਹੈ। ਬਗੈਰ ਨਿਗਰਾਨੀ ਦੇ ਇੰਟਰਨੈੱਟ ਦੀ ਵਰਤੋਂ ਬੱਚੇ ਦੇ ਸਮੇਂ ਦੀ ਸੁਚੱਜੀ ਵਰਤੋਂ ਅਤੇ ਬੌਧਿਕਤਾ ਦਾ ਘਾਣ ਕਰ ਰਹੀ ਹੈ। ਹੁਣ ਬੱਚੇ ਖੇਡ ਮੈਦਾਨਾਂ ਵਿੱਚ ਜਾਣ ਦੀ ਥਾਂ ਸਮਾਰਟ ਫ਼ੋਨਾਂ ਅਤੇ ਟੀ.ਵੀ. ਵਿੱਚ ਰੁੱਝੇ ਰਹਿੰਦੇ ਹਨ। ਕੰਪਿਊਟਰ

ਉੱਪਰ ਬੱਚਿਆਂ ਵੱਲੋਂ ਕੇਵਲ ਹਿੰਸਾਤਮਿਕ ਖੇਡਾਂ ਵਿੱਚ ਰੁਚੀ ਵੀ ਗੰਭੀਰ ਸਮੱਸਿਆ ਹੈ। ਇਸੇ ਕਾਰਨ ਬੱਚਿਆਂ ਵਿੱਚ ਕਮਜ਼ੋਰ ਸਰੀਰਕ ਸਮਰੱਥਾ ਦੇ ਨਾਲ-ਨਾਲ ਅੱਖਾਂ ਦੇ ਰੋਗਾਂ ਵਿੱਚ ਵੀ ਵਾਧਾ ਹੋ ਰਿਹਾ ਹੈ। ਸਮੇਂ ਦੀ ਦੁਰਵਰਤੋਂ ਕਾਰਨ ਹੀ ਬੱਚਿਆਂ ਕੋਲ ਸਾਹਿਤਕ ਪੁਸਤਕਾਂ ਪੜ੍ਹਨ ਦਾ ਵਕਤ ਅਤੇ ਰੁਚੀ ਦੋਵੇਂ ਹੀ ਨਹੀਂ ਬਚੇ। ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣ ਦੇ ਪਾਗਲਪਨ ਨੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਇਕਾਗਰਤਾ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

ਬੱਚਿਆਂ ਦੇ ਬੌਧਿਕ ਵਿਕਾਸ ਲਈ ਪੌਸ਼ਟਿਕ ਖ਼ੁਰਾਕ ਵੀ ਜ਼ਰੂਰੀ ਹੈ। ਸਾਲ 2016 ਵਿੱਚ ਜਾਰੀ ਰਾਸ਼ਟਰੀ ਪਰਿਵਾਰ ਸਿਹਤ ਸਰਵੇ-4 ਦੀ ਪੰਜ ਸਾਲ ਉਮਰ ਵਰਗ ਤਕ ਦੇ ਪੰਜਾਬ ਦੇ ਬੱਚਿਆਂ ਦੀ ਪੋਸ਼ਣ ਰਿਪੋਰਟ ਖ਼ਤਰੇ ਦੀ ਘੰਟੀ ਹੈ। ਸਰਵੇਖਣ ਅਨੁਸਾਰ ਪੰਜਾਬ ਵਿੱਚ ਬੱਚਿਆਂ ਵਿੱਚ ਕੁਪੋਸ਼ਣ ਸਾਲ 2005 ਦੀ 9.2 ਫ਼ੀਸਦੀ ਦੀ ਦਰ ਤੋਂ ਵਧ ਕੇ 2016 ਵਿੱਚ 15.6 ਫ਼ੀਸਦੀ ਨਾਲ ਲਗਪਗ ਦੁੱਗਣੇ ਦੇ ਕਰੀਬ ਹੋ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਮੰਦਬੁੱਧੀ ਬੱਚਿਆਂ ਦੀ ਗਿਣਤੀ ਵਧਣਾ ਵੀ ਸੁਭਾਵਿਕ ਹੈ, ਜਿਸ ਦਾ ਸਿੱਖਿਆ ਵਿਪਰੀਤ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ। ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮ ਨਾਕਾਫ਼ੀ ਹਨ। ਜੰਕ ਫੂਡ ਦਾ ਪ੍ਰਚਲਨ ਅਤੇ ਮਾਪਿਆਂ ਵਿੱਚ ਬੱਚਿਆਂ ਦੀ ਸੰਤੁਲਿਤ ਖ਼ੁਰਾਕ ਪ੍ਰਤੀ ਜਾਗਰੂਕਤਾ ਦੀ ਘਾਟ ਨਾਲ ਇਹ ਸਮੱਸਿਆ ਤੇਜ਼ੀ ਨਾਲ ਵਧ ਰਹੀ ਹੈ।

ਕਿਸੇ ਵੀ ਬੱਚੇ ਦੇ ਪਹਿਲੇ ਅਧਿਆਪਕ ਉਸਦੇ ਮਾਪੇ ਹੁੰਦੇ ਹਨ। ਮਾਪਿਆਂ ਵੱਲੋਂ ਬੱਚਿਆਂ ਨੂੰ ਪਾਲਣ-ਪੋਸ਼ਣ ਸਮੇਂ ਦਿੱਤੀਆਂ ਨੈਤਿਕ ਸਿੱਖਿਆਵਾਂ ਚਿਰ ਸਥਾਈ ਪ੍ਰਭਾਵ ਪਾਉਂਦੀਆਂ ਹਨ। ਮਾਪਿਆਂ ਕੋਲ ਬੱਚਿਆਂ ਨਾਲ ਸਮਾਂ ਬਿਤਾਉਣ ਦੀ ਘਾਟ ਅਤੇ ਬੱਚਿਆਂ ਨੂੰ ਦਿੱਤੀ ਜਾ ਰਹੀ ਬੇਲੋੜੀ ਖੁੱਲ੍ਹ ਵੀ ਵਿਗਾੜ ਦਾ ਵੱਡਾ ਕਾਰਨ ਹੈ। ਮਾਪਿਆਂ ਵੱਲੋਂ ਨਾਬਲਾਗ ਬੱਚਿਆਂ ਨੂੰ ਬੇਲੋੜੀਆਂ ਸਹੂਲਤਾਂ ਦੇਣਾ ਜਿਵੇਂ ਕਿ ਸਮਾਰਟ ਫ਼ੋਨ, ਕਾਰ ਜਾਂ ਸਕੂਟਰ ਆਦਿ ਪੜ੍ਹਾਈ ਦੀ ਬਰਬਾਦੀ ਲਈ ਕਾਫ਼ੀ ਹਨ। ਇੱਥੋਂ ਤਕ ਕਿ ਮਾਵਾਂ ਵੀ ਰੋਟੀ ਦਾ ਸਮਾਂ ਸੀਰੀਅਲਾਂ ਦੇ ਸਮੇਂ ਅਨੁਸਾਰ ਤਹਿ ਕਰਨ ਲੱਗੀਆਂ ਹਨ। ਇਹ ਆਦਤ ਇੰਨੀ ਵਧ ਚੁੱਕੀ ਹੈ ਕਿ ਪ੍ਰੀਖਿਆਵਾਂ ਦੌਰਾਨ ਵੀ ਘਰ ਵਿੱਚ ਟੀ.ਵੀ. ਦੀ ਵਰਤੋਂ ਦਾ ਸਮਾਂ ਸੀਮਿਤ ਨਹੀਂ ਕੀਤਾ ਜਾਂਦਾ। ਬੱਚਿਆਂ ਨੂੰ



ਘਰ ਵਿੱਚ ਪੜ੍ਹਾਈ ਲਈ ਚੰਗਾ ਮਾਹੌਲ ਦੇਣ ਲਈ ਔਸਤਨ ਮਾਪਿਆਂ ਵਿੱਚ ਇੱਛਾ-ਸ਼ਕਤੀ ਦੀ ਘਾਟ ਗੰਭੀਰ ਸਮੱਸਿਆ ਹੈ। ਦੇਖਣ ਵਿੱਚ ਆਇਆ ਹੈ ਕਿ ਮੱਧ ਵਰਗੀ ਸਕੂਲੀ ਬੱਚਿਆਂ ਦੇ ਨਾਲ-ਨਾਲ ਗ਼ਰੀਬ ਵਰਗ ਨਾਲ ਸੰਬੰਧਿਤ ਬੱਚੇ ਵੀ ਸਮਾਰਟ ਫ਼ੋਨ ਵਰਤ ਰਹੇ ਹਨ। ਬੱਚਿਆਂ ਦੇ ਵਿਕਾਸ ਲਈ ਸਿਰਫ਼ ਸਕੂਲਾਂ ਉੱਪਰ ਟੇਕ ਰੱਖਣਾ ਮਾਪਿਆਂ ਦਾ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਹੈ।

ਸਰਕਾਰ ਨੂੰ ਸਿੱਖਿਆ ਨੀਤੀ ਦੀਆਂ ਖ਼ਾਮੀਆਂ ਵਿੱਚ ਲੋੜੀਂਦੀਆਂ ਸੋਧਾਂ ਜਲਦੀ ਲਾਗੂ ਕਰਨੀਆਂ ਚਾਹੀਦੀਆਂ ਹਨ। ਬੱਚਿਆਂ ਦੇ ਉਸਾਰੂ ਵਿਕਾਸ ਲਈ ਮਨੋਰੰਜਨ ਮੀਡੀਆ ਦੇ ਮਾਪਦੰਡਾਂ ਦੀ ਸਮੀਖਿਆ ਦੇ ਨਾਲ-ਨਾਲ ਸਕੂਲੀ ਖੇਡਾਂ ਨੂੰ ਲਾਜ਼ਮੀ ਵਿਸ਼ੇ ਲਾਗੂ ਕਰਨਾ ਜ਼ਰੂਰੀ ਹੈ। ਸੋਸ਼ਲ ਮੀਡੀਆ ਉੱਪਰ ਨਾਬਾਲਗ ਬੱਚਿਆਂ ਦੀ ਵਰਤੋਂ 'ਤੇ ਸਖ਼ਤੀ ਨਾਲ ਰੋਕ ਲਾਈ ਜਾਣੀ ਚਾਹੀਦੀ ਹੈ। ਤੇਜ਼ੀ ਨਾਲ ਬਦਲ ਰਹੇ ਰਹਿਣ-ਸਹਿਣ ਅਤੇ ਸਮਾਜਿਕ ਸਰੋਕਾਰਾਂ ਪ੍ਰਤੀ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਹੋਰ ਵਧ ਗਈਆਂ ਹਨ। ਬੱਚਿਆਂ ਦੇ ਸਰੀਰਕ ਅਤੇ ਬੌਧਿਕ ਵਿਕਾਸ ਲਈ ਬੇਲੋੜੇ ਖ਼ਰਚ ਦੀ ਬਜਾਏ ਪੌਸ਼ਟਿਕ ਖ਼ੁਰਾਕ ਵਧੇਰੇ ਅਹਿਮ ਹੈ। ਆਪਣੇ ਫ਼ਰਜ਼ਾਂ ਪ੍ਰਤੀ ਅਣਗਹਿਲੀ ਵਰਤਣ ਵਾਲੇ ਮਾਪੇ ਸਿਰਫ਼ ਚੰਗੀਆਂ ਸਹੂਲਤਾਂ ਸਹਾਰੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਦੀ ਆਸ ਨਹੀਂ ਰੱਖ ਸਕਦੇ।

ਸੰਪਰਕ: 98725-682016

# ਜਦੋਂ ਸਿੱਖਿਆ ਦਾ ਉਦੇਸ਼ ਸੀ ਜੀਵਨ ਬਾਰੇ ਤਿਆਰੀ

**ਜੋਧ ਸਿੰਘ ਜੋਗਾ**

ਪੁਸਤਕਾਂ ਵਿੱਚ ਬਹੁਤ ਕੁਝ ਲਿਖਿਆ ਮਿਲਦਾ ਹੈ, ਪਰ ਨਿੱਜੀ ਤਜਰਬਾ ਬੜਾ ਕੁਝ ਸਿਖਾਉਂਦਾ ਹੈ। ਮੇਰਾ ਤਕਰੀਬਨ ਬਵੰਜਾ ਸਾਲ ਦਾ ਅਧਿਐਨ ਤਜਰਬਾ ਹੈ। ਪਹਿਲੇ ਦਸ ਸਾਲ ਮੈਂ ਇੱਕ ਵਧੀਆ ਸਕੂਲ ਵਿੱਚ ਕੰਮ ਕੀਤਾ; ਬਹੁਤ ਕੁਝ ਦੇਖਿਆ, ਸਿੱਖਿਆ, ਸਿਖਾਇਆ, ਪੜ੍ਹਿਆ ਤੇ ਪੜ੍ਹਾਇਆ। ਇਹ ਗੱਲ 65 ਕੁ ਸਾਲ ਪੁਰਾਣੀ ਹੈ ਭਾਵ 1952 ਦੀ ਹੈ। ਮੋਗੇ ਮਿਸ਼ਨ ਟਰੇਨਿੰਗ ਸਕੂਲ ਹੁੰਦਾ ਸੀ। ਪੂਰਾ ਨਾਮ ਹੁੰਦਾ ਸੀ 'ਟਰੇਨਿੰਗ ਸਕੂਲ ਫਾਰ ਵਿਲੇਜ ਟੀਚਰਜ਼' ਜੋ ਅੱਜ ਵੀ ਗੇਟ 'ਤੇ ਮੱਧਮ ਜਿਹਾ ਲਿਖਿਆ ਦਿੱਸ ਰਿਹਾ ਹੈ। ਉਸ ਸਮੇਂ ਪੰਜਾਬ ਵਿੱਚ ਥੋੜ੍ਹੇ ਜਿਹੇ ਜੇ.ਬੀ.ਟੀ. ਟੀਚਰਜ਼ ਸਕੂਲ ਸਨ; ਜਿਵੇਂ ਮੋਗਾ, ਜਗਰਾਵਾਂ, ਢੋਲਬਾਹਾਂ, ਗੁਰਦਾਸਪੁਰ, ਕੈਰੋਂ ਆਦਿ। ਪਰ ਮੋਗਾ ਸਭ ਤੋਂ ਮਸ਼ਹੂਰ ਸੀ।

ਅਧਿਆਪਕਾਂ ਦੀ ਟਰੇਨਿੰਗ ਵਾਸਤੇ ਨਾਲ ਪੰਜ ਸ਼੍ਰੇਣੀਆਂ ਵਾਲਾ ਪ੍ਰਾਇਮਰੀ ਸਕੂਲ ਵੀ ਸੀ। ਇਹ ਟੀਚਰਜ਼ ਟਰੇਨਿੰਗ ਵਾਸਤੇ ਜ਼ਰੂਰੀ ਅਤੇ ਮਹਤੱਵਪੂਰਨ ਹੁੰਦਾ ਸੀ। ਸਕੂਲ ਦਾ ਮਾਟੋ ਸੀ 'ਅਸੀਂ ਆਪ ਕਰਦੇ ਅਤੇ ਉਸ ਰਾਹੀਂ ਸਿੱਖਦੇ ਹਾਂ'। ਇਸੇ ਲੀਹ 'ਤੇ ਸਾਰਾ ਪ੍ਰੋਗਰਾਮ ਚਲਦਾ ਸੀ। ਬੱਚਿਆਂ ਅਤੇ ਅਧਿਆਪਕਾਂ ਦੀ ਪੜ੍ਹਾਈ ਦਾ ਇਹ ਹੀ ਆਧਾਰ ਸੀ। ਪ੍ਰਾਇਮਰੀ ਹਿੱਸੇ ਵਿੱਚ ਪੜ੍ਹ ਰਹੇ ਬੱਚਿਆਂ ਵਾਸਤੇ ਪੜ੍ਹਨਾ, ਲਿਖਣਾ ਅਤੇ ਗਣਿਤ ਨਾਲੋਂ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਪਹਿਲ ਦਿੱਤੀ ਜਾਂਦੀ ਸੀ, ਕਿਉਂਕਿ ਸਿੱਖਿਆ ਦਾ ਅਸਲੀ ਉਦੇਸ਼ **'ਜੀਵਨ ਵਾਸਤੇ ਤਿਆਰੀ'** ਹੀ ਸੀ।

ਪ੍ਰਾਇਮਰੀ ਸਕੂਲ ਵਿੱਚ ਸਭ ਤੋਂ ਛੋਟੀ ਜਮਾਤ ਕੇ.ਜੀ. ਸੀ। ਬਹੁਤ ਤਜਰਬੇਕਾਰ, ਸੁਲਝੀ ਹੋਈ, ਮਾਵਾਂ ਵਰਗੀ, ਪਿਆਰਨ ਵਾਲੀ ਅਧਿਆਪਕਾ ਹੁੰਦੀ ਸੀ, ਮਿਸਿਜ਼ ਆਈਜ਼ਕ। ਕੋਈ ਖ਼ਾਸ ਪੜ੍ਹਾਈ ਨਹੀਂ, ਸਿਲੇਬਸ ਨਹੀਂ, ਛੋਟਾ ਬਸਤਾ ਜੋ ਸਕੂਲ ਹੀ ਰਹਿੰਦਾ ਸੀ। ਖੁੱਲ੍ਹਾ ਕਮਰਾ, ਇੱਕ ਪਾਸੇ ਸਿੱਲ੍ਹੀ ਕੱਕੀ ਰੇਤ ਦਾ ਵੱਡਾ ਟੱਬ, ਬਹੁਤ ਵੱਡੀ ਦਰੀ, ਖਿਡੌਣੇ, ਤਸਵੀਰਾਂ, ਚਾਰਟ, ਖ਼ਾਲੀ ਰੱਦੀ ਕਾਗ਼ਜ਼, ਰੰਗ ਅਤੇ ਸਕੂਲ ਦੇ ਬਾਗ਼ ਦੀ ਸੈਰ। ਹੱਥ ਘੰਟੀ ਦੀ ਆਵਾਜ਼ ਸੁਣਦੇ ਸਾਰ ਸਾਰੇ ਮੈਡਮ ਕੋਲ ਪਹੁੰਚ ਜਾਂਦੇ ਸੀ। ਹੁਣ ਕੁਝ ਖੇਡੋ, ਰੇਤ 'ਚ ਘਰ ਬਣਾਓ, ਕੁਝ ਖਾਓ, ਕਹਾਣੀ ਸੁਣੋ, ਰੰਗ ਭਰੋ, ਹੁਣ ਪੈ ਜਾਓ,



ਜੇ ਨੀਂਦ ਆਵੇ ਤਾਂ ਸੌਂ ਜਾਓ, ਪੂਰੀ ਖੁੱਲ੍ਹ ਸੀ।

ਸਕੂਲ ਹਾਲ ਵਿੱਚ ਦਰੀਆਂ 'ਤੇ ਬੈਠ ਕੇ ਬਾਕੀ ਜਮਾਤਾਂ ਦੇ ਬੱਚਿਆਂ, ਟਰੇਨੀਜ਼ ਅਤੇ ਅਧਿਆਪਕਾਂ ਦੀ ਇਕੱਠੀ ਪ੍ਰਾਰਥਨਾ ਅੱਧੇ ਘੰਟੇ ਵਿੱਚ ਸਮਾਪਤ ਹੋ ਜਾਂਦੀ ਸੀ। ਪਹਿਲਾਂ ਸਮੂਹ ਭਜਨ, ਬਾਈਬਲ 'ਚ ਇੱਕ ਆਇਤ ਸੀ, ਉਸ ਦੀ ਵਿਆਖਿਆ ਅਤੇ ਸੁਚੱਜੇ ਜੀਵਨ ਬਾਰੇ ਪੰਜ ਮਿੰਟ ਦਾ ਲੈਕਚਰ। ਫਿਰ ਇੱਕ ਛੋਟੀ ਅਰਦਾਸ ਅਤੇ ਆਮੀਨ। ਫਿਰ ਆਪੋ-ਆਪਣੀਆਂ ਕਲਾਸਾਂ। ਸ਼ਾਮ ਸਮੇਂ ਆਪਣੇ ਕਮਰਿਆਂ ਦੀ ਸਫ਼ਾਈ ਬੱਚੇ ਆਪ ਕਰਦੇ ਸਨ, ਵਾਰੀ ਸਿਰ। ਕੋਈ ਸਫ਼ਾਈ ਕਰਮਚਾਰੀ ਸਕੂਲ ਵਾਸਤੇ ਨਹੀਂ ਹੁੰਦਾ ਸੀ। ਹਰੇਕ ਬੱਚੇ ਦੀ ਵਾਰੀ ਆਉਂਦੀ ਸੀ। ਟਾਟ ਚੁੱਕਣੇ, ਝਾੜਨੇ, ਝਾੜੂ ਦੇਣਾ, ਛਿੜਕਾਅ ਕਰਨਾ, ਫਿਰ ਸਭ ਕੁੱਝ ਸੈੱਟ ਕਰਨਾ, ਡਸਟਿੰਗ ਕਰਨੀ ਅਤੇ ਕਮਰੇ ਨੂੰ ਲਿਸ਼ਕਾ ਕੇ ਮੈਡਮ ਨੂੰ ਦਿਖਾਉਣਾ। ਸਫ਼ਾਈ ਦੀ ਡਿਊਟੀ ਵਿੱਚ ਕੋਈ ਭੇਦ-ਭਾਵ ਨਹੀਂ ਹੁੰਦਾ ਸੀ। ਮੈਨੂੰ ਯਾਦ ਹੈ ਕਿ ਇੱਕ ਸਾਲ ਪੰਜਵੀਂ ਵਿੱਚ ਮੋਗੇ ਦੇ ਸੈਸ਼ਨ ਜੱਜ ਦਾ ਬੇਟਾ ਦਾਖ਼ਲ ਹੋਇਆ। ਵਾਰੀ ਵਾਲੇ ਦਿਨ ਇਕ ਗੰਨਮੈਨ ਉਸ ਨੂੰ ਸਾਈਕਲ 'ਤੇ ਲੈ ਕੇ ਆਉਂਦਾ ਸੀ। ਉਹ ਦੂਸਰੇ ਬੱਚਿਆਂ ਨਾਲ ਰਲ ਕੇ ਸਾਰੀ ਸਫ਼ਾਈ ਕਰਦਾ, ਝਾੜੂ ਦਿੰਦਾ, ਪਾਣੀ ਛਿੜਕਦਾ ਅਤੇ ਲਿਬੜ ਕੇ ਘਰ ਵਾਪਸ ਜਾਂਦਾ।

ਮੋਗੇ ਦੇ ਸਭ ਪੜ੍ਹੇ ਲਿਖੇ ਅਤੇ ਅਗਾਂਹਵਧੂ ਪਰਿਵਾਰਾਂ, ਡਾਕਟਰਾਂ, ਵਕੀਲਾਂ ਅਤੇ ਖਾਂਦੇ ਪੀਂਦੇ ਘਰਾਂ ਦੇ ਬੱਚੇ ਇਸੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਸਨ, ਬੇਸ਼ੱਕ ਅਗਲੀ ਪੜ੍ਹਾਈ ਉਹ ਸਨਾਵਰ, ਡਲਹੌਜ਼ੀ ਵਰਗੇ ਸਕੂਲਾਂ ਵਿੱਚ ਕਰਦੇ ਸਨ। ਸਿਆਣੇ ਮਾਪੇ ਜਾਣਦੇ ਸਨ ਕਿ ਸਿੱਖਿਆ ਦਾ ਅਸਲੀ ਉਦੇਸ਼ ਕੀ ਹੈ। ਕਿਸੇ ਸਮੇਂ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਅਤੇ ਉਨ੍ਹਾਂ ਦੇ ਭਰਾ ਡਾਕਟਰ ਵਿਕਰਮਜੀਤ ਸਿੰਘ ਢਿੱਲੋਂ ਵੀ ਇਸੇ ਪ੍ਰਾਇਮਰੀ ਸਕੂਲ ਵਿੱਚ ਹੁੰਦੇ ਸਨ।

ਇਸ ਪੜ੍ਹਾਈ ਦਾ ਮੁੱਖ ਉਦੇਸ਼ ਸੀ ਕੰਮ ਕਰਨਾ ਮਾਣ ਤੇ ਗੌਰਵ ਦੀ ਗੱਲ ਹੈ। ਹਰ ਜਮਾਤ ਦਾ ਆਪਣਾ ਖੇਤੀ ਪਲਾਟ ਹੁੰਦਾ ਸੀ, ਜਿਸ ਵਿੱਚ ਬੱਚੇ ਸਬਜ਼ੀਆਂ ਬੀਜਦੇ, ਪਾਣੀ ਦਿੰਦੇ, ਸਬਜ਼ੀਆਂ ਤੋੜਦੇ, ਹਿਸਾਬ ਰੱਖਦੇ ਅਤੇ ਕਦੇ-ਕਦੇ ਵੇਚਦੇ ਭੀ। ਡਰਾਮਿਆਂ ਲਈ ਤਿਆਰੀ ਹੁੰਦੀ ਸੀ। ਪੇਂਟਿੰਗ ਵਾਸਤੇ ਆਰਟ ਰੂਮ ਸੀ। ਹਰ ਸਾਲ 'ਸੰਕਰਜ਼ ਵੀਕਲੀ' ਦੇ ਅੰਤਰ-ਰਾਸ਼ਟਰੀ

ਮੁਕਾਬਲੇ ਵਾਸਤੇ ਬੱਚਿਆਂ ਦੀਆਂ ਪੇਂਟਿੰਗਜ ਘੱਲੀਆਂ ਜਾਂਦੀਆਂ ਸਨ। ਹਰੇਕ ਸ਼ਨਿੱਚਰਵਾਰ ਬਾਲ ਸਭਾ ਹੁੰਦੀ ਸੀ, ਜਿਸ ਦਾ ਪ੍ਰਬੰਧ ਤੇ ਸੰਚਾਲਨ ਬੱਚੇ ਹੀ ਕਰਦੇ ਸਨ। ਛੇ ਮਹੀਨੇ ਬਾਅਦ ਪ੍ਰਬੰਧਕਾਂ ਦੀ ਵੋਟਾਂ ਰਾਹੀਂ ਚੋਣ ਹੁੰਦੀ ਸੀ। ਅਤੇ ਯੋਗ ਬੱਚੇ ਹੀ ਚੁਣੇ ਜਾਂਦੇ ਸਨ। ਉਸ ਸਮੇਂ ਦੇ ਕਈ ਬੱਚੇ ਅੱਜ ਵੀ ਮੋਗੇ ਦੇ ਬਜ਼ੁਰਗ ਲੀਡਰ ਹਨ।

ਟੀਚਰਜ਼ ਟਰੇਨਿੰਗ ਬਾਰੇ ਬੜਾ ਕੁਝ ਦੱਸਿਆ ਜਾਂਦਾ ਸੀ। ਸਿਖਲਾਈ ਦਾ ਆਧਾਰ ਇਹ ਸੀ ਕਿ ਉਹ ਬੱਚਿਆਂ ਵਿੱਚ ਚੰਗੇ ਗੁਣ ਪਾ ਸਕਣ। ਉਨ੍ਹਾਂ ਲਈ ਹੋਸਟਲ 'ਚ ਰਹਿਣਾ ਜ਼ਰੂਰੀ ਸੀ। ਉੱਥੇ ਵੀ ਕੋਈ ਵੱਖਰਾ ਕਰਮਚਾਰੀ ਨਹੀਂ ਸੀ। ਸਾਰੇ ਵਾਰੀ ਸਿਰ ਸਫ਼ਾਈ ਕਰਕੇ, ਲੰਗਰ ਵਿੱਚ ਇਕੱਠੇ ਰੋਟੀ ਪਕਾਉਂਦੇ, ਵਰਤਾਉਂਦੇ ਅਤੇ ਸਾਰਾ ਹਿਸਾਬ-ਕਿਤਾਬ ਰੱਖਦੇ। ਉਸ ਸਮੇਂ ਸੀਵਰੇਜ ਸਿਸਟਮ ਨਹੀਂ ਸੀ। ਬੋਰ ਹੋਲ ਅਤੇ ਸੈਪਟਿਕ ਟੈਂਕਾਂ ਦਾ ਹੀ ਪ੍ਰਬੰਧ ਸੀ। ਬਜ਼ੁਰਗ ਮਿਸ ਸਮਿੱਥ ਦਸ ਕੁ ਵਜੇ ਬਾਂਹ ਵਿੱਚ ਹਲਕੀ ਟੋਕਰੀ ਪਾ ਲੈਂਦੀ। ਸਾਰੇ ਸਕੂਲ ਦਾ ਚੁੱਪ-ਚਾਪ ਚੱਕਰ ਲਾਉਂਦੀ। ਰੱਦੀ-ਕਾਗ਼ਜ਼, ਛੋਟੇ ਛਿਲਕੇ ਜੇ ਕੋਈ ਹੁੰਦੇ ਤਾਂ ਟੋਕਰੀ 'ਚ ਪਾਈ ਜਾਂਦੀ ਅਤੇ ਆਪਣੀ ਕੋਠੀ ਵਾਪਸ ਚਲੀ ਜਾਂਦੀ। ਸਫ਼ਾਈ ਦੀ ਪ੍ਰੇਰਨਾ ਵਾਸਤੇ ਇਹ ਇਕ ਨਮੂਨਾ ਸੀ।

ਹਰੇਕ ਅਧਿਆਪਕ ਤੇ ਵਿਦਿਆਰਥੀ ਕੋਲ ਇਕ ਛੋਟਾ ਪਲਾਟ ਹੁੰਦਾ ਸੀ, ਜੋ ਖੇਤੀਬੜੀ ਵਿਸ਼ੇ ਦਾ ਹਿੱਸਾ ਸੀ। ਉਸ ਵਿੱਚ ਸਾਰਾ ਸਾਲ ਕੰਮ ਹੁੰਦਾ, ਦੇਖ-ਭਾਲ ਹੁੰਦੀ ਅਤੇ ਨੰਬਰ ਲੱਗਦੇ। ਸੱਤਰ ਸਾਲ ਪੁਰਾਣੇ ਇਸ ਆਦਰਸ਼ ਸਕੂਲ ਵਿੱਚ ਸਮੇਂ ਅਨੁਸਾਰ ਅਨੇਕਾਂ ਤਬਦੀਲੀਆਂ ਆ ਗਈਆਂ ਹਨ। ਆਬਾਦੀ ਤਿੰਨ ਗੁਣਾਂ ਹੋ ਗਈ ਹੈ। ਜ਼ਮਾਨਾ ਅਤੇ ਸਾਧਨ ਲੋੜ ਤੋਂ ਵੱਧ ਨਵੀਨ ਹੋ ਗਏ ਹਨ। ਆਪਾਂ ਪਿੱਛੇ ਤਾਂ ਨਹੀਂ ਮੁੜ ਸਕਦੇ, ਪਰ ਫਿਰ ਵੀ ਅਤੀਤ ਤੋਂ ਅੱਜ ਦੀ ਲੋੜ ਅਨੁਸਾਰ ਕੁਝ ਸਿੱਖ ਜ਼ਰੂਰ ਸਕਦੇ ਹਾਂ।

ਸੰਪਰਕ: 85668-54081



# ਸਰਕਾਰਾਂ ਸਿੱਖਿਆ ਸੰਬੰਧੀ ਆਪਣੀਆਂ ਨੀਤੀਆਂ 'ਤੇ ਮੁੜ ਵਿਚਾਰ ਕਰਨ

**ਸਤਨਾਮ ਸਿੰਘ ਮਾਣਕ**

ਮੰਗਲਵਾਰ 11 ਅਪ੍ਰੈਲ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਿਦਿਆਰਥੀਆਂ ਅਤੇ ਪੁਲਿਸ ਦਰਮਿਆਨ ਜੋ ਤਿੱਖੀ ਝੜਪ ਹੋਈ ਹੈ, ਉਹ ਬੇਹੱਦ ਨਿੰਦਣਯੋਗ ਹੈ ਅਤੇ ਉਸ ਨੂੰ ਦੇਸ਼ ਦੀ ਜਮਹੂਰੀਅਤ ਲਈ ਇਕ ਹੋਰ ਸ਼ਰਮਨਾਕ ਦਿਨ ਆਖਿਆ ਜਾ ਸਕਦਾ ਹੈ। ਕੇਂਦਰੀ ਅਤੇ ਰਾਜ ਸਰਕਾਰਾਂ ਨੇ ਸਿੱਖਿਆ ਦੇ ਖੇਤਰ ਵਿੱਚ ਨਿੱਜੀਕਰਨ ਅਤੇ ਵਪਾਰੀਕਰਨ ਦੀਆਂ ਨੀਤੀਆਂ ਪਿਛਲੇ ਢਾਈ ਦਹਾਕਿਆਂ ਤੋਂ ਅਖ਼ਤਿਆਰ ਕੀਤੀਆਂ ਹੋਈਆਂ ਹਨ, ਇਹ ਝੜਪ ਉਸ ਦਾ ਸਿੱਟਾ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪਿਛਲੇ ਕਾਫ਼ੀ ਸਮੇਂ ਤੋਂ ਆਰਥਿਕ ਸੰਕਟ ਦਾ ਸ਼ਿਕਾਰ ਹੈ। ਨਾ ਤਾਂ ਕੇਂਦਰ ਸਰਕਾਰ ਵੱਲੋਂ ਉਸ ਨੂੰ ਲੋੜੀਂਦੇ ਫੰਡ ਦਿੱਤੇ ਜਾਂਦੇ ਹਨ ਅਤੇ ਨਾ ਹੀ ਪੰਜਾਬ ਸਰਕਾਰ ਵੱਲੋਂ ਆਪਣੇ ਕੋਟੇ ਦੇ ਫੰਡ ਯੂਨੀਵਰਸਿਟੀ ਨੂੰ ਮੁਹੱਈਆ ਕੀਤੇ ਜਾਂਦੇ ਹਨ। ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਮੀਡੀਆ ਨਾਲ ਗੱਲ ਕਰਦਿਆਂ ਇਸ ਗੱਲ ਦਾ ਪ੍ਰਗਟਾਵਾ ਵੀ ਕੀਤਾ ਹੈ। ਪੰਜਾਬ ਦੀਆਂ ਹੋਰ ਯੂਨੀਵਰਸਿਟੀਆਂ, ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਅਤੇ ਰਾਜ ਦੀਆਂ ਦੋ ਹੋਰ ਟੈਕਨੀਕਲ ਯੂਨੀਵਰਸਿਟੀਆਂ ਆਦਿ ਸ਼ਾਮਲ ਹਨ, ਦੀ ਵੀ ਹਾਲਤ ਆਰਥਿਕ ਪੱਖ ਤੋਂ ਮਾੜੀ ਹੈ। ਇਹ ਸਾਰੀਆਂ ਯੂਨੀਵਰਸਿਟੀਆਂ ਆਪਣੇ ਵੱਖ-ਵੱਖ ਕੋਰਸਾਂ ਅਤੇ ਖ਼ਾਸ ਕਰਕੇ ਪ੍ਰੋਫ਼ੈਸ਼ਨਲ ਕੋਰਸਾਂ ਦੀਆਂ ਫ਼ੀਸਾਂ ਵਧਾਉਣ ਲਈ ਮਜਬੂਰ ਹੁੰਦੀਆਂ ਜਾ ਰਹੀਆਂ ਹਨ, ਇਸ ਕਾਰਨ ਸਰਕਾਰੀ ਯੂਨੀਵਰਸਿਟੀਆਂ ਵਿੱਚ ਵੀ ਸਿੱਖਿਆ ਬੇਹੱਦ ਮਹਿੰਗੀ ਹੋ ਗਈ ਹੈ। ਅਜਿਹੀ ਸਥਿਤੀ ਦਾ ਸਾਹਮਣਾ ਕਰਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕਿੱਤਾਮੁਖੀ ਕੋਰਸਾਂ ਦੀਆਂ ਆਪਣੀਆਂ ਫ਼ੀਸਾਂ ਵਿੱਚ ਪਿਛਲੇ ਦਿਨੀਂ ਲਗਪਗ 100 ਫ਼ੀਸਦੀ ਵਾਧਾ ਕਰਨ ਦਾ ਐਲਾਨ ਕੀਤਾ ਸੀ। ਇਸ ਕਾਰਨ ਵਿਦਿਆਰਥੀਆਂ ਵਿੱਚ ਰੋਹ ਤੇ ਰੋਸ ਫੈਲਣਾ ਸੁਭਾਵਿਕ ਹੀ ਸੀ। ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਅਧਿਕਾਰੀਆਂ ਨੇ ਮਿਲ-ਬੈਠ ਕੇ ਇਸ ਸਮੱਸਿਆ ਦਾ ਕੋਈ ਹੱਲ ਕੱਢਣ ਅਤੇ ਰੋਸ ਪ੍ਰਗਟ ਕਰ ਕੇ ਵਿਦਿਆਰਥੀਆਂ ਨਾਲ ਇਸ ਸੰਬੰਧੀ ਕੋਈ ਗੱਲਬਾਤ ਕਰਨ ਦੀ ਥਾਂ 'ਤੇ ਵਿਦਿਆਰਥੀਆਂ ਦੇ ਰੋਹ ਨੂੰ ਨਜ਼ਰਅੰਦਾਜ਼ ਕਰਨਾ ਹੀ ਬਿਹਤਰ ਸਮਝਿਆ। ਇਸ ਦੇ ਸਿੱਟੇ ਵਜੋਂ ਜਦੋਂ ਵਿਦਿਆਰਥੀਆਂ

ਨੇ 11 ਅਪ੍ਰੈਲ ਨੂੰ ਯੂਨੀਵਰਸਿਟੀ ਵਿੱਚ ਹੜਤਾਲ ਦਾ ਸੱਦਾ ਦਿੱਤਾ ਅਤੇ ਉਪ-ਕੁਲਪਤੀ ਦੇ ਦਫ਼ਤਰ ਸਾਹਮਣੇ ਧਰਨਾ ਮਾਰ ਕੇ ਬੈਠ ਗਏ। ਫਿਰ ਵੀ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਨਾਲ ਫੌਰੀ ਤੌਰ 'ਤੇ ਕੋਈ ਗੱਲਬਾਤ ਸ਼ੁਰੂ ਨਹੀਂ ਕੀਤੀ ਗਈ। ਇਸ ਕਾਰਨ ਵਿਦਿਆਰਥੀ ਉਤੇਜਿਤ ਹੋ ਗਏ ਅਤੇ ਉਨ੍ਹਾਂ ਦਾ ਪੁਲਿਸ ਨਾਲ ਟਕਰਾਅ ਹੋ ਗਿਆ। ਪੁਲਿਸ ਨੇ ਬੜੀ ਬੇਰਹਿਮੀ ਨਾਲ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ ਅਤੇ ਵਿਦਿਆਰਥੀਆਂ ਵੱਲੋਂ ਵੀ ਇੱਟਾਂ, ਵੱਟੇ ਅਤੇ ਗਮਲੇ ਪੁਲਿਸ ਵੱਲ ਮਾਰੇ ਗਏ ਜਿਸ ਨਾਲ ਬਹੁਤ ਸਾਰੇ ਪੁਲਸ ਕਰਮੀ ਤੇ ਵਿਦਿਆਰਥੀ ਜ਼ਖ਼ਮੀ ਹੋ ਗਏ।

ਵਿਦਿਆਰਥੀਆਂ ਦਾ ਦੋਸ਼ ਹੈ ਕਿ ਪੁਲਿਸ ਨੇ ਕਲਾਸਾਂ ਵਿੱਚ ਦਾਖ਼ਲ ਹੋ ਕੇ ਉਨ੍ਹਾਂ ਵਿਦਿਆਰਥੀਆਂ ਨੂੰ ਬੇਰਹਿਮੀ ਨਾਲ ਕੁੱਟਿਆ, ਮਾਰਿਆ, ਜਿਹੜੇ ਅੰਦੋਲਨ ਵਿੱਚ ਸ਼ਾਮਲ ਨਹੀਂ ਸਨ। ਪੁਲਿਸ ਨੇ 52 ਦੇ ਲਗਪਗ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਵਿਦਿਆਰਥੀਆਂ ਦਾ ਇਹ ਵੀ ਦੋਸ਼ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਦਿਆਰਥੀਆਂ 'ਤੇ ਥਾਣੇ ਵਿੱਚ ਤਸ਼ੱਦਦ ਕੀਤਾ ਗਿਆ ਅਤੇ ਉਨ੍ਹਾਂ 'ਤੇ ਬੜੀਆਂ ਸੰਗੀਨ ਧਾਰਾਵਾਂ ਲਾ ਕੇ ਮੁਕੱਦਮਾ ਦਰਜ ਕਰ ਦਿੱਤਾ ਗਿਆ। ਪਹਿਲਾਂ ਵਿਦਿਆਰਥੀਆਂ 'ਤੇ ਦੇਸ਼-ਧ੍ਰੋਹੀ ਸੰਬੰਧੀ ਧਾਰਾ 124 ਵੀ ਲਗਾਈ ਗਈ ਪਰ ਬਾਅਦ ਵਿੱਚ ਇਸ ਨੂੰ ਹਟਾ ਲਿਆ ਗਿਆ। ਇਸ ਘਟਨਾ ਤੋਂ ਸਭ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਜਾਣੀ ਚਾਹੀਦੀ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਸਰਕਾਰਾਂ ਵੱਲੋਂ ਅਪਣਾਈਆਂ ਗਈਆਂ ਨਿੱਜੀਕਰਨ ਅਤੇ ਵਪਾਰੀਕਰਨ ਦੀਆਂ ਨੀਤੀਆਂ ਕਾਰਨ ਵਿਦਿਆਰਥੀਆਂ ਅਤੇ ਆਮ ਲੋਕਾਂ ਵਿੱਚ ਕਿੰਨਾ ਰੋਸ ਹੈ। ਇਹ ਸਮੱਸਿਆ ਹੁਣ ਅਮਨ-ਕਾਨੂੰਨ ਲਈ ਵੀ ਇੱਕ ਚੁਣੌਤੀ ਬਣਦੀ ਜਾ ਰਹੀ ਹੈ। ਸੰਨ 1991 ਵਿੱਚ ਜਦੋਂ ਦੇਸ਼ ਵਿੱਚ ਨਵਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਹੋਈ ਸੀ ਤਾਂ ਬਹੁਤ ਸਾਰੇ ਰਾਜਨੀਤਕ ਆਗੂਆਂ ਅਤੇ ਬੁੱਧੀਜੀਵੀਆਂ ਦਾ ਇਹ ਵਿਚਾਰ ਸੀ ਕਿ ਇਸ ਨਾਲ ਦੇਸ਼ ਤੇਜ਼ੀ ਨਾਲ ਤਰੱਕੀ ਕਰੇਗਾ। ਇੰਸਪੈਕਟਰੀ ਰਾਜ ਅਤੇ ਲਾਲ ਫੀਤਾਸ਼ਾਹੀ ਦਾ ਖ਼ਾਤਮਾ ਹੋਵੇਗਾ। ਬਾਜ਼ਾਰੂ ਤਾਕਤਾਂ ਨੂੰ ਖੁੱਲ੍ਹੇ-ਡੁੱਲ੍ਹੇ ਰੂਪ ਵਿੱਚ ਆਪਣਾ ਕਾਰੋਬਾਰ ਚਲਾਉਣ ਦੇ ਮੌਕੇ ਮਿਲਣਗੇ। ਇਸ ਨਾਲ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ। ਇਸ ਸਭ ਕੁਝ ਦੇ ਸਿੱਟੇ ਵਜੋਂ ਦੇਸ਼ ਵਿੱਚ ਰੁਜ਼ਗਾਰ ਦੇ ਮੌਕੇ ਵਧਣਗੇ। ਬੇਰੁਜ਼ਗਾਰੀ ਦੂਰ ਹੋਵੇਗੀ। ਹੁਣ ਜਦੋਂ ਕਿ ਇਸ ਤਰ੍ਹਾਂ ਦੇ ਦਾਅਵਿਆਂ ਅਤੇ ਵਾਅਦਿਆਂ ਨਾਲ ਉਦਾਰੀਕਰਨ ਨੂੰ ਅਪਣਾਇਆਂ ਲਗਪਗ 26 ਸਾਲ ਦਾ ਸਮਾਂ ਪੂਰਾ ਹੋ ਗਿਆ ਹੈ ਤਾਂ ਉਦਾਰੀਕਰਨ ਦੀਆਂ ਕੌੜੀਆਂ ਹਕੀਕਤਾਂ ਸਾਹਮਣੇ ਆ ਚੁੱਕੀਆਂ



ਹਨ। ਬਜ਼ਾਰੂ ਤਾਕਤਾਂ ਨੇ ਲਗਪਗ ਹਰ ਖੇਤਰ ਵਿੱਚ ਆਪ ਲੋਕਾਂ ਦੀ ਲੁੱਟ-ਖਸੁੱਟ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ ਅਤੇ ਲੋਕ ਇਨ੍ਹਾਂ ਤਾਕਤਾਂ ਵਿਰੁੱਧ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਗਏ ਹਨ। ਦੂਜੇ ਪਾਸੇ 1991 ਵਿੱਚ ਕੁਝ ਬੁੱਧੀਜੀਵੀਆਂ ਅਤੇ ਸਿਆਸਤਦਾਨਾਂ ਨੇ ਇਨ੍ਹਾਂ ਦਾਅਵਿਆਂ ਅਤੇ ਵਾਅਦਿਆਂ ਸੰਬੰਧੀ ਪ੍ਰਸ਼ਨ ਵੀ ਖੜ੍ਹੇ ਕੀਤੇ ਸਨ ਅਤੇ ਇਹ ਕਿਹਾ ਸੀ ਕਿ ਉਦਾਰੀਕਰਨ ਦੇ ਆਧਾਰ 'ਤੇ ਵੱਖ-ਵੱਖ ਖੇਤਰਾਂ ਵਿੱਚ ਜਿਹੜੀਆਂ ਨੀਤੀਆਂ ਲਾਗੂ ਕੀਤੀਆਂ ਜਾਣਗੀਆਂ, ਉਨ੍ਹਾਂ ਦੇ ਆਮ ਲੋਕਾਂ 'ਤੇ ਉਲਟ ਪ੍ਰਭਾਵ ਪੈਣਗੇ। ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਉੱਪਰ ਵੱਡੀਆਂ ਕੰਪਨੀਆਂ ਦਾ ਗ਼ਲਬਾ ਵਧੇਗਾ। ਛੋਟੇ ਸਨਅਤਕਾਰਾਂ ਅਤੇ ਛੋਟੇ ਵਪਾਰੀਆਂ ਦੇ ਕਾਰੋਬਾਰ ਠੱਪ ਹੋ ਜਾਣਗੇ ਅਤੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਵੀ ਔਖੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਧਾਰਨਾ ਦੇ ਸਮਰਥਕ ਬੁੱਧੀਜੀਵੀਆਂ ਤੇ ਸਿਆਸਤਦਾਨਾਂ ਦਾ ਵੀ ਇਹ ਮਤ ਸੀ ਕਿ ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਨਾਂ ਹੇਠ ਸਰਕਾਰਾਂ ਆਪਣੀਆਂ ਬੁਨਿਆਦੀ ਜ਼ਿੰਮੇਵਾਰੀਆਂ ਤੋਂ ਵੀ ਭੱਜ ਜਾਣਗੀਆਂ। ਸੜਕ, ਪਾਣੀ, ਬਿਜਲੀ, ਸਿਹਤ, ਸਿੱਖਿਆ ਤੇ ਜਨਤਕ ਟਰਾਂਸਪੋਰਟ ਆਦਿ ਖੇਤਰਾਂ ਦਾ ਵੀ ਨਿੱਜੀਕਰਨ ਹੋ ਜਾਏਗਾ ਅਤੇ ਲੋਕ ਮੁੱਢਲੇ ਵਿਕਾਸ ਅਤੇ ਜਿਉਂਦੇ ਰਹਿਣ ਲਈ ਲੋੜੀਂਦੀਆਂ ਸਹੂਲਤਾਂ ਤੋਂ ਵੀ ਵਾਂਝੇ ਹੋ ਜਾਣਗੇ। ਭਾਵੇਂ ਉਸ ਸਮੇਂ ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ ਬੁੱਧੀਜੀਵੀਆਂ ਅਤੇ ਸਿਆਸਤਦਾਨਾਂ ਦਾ ਮਖੌਲ ਉਡਾਇਆ ਗਿਆ ਸੀ ਅਤੇ ਮੀਡੀਆ ਦੇ ਵੱਡੇ ਹਿੱਸਿਆਂ ਵੱਲੋਂ ਵੀ ਇਹ ਲਿਖਿਆ ਗਿਆ ਸੀ ਕਿ ਉਦਾਰੀਕਰਨ ਦੇ ਅਮਲ ਸੰਬੰਧੀ ਪ੍ਰਸ਼ਨ ਉਠਾਉਣ ਵਾਲੇ ਇਹ ਲੋਕ ਪਿਛਾਂਹਖਿਚੂ ਅਤੇ ਸਮਾਂ ਵਿਹਾਅ ਚੁੱਕੀ ਸਮਾਜਵਾਦੀ ਵਿਚਾਰਧਾਰਾ ਦੇ ਸਮਰਥਕ ਹਨ ਅਤੇ ਇਨ੍ਹਾਂ ਵੱਲੋਂ ਖੜ੍ਹੇ ਕੀਤੇ ਜਾ ਰਹੇ ਤੌਖਲੇ ਨਿਰਮੂਲ ਹਨ। ਪਰ ਅੱਜ ਉਦਾਰੀਕਰਨ ਦੇ ਵਿਰੋਧੀ ਚਿੰਤਕਾਂ ਤੇ ਸਿਆਸਤਦਾਨਾਂ ਦੇ ਤੌਖਲੇ ਸਹੀ ਸਾਬਤ ਹੋ ਗਏ ਹਨ।

ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਨਜ਼ਰ ਆ ਰਹੀ ਹੈ ਕਿ ਉਦਾਰੀਕਰਨ ਅਧੀਨ ਵੱਖ-ਵੱਖ ਖੇਤਰਾਂ ਵਿੱਚ ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਜੋ ਨੀਤੀਆਂ ਅਪਣਾਈਆਂ ਗਈਆਂ ਹਨ, ਉਸ ਨੇ ਛੋਟੇ ਕਾਰੋਬਾਰੀਆਂ, ਵਪਾਰੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਸਮਾਜ ਦੇ ਹੋਰ ਦੱਬੇ-ਕੁਚਲੇ ਲੋਕਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਹੋਰ ਤਾਂ ਹੋਰ ਸਿਹਤ ਅਤੇ ਸਿੱਖਿਆ ਵਰਗੀਆਂ ਸਹੂਲਤਾਂ ਵੀ ਲਗਪਗ ਦੇਸ਼ ਦੇ 70 ਫ਼ੀਸਦੀ ਲੋਕਾਂ ਦੀ ਪਹੁੰਚ ਤੋਂ ਬਾਹਰ ਨਿਕਲ ਗਈਆਂ ਹਨ। ਸਿੱਖਿਆ ਦਾ ਨਿੱਜੀਕਰਨ ਹੋਣ ਕਾਰਨ ਗ਼ਰੀਬ ਲੋਕ ਆਪਣੇ ਬੱਚਿਆਂ ਨੂੰ ਪੜ੍ਹਾਉਣ ਤੋਂ ਅਸਮਰੱਥ ਹੋ ਗਏ ਹਨ। ਦੂਜੇ ਪਾਸੇ

ਮਹਿੰਗੇ ਹਸਪਤਾਲਾਂ ਕਾਰਨ ਗ਼ਰੀਬ ਲੋਕ ਨਿੱਜੀ ਹਸਪਤਾਲਾਂ ਤੋਂ ਬਿਹਤਰ ਇਲਾਜ ਸਹੂਲਤਾਂ ਹਾਸਲ ਕਰਨ ਤੋਂ ਅਸਮਰੱਥ ਹਨ ਅਤੇ ਜੇਕਰ ਮਜਬੂਰੀ ਵੱਸ ਉਹ ਨਿੱਜੀ ਵਿੱਦਿਅਕ ਅਦਾਰਿਆਂ ਜਾਂ ਨਿੱਜੀ ਹਸਪਤਾਲਾਂ ਤੋਂ ਕਿਸੇ ਨਾ ਕਿਸੇ ਢੰਗ ਨਾਲ ਸੇਵਾਵਾਂ ਹਾਸਲ ਕਰਦੇ ਹਨ ਤਾਂ ਉਨ੍ਹਾਂ ਦੀ ਏਨੀ ਵੱਡੀ ਪੱਧਰ 'ਤੇ ਲੁੱਟ-ਖਸੁੱਟ ਹੁੰਦੀ ਹੈ ਕਿ ਇਸ ਦਾ ਭਾਰ ਉਨ੍ਹਾਂ ਤੋਂ ਸਹਿਣ ਨਹੀਂ ਹੋ ਰਿਹਾ। ਇਸ ਕਾਰਨ ਲੋਕਾਂ ਵਿੱਚ ਰੋਹ ਤੇ ਰੋਸ ਵਧ ਰਿਹਾ ਹੈ। ਇਸ ਸੰਦਰਭ ਵਿੱਚ ਹੀ ਦੇਸ਼ ਵਿੱਚ ਗ਼ੈਰ-ਸਰਕਾਰੀ ਵਿੱਦਿਅਕ ਅਦਾਰਿਆਂ ਵੱਲੋਂ ਅੰਨ੍ਹੇਵਾਹ ਵਧਾਈਆਂ ਜਾ ਰਹੀਆਂ ਫ਼ੀਸਾਂ ਵਿਰੁੱਧ ਲੋਕਾਂ ਦੇ ਉੱਠ ਰਹੇ ਅੰਦੋਲਨਾਂ ਨੂੰ ਦੇਖਿਆ ਜਾ ਸਕਦਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਸਿੱਖਿਆ ਦਾ ਤੇਜ਼ੀ ਨਾਲ ਨਿੱਜੀਕਰਨ ਅਤੇ ਵਪਾਰੀਕਰਨ ਹੋਇਆ ਹੈ। ਸਰਕਾਰਾਂ ਨੇ ਸਰਕਾਰੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ ਹੈ। ਦਹਾਕਿਆਂ ਤੋਂ ਸਰਕਾਰੀ ਸਕੂਲਾਂ ਵਿੱਚ ਲੋੜੀਂਦੇ ਅਧਿਆਪਕ ਮੁਹੱਈਆ ਨਹੀਂ ਕੀਤੇ ਗਏ। ਬਹੁਤੇ ਥਾਵਾਂ 'ਤੇ ਸਕੂਲੀ ਇਮਾਰਤਾਂ ਦੀ ਹਾਲਤ ਵੀ ਖਸਤਾ ਹੋ ਚੁੱਕੀ ਹੈ। ਗੱਲ ਇੱਥੋਂ ਤਕ ਚਲੀ ਗਈ ਹੈ ਕਿ ਕੇਂਦਰੀ ਅਤੇ ਰਾਜ ਸਰਕਾਰਾਂ ਨੇ ਆਪਣੀਆਂ ਯੂਨੀਵਰਸਿਟੀਆਂ ਨੂੰ ਇੱਥੋਂ ਤਕ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਆਪਣੀ ਆਮਦਨ ਦੇ ਸਾਧਨਾਂ ਵਿੱਚ ਖ਼ੁਦ ਵਾਧਾ ਕਰਨ।

ਇਸ ਸਭ ਕੁਝ ਦੇ ਸਿੱਟੇ ਵਜੋਂ ਮਜਬੂਰ ਹੋ ਕੇ ਗ਼ਰੀਬ ਲੋਕਾਂ ਨੂੰ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਗ਼ੈਰ-ਸਰਕਾਰੀ ਸਕੂਲਾਂ ਵੱਲ ਮੂੰਹ ਕਰਨਾ ਪਿਆ। ਇਸ ਸਥਿਤੀ ਦਾ ਫ਼ਾਇਦਾ ਉਠਾਉਂਦਿਆਂ ਗ਼ੈਰ-ਸਰਕਾਰੀ ਸਕੂਲਾਂ ਅਤੇ ਨਿੱਜੀ ਕਾਲਜਾਂ ਤੇ ਯੂਨੀਵਰਸਿਟੀਆਂ ਵੱਲੋਂ ਹਰ ਸਾਲ ਵੱਡੀ ਪੱਧਰ 'ਤੇ ਫ਼ੀਸਾਂ ਵਿੱਚ ਵਾਧਾ ਕਰਨ ਦਾ ਸਿਲਸਿਲਾ ਆਰੰਭ ਕਰ ਦਿੱਤਾ ਗਿਆ। ਹਰ ਸਾਲ ਇੱਕ ਵੱਡੀ ਰਾਸ਼ੀ ਪ੍ਰਤੀ ਵਿਦਿਆਰਥੀ ਦਾਖ਼ਲਾ ਫ਼ੀਸ ਵਜੋਂ ਵਸੂਲਣੀ ਸ਼ੁਰੂ ਕਰ ਦਿੱਤੀ ਗਈ। ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀਆਂ, ਸਟੇਸ਼ਨਰੀ ਅਤੇ ਕਿਤਾਬਾਂ ਸਕੂਲਾਂ ਵਿੱਚੋਂ ਸਕੂਲ ਦੁਆਰਾ ਨਿਰਧਾਰਿਤ ਠੇਕੇਦਾਰਾਂ ਤੋਂ ਖ਼ਰੀਦਣ ਲਈ ਮਜਬੂਰ ਕੀਤਾ ਗਿਆ। ਹਰ ਸਾਲ ਕਿਤਾਬਾਂ ਬਦਲਣ ਦਾ ਸਿਲਸਿਲਾ ਆਰੰਭ ਕੀਤਾ ਗਿਆ, ਤਾਂ ਜੋ ਵਿਦਿਆਰਥੀ ਇੱਕ-ਦੂਜੇ ਤੋਂ ਲੈ ਕੇ ਕਿਤਾਬਾਂ ਵੀ ਨਾ ਪੜ੍ਹ ਸਕਣ। ਜੇਕਰ ਵਿਦਿਆਰਥੀਆਂ ਦੇ ਮਾਪੇ ਇਸ ਸਭ ਵਿਰੁੱਧ ਆਵਾਜ਼ ਉਠਾਉਂਦੇ ਹਨ ਤਾਂ ਵੱਖ-ਵੱਖ ਸਕੂਲਾਂ ਵੱਲੋਂ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਉਹ ਆਪਣੇ ਬੱਚੇ ਕਿਸੇ ਹੋਰ ਸਕੂਲ ਵਿੱਚ ਪੜ੍ਹਾ ਲੈਣ। ਹੁਣ ਤਾਂ ਇੱਥੋਂ ਤਕ ਵੀ ਖ਼ਬਰਾਂ ਆਉਣ ਲੱਗ ਪਈਆਂ



ਹਨ ਕਿ ਸਮੇਂ ਸਿਰ ਫ਼ੀਸਾਂ ਨਾ ਦੇ ਸਕਣ ਵਾਲੇ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ ਅਤੇ ਸਕੂਲਾਂ ਵਿੱਚ ਨਜ਼ਰਬੰਦ ਵੀ ਕਰ ਦਿੱਤਾ ਜਾਂਦਾ ਹੈ। ਲੋਕਾਂ ਦੇ ਰੋਸ ਅਤੇ ਦਬਾਅ ਕਾਰਨ ਕੁਝ ਰਾਜਾਂ ਵਿੱਚ ਸਰਕਾਰਾਂ ਨੇ ਕਾਨੂੰਨ ਬਣਾ ਕੇ ਰੈਗੂਲੇਟਰੀ ਕਮੇਟੀਆਂ ਬਣਾਈਆਂ ਹਨ; ਪਰ, ਕਿਉਂਕਿ ਜ਼ਿਆਦਾਤਰ ਨਿੱਜੀ ਸਕੂਲ ਸਿਆਸਤਦਾਨਾਂ, ਅਫ਼ਸਰਸ਼ਾਹਾਂ, ਕਾਰੋਬਾਰੀਆਂ ਅਤੇ ਸਮਾਜ ਵਿੱਚ ਅਸਰ-ਰਸੂਖ ਰੱਖਣ ਵਾਲੇ ਲੋਕਾਂ ਵੱਲੋਂ ਚਲਾਏ ਜਾ ਰਹੇ ਹਨ, ਇਸ ਕਰਕੇ ਨਿੱਜੀ ਸਕੂਲਾਂ ਦੀ ਲੁੱਟ-ਖਸੁੱਟ ਵਿਰੁੱਧ ਰੈਗੂਲੇਟਰੀ ਕਮੇਟੀਆਂ ਕੋਈ ਵੀ ਪ੍ਰਭਾਵੀ ਕਾਰਵਾਈ ਕਰਨ ਵਿੱਚ ਅਜੇ ਤਕ ਬਹੁਤੀਆਂ ਸਫਲ ਨਹੀਂ ਹੋਈਆਂ। ਇਸੇ ਕਰਕੇ ਦੇਸ਼ ਭਰ ਤੋਂ ਸਕੂਲਾਂ ਵਿੱਚ ਬੱਚਿਆਂ ਦੇ ਦਾਖ਼ਲਿਆਂ ਸਮੇਂ ਨਿੱਜੀ ਸਕੂਲਾਂ ਦੀ ਇਸ ਲੁੱਟ-ਖਸੁੱਟ ਵਿਰੁੱਧ ਮਾਪਿਆਂ ਵੱਲੋਂ ਵਿਖਾਵੇ ਕਰਨ ਅਤੇ ਰੋਸ ਪ੍ਰਗਟ ਕਰਨ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਪੈਦਾ ਹੋਈ ਇਹ ਸਾਰੀ ਸਥਿਤੀ ਮੰਗ ਕਰਦੀ ਹੈ ਕਿ ਜੇਕਰ ਕੇਂਦਰ ਸਰਕਾਰ ਅਤੇ ਵੱਖ-ਵੱਖ ਸੂਬਿਆਂ ਦੀਆਂ ਸੰਬੰਧਿਤ ਸਰਕਾਰਾਂ ਦੇਸ਼ ਦਾ ਵਾਕਈ ਤੇਜ਼ੀ ਨਾਲ ਵਿਕਾਸ ਕਰਨਾ ਚਾਹੁੰਦੀਆਂ ਹਨ ਅਤੇ ਉਸਨੂੰ ਇਕ ਆਰਥਿਕ ਮਹਾਂਸ਼ਕਤੀ ਬਣਾਉਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਸੜਕਾਂ, ਪਾਣੀ, ਬਿਜਲੀ, ਸਿਹਤ ਅਤੇ ਸਿੱਖਿਆ ਆਦਿ ਖੇਤਰਾਂ ਨਾਲ ਸੰਬੰਧਿਤ ਵਿਭਾਗਾਂ ਬਾਰੇ ਆਪਣੀਆਂ ਨੀਤੀਆਂ ਸੰਬੰਧੀ ਮੁੜ ਤੋਂ ਵਿਚਾਰ ਕਰਨੀ ਚਾਹੀਦੀ ਹੈ। ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਅਮਲ ਵਿੱਚੋਂ ਇਨ੍ਹਾਂ ਵਿਭਾਗਾਂ ਨੂੰ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਇਨ੍ਹਾਂ ਖੇਤਰਾਂ ਵਿੱਚ ਸਰਕਾਰਾਂ ਨੂੰ ਡਟ ਕੇ ਖੜ੍ਹੇ ਹੋਣਾ ਚਾਹੀਦਾ ਹੈ। ਇਹ ਸੇਵਾਵਾਂ ਲੋਕਾਂ ਨੂੰ ਵਾਜਬ ਦਰਾਂ 'ਤੇ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਤਾਂ ਹੀ ਇਸ ਦੇਸ਼ ਦੇ 70 ਫ਼ੀਸਦੀ ਗ਼ਰੀਬ ਲੋਕ ਆਪਣਾ ਘੱਟੋ-ਘੱਟ ਜੀਵਨ ਪੱਧਰ ਬਣਾਈ ਰੱਖ ਸਕਣਗੇ ਅਤੇ ਆਪਣੇ ਬੱਚਿਆਂ ਨੂੰ ਲੋੜੀਂਦੀ ਸਿੱਖਿਆ ਦੁਆ ਸਕਣਗੇ। ਜੇਕਰ ਸਰਕਾਰਾਂ ਨੇ ਇਨ੍ਹਾਂ ਖੇਤਰਾਂ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਅਮਲ ਨੂੰ ਨਾ ਰੋਕਿਆ ਤਾਂ ਲੋਕਾਂ ਦੇ ਰੋਹ ਅਤੇ ਰੋਸ ਵਿੱਚ ਹੋਰ ਵਧੇਰੇ ਵਾਧਾ ਹੋਵੇਗਾ। ਜਿਸ ਤਰ੍ਹਾਂ ਦੀ ਘਟਨਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਾਪਰੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਹੋਰ ਯੂਨੀਵਰਸਿਟੀਆਂ ਅਤੇ ਹੋਰ ਨਿੱਜੀ ਸਕੂਲਾਂ ਵਿੱਚ ਵੀ ਵਾਪਰ ਸਕਦੀਆਂ ਹਨ। ਇਸ ਸੰਦਰਭ ਵਿੱਚ ਲੋਕਾਂ ਦੀ ਬੇਚੈਨੀ ਏਨੀ ਜ਼ਿਆਦਾ ਵਧ ਚੁੱਕੀ ਹੈ ਕਿ ਉਹ ਕਿਸੇ ਵੀ ਥਾਂ 'ਤੇ ਵਿਸਫੋਟਕ ਰੂਪ ਅਖ਼ਤਿਆਰ ਕਰ ਸਕਦੀ ਹੈ।

-●-

# ਦੇਸ਼ ਨੂੰ ਕੌਮੀ ਸਿੱਖਿਆ ਨੀਤੀ ਦੀ ਲੋੜ

**ਪ੍ਰੋ: ਲਕਸ਼ਮੀ ਕਾਂਤ ਚਾਵਲਾ**

ਪਿਛਲੇ ਦਿਨੀਂ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਵਿਚਲੇ ਸਿੱਖਿਆ ਦੇ ਪੱਧਰ ਬਾਰੇ ਆਸਟ੍ਰੇਲੀਆ ਦੀ ਟਿੱਪਣੀ ਨਾਲ ਭਾਰਤ ਦਾ ਸਿਰ ਨੀਵਾਂ ਹੋਇਆ ਹੈ । ਆਸਟ੍ਰੇਲੀਆ ਵੱਲੋਂ ਪੰਜਾਬ ਦੇ ਸਕੂਲ ਬੋਰਡ ਤੋਂ ਬਾਰ੍ਹਵੀਂ ਪਾਸ ਵਿਦਿਆਰਥੀਆਂ ਨੂੰ ਆਸਟ੍ਰੇਲੀਆ ਦੇ ਲਈ ਸਟੂਡੈਂਟ ਵੀਜ਼ਾ ਨਾ ਦੇਣ ਦਾ ਫ਼ਰਮਾਨ ਜ਼ਾਰੀ ਹੋਇਆ ਸੀ । ਖ਼ਬਰਾਂ ਦੇ ਮੁਤਾਬਕ ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਸਕੂਲ ਬੋਰਡ ਦੀ ਪ੍ਰੀਖਿਆ ਵਿੱਚ ਜਿਹੜੇ ਵਿਦਿਆਰਥੀ 80 ਫ਼ੀਸਦੀ ਨੰਬਰ ਲੈ ਕੇ ਪਾਸ ਹੋ ਰਹੇ ਹਨ, ਉਹ ਆਸਟ੍ਰੇਲੀਆ ਦੇ ਲਈ ਆਈਲੈਟਸ ਵਿੱਚ ਸਫਲ ਨਹੀਂ ਹੋ ਪਾ ਰਹੇ, ਇਸ ਲਈ ਆਸਟ੍ਰੇਲੀਆ ਦੇ ਅਧਿਕਾਰੀਆਂ ਦਾ ਇਹ ਤਕਾਜ਼ਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੇ ਯੋਗਤਾ ਦੇ ਆਧਾਰ ’ਤੇ ਨਹੀਂ ਬਲਕਿ ਨਕਲ ਆਦਿ ਵਰਗੇ ਸਰੋਤਾਂ ਦੇ ਆਧਾਰ ’ਤੇ ਇਹ 80 ਫ਼ੀਸਦੀ ਅੰਕ ਪ੍ਰਾਪਤ ਕੀਤੇ ਹਨ । ਇਹ ਠੀਕ ਹੈ ਕਿ ਭਾਰਤ ਅਤੇ ਪੰਜਾਬ ਦੇ ਵਿਰੋਧ ਦੇ ਬਾਅਦ ਇਹ ਫ਼ੈਸਲਾ ਕੁਝ ਸ਼ਰਤਾਂ ਸਹਿਤ ਵਾਪਸ ਹੋ ਗਿਆ । ਪਰ ਜਿਹੜੀ ਸਾਡੀ ਸਿੱਖਿਆ ਦੇ ਪੱਧਰ ਬਾਰੇ ਵਿਦੇਸ਼ੀਆਂ ਦੁਆਰਾ ਟਿੱਪਣੀ ਕੀਤੀ ਗਈ ਹੈ, ਉਹ ਸਾਡੇ ਲਈ ਚਿਤਾਵਨੀ ਹੈ । ਭਾਵੇਂ ਕਿ ਸਰਕਾਰਾਂ ਨੇ ਉਸ ’ਤੇ ਪਰਦਾ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ।

ਹੁਣ ਜੰਮੂ-ਕਸ਼ਮੀਰ ਉੱਚ ਅਦਾਲਤ ਨੇ ਕਸ਼ਮੀਰ ਦੇ ਇਕ ਐਲੀਮੈਂਟਰੀ ਟੀਚਰ ਟ੍ਰੇਨਿੰਗ ਕਾਲਜ ਦੇ ਮਾਲਕ ਦੀ ਅਰਜ਼ੀ ਨੂੰ ਖਾਰਜ ਕਰਦੇ ਹੋਏ ਇਹ ਟਿੱਪਣੀ ਕੀਤੀ ਹੈ ਕਿ ਜੇਕਰ ਭਾਰਤ ਵਿੱਚ ਲੋਕਾਂ ਨੂੰ ਬਿਨਾਂ ਪੜ੍ਹਾਈ ਦੇ ਡਿਗਰੀ ਦਿੱਤੀ ਜਾਵੇਗੀ ਤਾਂ ਇਹ ਅਜਿਹੇ ਲੋਕਾਂ ਦਾ ਦੇਸ਼ ਬਣ ਜਾਵੇਗਾ ਜਿਨ੍ਹਾਂ ਵਿੱਚ ਸੋਚਣ-ਸਮਝਣ ਦੀ ਸਮਰੱਥਾ ਨਹੀਂ ਹੋਵੇਗੀ । ਜੱਜ ਸਾਹਿਬ ਸ੍ਰੀ ਐਮ.ਐਚ, ਅਤਾਰ ਨੇ ਇਕ ਹੁਕਮ ਵਿੱਚ ਕਿਹਾ ਕਿ ਮਨੁੱਖੀ ਲਾਲਚ ਨੇ ਸਾਡੀ ਸਿੱਖਿਆ-ਪ੍ਰਣਾਲੀ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ । ਸੋਚਣ ਵਾਲੀ ਗੱਲ ਹੈ ਕਿ ਜਿਸ ਦੇਸ਼ ਵਿੱਚ ਲੋਕਾਂ ਨੂੰ ਬਿਨਾਂ ਪੜ੍ਹਾਈ ਕੀਤੇ ਸਿੱਖਿਆ ਦੀਆਂ ਡਿਗਰੀਆਂ ਦਿੱਤੀਆਂ ਜਾਂਦੀਆਂ ਹੋਣ, ਉਸ ਦੇਸ਼ ਦਾ ਕੀ ਹੋਵੇਗਾ । ਇਹ ਬਿਨਾਂ ਸੋਚ ਸਮਝ ਵਾਲੇ ਲੋਕਾਂ ਦਾ ਦੇਸ਼ ਬਣ ਜਾਏਗਾ ਅਤੇ



ਇਸ ਦਾ ਭਵਿੱਖ ਹਨੇਰਮਈ ਹੋ ਜਾਵੇਗਾ ।

ਜੰਮੂ-ਕਸ਼ਮੀਰ ਉੱਚ ਅਦਾਲਤ ਨੇ ਇਕ ਬਹੁਤ ਹੀ ਸੰਵੇਦਨਸ਼ੀਲ ਵਿਸ਼ੇ ’ਤੇ ਕੌੜਾ ਸੱਚ ਕਿਹਾ ਹੈ । ਸੱਚ ਤਾਂ ਇਹ ਹੈ ਕਿ ਇਹ ਚਿੰਤਾ ਸਰਕਾਰ ਨੂੰ ਬਹੁਤ ਪਹਿਲਾਂ ਹੋ ਜਾਣੀ ਚਾਹੀਦੀ ਸੀ ਅਤੇ ਦੇਸ਼ ਵਿੱਚ ਇਕ ਕੌਮੀ ਸਿੱਖਿਆ ਨੀਤੀ ਬਣਾਉਣ ’ਤੇ ਚਹੁੰਮੁਖੀ ਵਿਕਾਸ ਦਾ ਟੀਚਾ ਦੇਸ਼ ਦੀਆਂ ਸਰਕਾਰਾਂ ਨੂੰ ਬਹੁਤ ਪਹਿਲਾਂ ਤੋਂ ਹੀ ਤੈਅ ਕਰ ਲੈਣਾ ਚਾਹੀਦਾ ਸੀ । ਬਿੱਲੀ ਨੂੰ ਸਾਹਮਣੇ ਵੇਖ ਕੇ ਕਬੂਤਰ ਦੀ ਤਰ੍ਹਾਂ ਅੱਖਾਂ ਬੰਦ ਰੱਖੀ ਬੈਠੇ ਦੇਸ਼ ’ਤੇ ਰਾਜ ਕਰਨ ਵਾਲੇ ਜਾਣਦੇ ਹਨ ਕਿ ਦੇਸ਼ ਵਿੱਚ ਬਹੁਤ ਸਾਰੇ ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਰੁਜ਼ਗਾਰ ਮੁਖੀ ਸਿੱਖਿਆ ਦੇਣ ਵਾਲੇ ਕਾਲਜਾਂ ਵਿੱਚ ਦਾਖ਼ਲਾ ਲੈਣ ਲਈ ਮੋਟੀ ਰਕਮ ਦੇਣੀ ਪੈਂਦੀ ਹੈ । ਕੀ ਸਰਕਾਰਾਂ ਇਹ ਨਹੀਂ ਜਾਣਦੀਆਂ ਕਿ ਅੱਜ ਵੀ ਜਿਨ੍ਹਾਂ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ ਸਰਕਾਰ ਨੇ ਮਾਨਤਾ ਦਿੱਤੀ ਹੋਈ ਹੈ, ਉੱਥੇ ਐਮ.ਬੀ.ਬੀ.ਐਸ ਅਤੇ ਐਮ.ਡੀ. ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀਆਂ ਦੇ ਮਾਤਾ-ਪਿਤਾ ਦੀ ਕਮਾਈ ਦਾ ਵੱਡਾ ਹਿੱਸਾ ਦੇਣਾ ਪੈਂਦਾ ਹੈ । ਇਹ ਵੀ ਸਾਰੇ ਹੀ ਜਾਣਦੇ ਹਨ ਕਿ ਇਹ ਧਨ ਬੋਲਚਾਲ ਦੀ ਭਾਸ਼ਾ ਵਿੱਚ ਕਾਲਾ ਧਨ ਕਿਹਾ ਜਾ ਸਕਦਾ ਹੈ । ਜਦ ਕਾਲੇ ਧਨ ਦਾ ਏਨਾ ਫੈਲਾਅ ਹੋਵੇਗਾ ਅਤੇ ਕਾਲੇ ਧਨ ਦੇ ਆਸਰੇ ਹੀ ਸਾਡੀ ਨਵੀਂ ਪੀੜ੍ਹੀ ਆਪਣਾ ਭਵਿੱਖ ਬਣਾਉਣ ਦੇ ਲਈ ਮਜਬੂਰ ਹੋਵੇਗੀ ਤਾਂ ਉਸ ਤੋਂ ਦੇਸ਼ ਦਾ ਚੰਗਾ ਭਵਿੱਖ ਬਣਾਉਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ? ਗਲੀ-ਗਲੀ ਵਿੱਚ ਖੁੱਲ੍ਹੇ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਤੋਂ ਕਦੀ ਕਿਸੇ ਨੇ ਉਨ੍ਹਾਂ ਦਾ ਦਰਦ ਪੁੱਛਿਆ ਕਿ ਉਨ੍ਹਾਂ ਨੂੰ ਕੈਪੀਟੇਸ਼ਨ ਫੀਸ ਦੇ ਨਾਂ ’ਤੇ ਕਿੰਨੀ ਰਕਮ ਦੇਣੀ ਪਈ ਅਤੇ ਉਸ ਤੋਂ ਇਕ ਸਾਲ ਵਿੱਚ ਲੱਖ ਰੁਪਏ ਤੋਂ ਜ਼ਿਆਦਾ ਫ਼ੀਸ ਚੰਦੇ ਆਦਿ ਦੇ ਨਾਂ ’ਤੇ ਕਿਉਂ ਲਈ ਜਾਂਦੀ ਹੈ ? ਕੀ ਇਹ ਸਰਕਾਰਾਂ ਨਹੀਂ ਜਾਣਦੀਆਂ ਕਿ ਬਹੁਤ ਸਾਰੇ ਕਾਨੂੰਨ ਦੀ ਡਿਗਰੀ ਦੇਣ ਵਾਲੇ ਕਾਲਜ ਵੀ ਅਜਿਹੇ ਹਨ ਜਿੱਥੇ ਵਿਦਿਆਰਥੀ ਦਾਖ਼ਲਾ ਤਾਂ ਲੈਂਦੇ ਹਨ ਪਰ ਕਾਲਜ ਵਿੱਚ ਸਿਰਫ਼ ਇਮਤਿਹਾਨ ਦੇਣ ਲਈ ਹੀ ਜਾਂਦੇ ਹਨ ? ਅਜਿਹੀਆਂ ਸੰਸਥਾਵਾਂ ਦੇ ਗ੍ਰੈਜੂਏਟ ਦੇਸ਼ ਅਤੇ ਦੇਸ਼ ਵਾਸੀਆਂ ਦੇ ਨਾਲ ਕੀ ਇਨਸਾਫ਼ ਕਰ ਸਕਣਗੇ, ਇਸ ਬਾਰੇ ਕਲਪਨਾ ਕਰਨਾ ਵੀ ਭਿਆਨਕ ਹੈ ।

ਅੱਜ ਪੂਰੇ ਦੇਸ਼ ਵਿੱਚ ਪ੍ਰਾਈਵੇਟ ਕਥਿਤ ਪਬਲਿਕ ਸਕੂਲਾਂ ਦੇ

ਵਿਰੁੱਧ ਰੋਸ ਸੜਕਾਂ 'ਤੇ ਆ ਚੁੱਕਾ ਹੈ। ਮਨਮਰਜ਼ੀ ਵਾਲੀ ਫ਼ੀਸ, ਚੰਦੇ ਅਤੇ ਹੋਰ ਅਨੇਕ ਨਾਵਾਂ 'ਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਲੁੱਟਿਆ ਜਾ ਰਿਹਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਬਿਲਡਿੰਗ ਫੰਡ ਦੇ ਨਾਂ 'ਤੇ ਲਏ ਜਾ ਰਹੇ ਚੰਦੇ ਨਾਲ ਮਾਲਕਾਂ ਅਤੇ ਪ੍ਰਬੰਧਕਾਂ ਦੇ ਆਪਣੇ ਆਲੀਸ਼ਾਨ ਭਵਨ ਬਣਦੇ ਹਨ। ਹੋਰ ਖੇਦ ਵਾਲੀ ਗੱਲ ਤਾਂ ਇਹ ਹੈ ਕਿ ਇਕ ਹੀ ਸਕੂਲ ਵਿੱਚ 12 ਸਾਲ ਤਕ ਸਿੱਖਿਆ ਪ੍ਰਾਪਤ ਕਰਨ ਵਾਲੇ ਬੱਚੇ ਨੂੰ 12 ਵਾਰ ਹੀ ਦਾਖ਼ਲਾ ਖ਼ਰਚ ਦੇਣਾ ਪੈਂਦਾ ਹੈ। ਕੀ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ ਅਤੇ ਸਰਕਾਰਾਂ ਨੂੰ ਇਹ ਯਾਦ ਨਹੀਂ ਕਿ ਕੁਝ ਸਾਲ ਪਹਿਲਾਂ ਤਕ ਸਕੂਲ ਵਿੱਚ ਦਾਖ਼ਲਾ ਇਕ ਵਾਰ ਹੀ ਹੁੰਦਾ ਸੀ। ਇਸ ਢਾਂਚੇ ਦੇ ਪਿੱਛੇ ਕਦੀ ਨਾ ਮਿਟਣ ਵਾਲੀ ਪੈਸੇ ਦੀ ਭੁੱਖ ਅਤੇ ਬੱਚਿਆਂ ਦੇ ਮਾਤਾ-ਪਿਤਾ ਦਾ ਸ਼ੋਸ਼ਣ ਮੌਜੂਦ ਹੈ। ਇਸੇ ਕਾਰਨ ਸਿੱਖਿਆ ਦੇ ਨਾਂ 'ਤੇ ਸਮਾਜ ਵਿੱਚ ਜੋ ਡੂੰਘਾ ਵਰਗ ਭੇਦ ਹੋ ਗਿਆ ਹੈ, ਉਸ ਨੇ ਤਾਂ ਜਾਤੀ ਅਧਾਰਤ ਭੇਦਭਾਵ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਜਿਹੜੇ ਬਹੁਤ ਹੀ ਗ਼ਰੀਬ ਲੋਕ ਹਨ ਜ਼ਿਆਦਾਤਰ ਉਹ ਸਰਕਾਰੀ ਸਕੂਲਾਂ ਵਿੱਚ ਬੱਚੇ ਭੇਜਦੇ ਹਨ। ਸਚਾਈ ਇਹ ਹੈ ਕਿ ਅੱਧੇ ਭਰੇ ਪੇਟ ਨਾਲ ਜੀਵਨ ਬਤੀਤ ਕਰਨ ਵਾਲਾ ਵਿਅਕਤੀ ਵੀ ਇਹ ਚਾਹੁੰਦਾ ਹੈ ਕਿ ਉਸ ਦਾ ਬੱਚਾ ਚੰਗੀ ਸਿੱਖਿਆ ਪ੍ਰਾਪਤ ਕਰਕੇ ਉਸ ਦਾ ਅਤੇ ਆਪਣਾ ਭਵਿੱਖ ਸਵਾਰੇ। ਜੇਕਰ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਸੁਧਰ ਜਾਵੇ, ਅਧਿਆਪਕ ਪੂਰੇ ਹੋਣ ਤਾਂ ਦੇਸ਼ ਦਾ ਗ਼ਰੀਬ ਵਰਗ ਆਪਣੇ ਬੱਚੇ ਨੂੰ ਸਰਕਾਰੀ ਸਕੂਲਾਂ ਵਿੱਚ ਭੇਜ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹੀਂ ਦਿਨੀਂ ਪੰਜਾਬ ਸਰਕਾਰ ਇਹ ਚਿੰਤਾ ਕਰ ਰਹੀ ਹੈ ਕਿ ਬਿਨਾਂ ਫ਼ੀਸ ਰੋਟੀ ਦੇ ਕੇ, ਕਾਪੀ ਕਿਤਾਬ ਦੇ ਕੇ ਪੜ੍ਹਨ ਦੀ ਸਹੂਲਤ ਦੇਣ ਤੋਂ ਬਾਅਦ ਵੀ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘੱਟ ਕਿਉਂ ਹੋ ਰਹੀ ਹੈ। ਸਰਕਾਰ ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਬੱਚਿਆਂ ਦੀ ਲੋੜ ਕੇਵਲ ਰੋਟੀ ਅਤੇ ਕਦੀ-ਕਦੀ ਮਿਲ ਜਾਣ ਵਾਲੀ ਵਰਦੀ ਨਹੀਂ, ਚੰਗੇਰੀ ਸਿੱਖਿਆ ਵੀ ਹੈ। ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿੱਚ ਕਮਰੇ ਨਹੀਂ, ਪਖ਼ਾਨੇ ਨਹੀਂ, ਸਫ਼ਾਈ ਦਾ ਪ੍ਰਬੰਧ ਨਹੀਂ, ਬਿਜਲੀ ਦਾ ਕਿਰਾਇਆ ਸਰਕਾਰ ਦੇਣ ਲਈ ਤਿਆਰ ਨਹੀਂ ਅਤੇ ਬਹੁਤ ਕੁਝ ਅਜਿਹਾ ਹੈ ਜੋ ਸਿੱਖਿਆ ਦੇ ਮੰਦਰ ਵਿੱਚ ਹੋਣਾ ਚਾਹੀਦਾ ਹੈ, ਪਰ ਉੱਥੇ ਮਿਲਦਾ ਨਹੀਂ ਹੈ। ਇਹ ਤਰਸਯੋਗ ਹਾਲਤ ਹੈ ਕਿ ਜਿਨ੍ਹਾਂ ਅਧਿਆਪਕਾਂ ਤੋਂ ਦੇਸ਼ ਦੇ ਭਵਿੱਖ



ਨਿਰਮਾਣ ਦੀ ਆਸ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚ ਜ਼ਿਆਦਾਤਰ ਦਾ ਠੇਕੇ ਦੀ ਨੌਕਰੀ ਕਰਦੇ-ਕਰਦੇ ਵਰਤਮਾਨ ਵੀ ਤਰਸਯੋਗ ਹੋ ਗਿਆ ਹੈ, ਜਿਸ ਦੇ ਲਈ ਉਹ ਸੜਕਾਂ 'ਤੇ ਅੰਦੋਲਨ ਕਰਦੇ ਅਤੇ ਪੁਲਿਸ ਦੇ ਡੰਡੇ ਵੀ ਖਾਂਦੇ ਹਨ।

ਇਹ ਠੀਕ ਹੈ ਕਿ ਸਿੱਖਿਆ ਦਾ ਪ੍ਰਬੰਧ ਰਾਜਾਂ ਦਾ ਵਿਸ਼ਾ ਹੈ, ਪਰ ਰਾਜ ਵੀ ਤਾਂ ਦੇਸ਼ ਦੇ ਹੀ ਹਨ। ਜ਼ਰੂਰੀ ਇਹ ਹੈ ਕਿ ਭਾਰਤ ਸਰਕਾਰ ਇਕ ਕੌਮੀ ਸਿੱਖਿਆ ਨੀਤੀ ਤੈਅ ਕਰੇ ਅਤੇ ਪੂਰੇ ਦੇਸ਼ ਵਿੱਚ ਰਾਜ ਸਰਕਾਰਾਂ ਵੱਲੋਂ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਲਾਗੂ ਵੀ ਕਰਵਾਏ। ਯਾਦ ਰੱਖਣਾ ਹੋਵੇਗਾ ਕਿ ਸਿੱਖਿਆ ਸੰਸਥਾਵਾਂ ਦੀ ਲੁੱਟ, ਕੈਪੀਟੇਸ਼ਨ ਫੀਸ ਦੇ ਨਾਂ 'ਤੇ ਸ਼ਰੇਆਮ ਡਾਕਾ, ਕਾਲਜਾਂ ਤੋਂ ਮਹੀਨਿਆਂ ਤਕ ਦੂਰ ਰਹਿ ਕੇ ਕੇਵਲ ਡਿਗਰੀ ਲਈ ਸੰਸਥਾ ਨੂੰ ਫ਼ੀਸ ਦੇਣ ਵਾਲੇ ਲੋਕਾਂ ਦੀ ਭੀੜ ਦੇਸ਼ ਨੂੰ ਅੱਗੇ ਨਹੀਂ ਜਾਣ ਦੇਵੇਗੀ।

-ਸਾਬਕਾ ਕੈਬਨਿਟ ਮੰਤਰੀ, ਪੰਜਾਬ।

(ਰੋਜ਼ਾਨਾ ਅਜੀਤ 03-05-2016 'ਚੋਂ ਧੰਨਵਾਦ ਸਹਿਤ !

# ਸਿੱਖਿਆ ਦੇ ਮਿਆਰ ਇਹੀ ਰਹੇ ਤਾਂ ਵਿਕਾਸ ਕਿਵੇਂ ਹੋਵੇਗਾ ?

**ਟੀ. ਜੇ. ਐਸ. ਜਾਰਜ**

ਇਹ ਇੱਕ ਸੱਚੀ ਕਹਾਣੀ ਹੈ ਅਤੇ ਇਸ ਤੋਂ ਸਾਨੂੰ ਸਾਰਿਆਂ ਨੂੰ ਚਿੰਤਤ ਹੋਣਾ ਚਾਹੀਦਾ ਹੈ, ਕਿਉਂਕਿ ਇਹ ਦਰਸਾਉਂਦੀ ਹੈ ਕਿ ਕਿਵੇਂ ਪੜ੍ਹੇ-ਲਿਖੇ ਅਤੇ ਯੋਗ ਭਾਰਤੀਆਂ ਨੂੰ ਸਾਡੇ ਅਕੁਸ਼ਲਤਾ ਭਰੇ ਪ੍ਰਬੰਧ ਹੱਥੋਂ ਦੁਸ਼ਵਾਰੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ । ਇਸ ਮਾਮਲੇ ਵਿੱਚ ਇਕ ਯੂਨੀਵਰਸਿਟੀ ਦੀ ਅਕੁਸ਼ਲਤਾ ਸਾਹਮਣੇ ਆਈ ਹੈ । ਇਕ ਨੌਜਵਾਨ ਨੇ ਸੰਬੰਧਿਤ ਯੂਨੀਵਰਸਿਟੀ ਤੋਂ ਬੀ.ਬੀ.ਏ. (ਬੈਚਲਰ ਆਫ ਬਿਜ਼ਨੈਸ ਐਡਮਿਨਿਸਟ੍ਰੇਸ਼ਨ) ਦੀ ਡਿਗਰੀ ਪੂਰੀ ਕੀਤੀ । ਇਸ ਸੰਬੰਧੀ ਜਾਰੀ ਹੋਏ ਆਰਜ਼ੀ ਸਰਟੀਫਿਕੇਟ ਦੇ ਆਧਾਰ ’ਤੇ ਉਸ ਨੂੰ ਬਹਿਰੀਨ ਵਿੱਚ ਨੌਕਰੀ ਵੀ ਮਿਲ ਗਈ ਪਰ ਕੰਪਨੀ ਵੱਲੋਂ ਕਿਹਾ ਗਿਆ ਕਿ ਉਹ ਛੇਤੀ ਤੋਂ ਛੇਤੀ ਆਪਣਾ ਅਸਲ ਡਿਗਰੀ ਸਰਟੀਫਿਕੇਟ ਪੇਸ਼ ਕਰ ਦੇਵੇ । ਨੌਜਵਾਨ ਲਈ ਇਹ ਕੋਈ ਚਿੰਤਾ ਵਾਲੀ ਗੱਲ ਨਹੀਂ ਸੀ, ਕਿਉਂਕਿ ਉਹ ਪਹਿਲਾਂ ਹੀ ਅਸਲ ਸਰਟੀਫਿਕੇਟ ਹਾਸਲ ਕਰਨ ਲਈ ਅਰਜ਼ੀ ਦੇ ਚੁੱਕਾ ਸੀ । ਪਰ ਹੋਇਆ ਇਹ ਕਿ ਯੂਨੀਵਰਸਿਟੀ ਨੇ ਮਹੀਨਿਆਂ ਤਕ ਕੋਈ ਜਵਾਬ ਹੀ ਨਾ ਦਿੱਤਾ । ਫਰਾਡ ਦਾ ਸ਼ੱਕ ਪ੍ਰਗਟਾਉਂਦਿਆਂ ਬਹਿਰੀਨ ਦੀ ਕੰਪਨੀ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ।

ਨੌਜਵਾਨ ਆਪਣੇ ਦੇਸ਼ ਪਰਤ ਆਇਆ ਅਤੇ ਅਸਲੀ ਡਿਗਰੀ ਸਰਟੀਫਿਕੇਟ ਹਾਸਲ ਕਰਨ ਲਈ ਮੁੜ ਅਰਜ਼ੀ ਦਿੱਤੀ । ਇਸ ਵਾਰ ਉਸ ਨੂੰ ਡਿਗਰੀ ਤਾਂ ਮਿਲ ਗਈ ਪਰ ਬੀ.ਬੀ.ਏ. ਦੀ ਥਾਂ ਬੀ. ਕਾਮ ਦੀ ਡਿਗਰੀ ਦਾ ਸਰਟੀਫਿਕੇਟ ਸੀ । ਉਸ ਨੇ ਨਵੇਂ ਸਿਰਿਉਂ ਅਰਜ਼ੀ ਦਿੱਤੀ ਕਿ ਡਿਗਰੀ ਸਰਟੀਫਿਕੇਟ ਸਹੀ ਕੀਤਾ ਜਾਵੇ । ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਾਮਲੇ ਦੀ ਪੈਰਵੀ ਕਰਨ ਲਈ ਕਿਹਾ ਅਤੇ ਖ਼ੁਦ ਕਤਰ ਚਲਾ ਗਿਆ, ਜਿੱਥੇ ਉਸ ਨੇ ਇਕ ਹੋਰ ਨੌਕਰੀ ਲਈ ਅਰਜ਼ੀ ਦਿੱਤੀ ਹੋਈ ਸੀ । ਕਤਰ ਵਿੱਚ ਵੀ ਉਸ ਨੂੰ ਇਸ ਸ਼ਰਤ ’ਤੇ ਨਿਯੁਕਤ ਕਰ ਲਿਆ ਗਿਆ ਕਿ ਉਹ ਬਿਨਾਂ ਕਿਸੇ ਦੇਰੀ ਤੋਂ ਬੀ.ਬੀ.ਏ. ਦੀ ਅਸਲ ਡਿਗਰੀ ਪੇਸ਼ ਕਰ ਦੇਵੇਗਾ । ਉਸ ਦੇ ਪਰਿਵਾਰਕ ਮੈਂਬਰ ਯੂਨੀਵਰਸਿਟੀ ਤੋਂ ਬੀ.ਬੀ.ਏ ਦੀ ਡਿਗਰੀ ਹਾਸਲ



ਕਰਨ ’ਚ ਸਫਲ ਰਹੇ ਅਤੇ ਉਨ੍ਹਾਂ ਨੇ ਡਾਕ ਰਾਹੀਂ ਇਹ ਨੌਜਵਾਨ ਕੋਲ ਭੇਜ ਦਿੱਤੀ । ਨੌਜਵਾਨ ਨੇ ਜਦੋਂ ਡਿਗਰੀ ਆਪਣੇ ਰੁਜ਼ਗਾਰ-ਦਾਤਿਆਂ ਕੋਲ ਪੇਸ਼ ਕੀਤੀ ਤਾਂ ਪਤਾ ਲੱਗਾ ਕਿ ਯੂਨੀਵਰਸਿਟੀ ਨੇ ਸਿਰਫ਼ ਬੀ.ਕਾਮ ਸ਼ਬਦ ਕੱਟ ਕੇ ਉਸ ਦੀ ਥਾਂ ਬੀ.ਬੀ.ਏ. ਲਿਖ ਦਿੱਤੀ ਸੀ ਪਰ ਸਰਟੀਫਿਕੇਟ ਦੇ ਉੱਪਰ ਮੋਟੇ ਅੱਖਰਾਂ ’ਚ ਜੋ ਡਿਗਰੀ ਦਾ ਨਾਂ ਛਪਿਆ ਹੋਇਆ ਸੀ, ਉੱਥੇ ਬੈਚਲਰ ਆਫ਼ ਕਾਮਰਸ ਹੀ ਰਹਿਣ ਦਿੱਤਾ ਗਿਆ ਸੀ । ਕਤਰ ਦੀ ਕੰਪਨੀ ਨੇ ਇਹੀ ਸਿੱਟਾ ਕੱਢਿਆ ਕਿ ਉਨ੍ਹਾਂ ਵੱਲੋਂ ਭਰਤੀ ਕੀਤਾ ਗਿਆ ਉਮੀਦਵਾਰ ਉਨ੍ਹਾਂ ਨਾਲ ਹੇਰਾਫੇਰੀ ਕਰ ਰਿਹਾ ਹੈ ਅਤੇ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ । ਯੂਨੀਵਰਸਿਟੀ ਦੇ ‘ਕਲੈਰੀਕਲ ਗੁਨਾਹਾਂ’’ ਕਰਕੇ ਇਕ ਨੌਜਵਾਨ ਦੋ ਬੇਹੱਦ ਅਹਿਮ ਨੌਕਰੀਆਂ ਗੁਆ ਬੈਠਾ ।

ਕੇਰਲਾ ਦੀ ਕਾਲੀਕਟ ਯੂਨੀਵਰਸਿਟੀ ਵੱਲੋਂ ਇਸ ਸਾਲ ਕੀਤੀ ਗਈ ਇਹੀ ਇਕੱਲੀ ਬਦਤਮੀਜ਼ੀ ਵਾਲੀ ਹਰਕਤ ਨਹੀਂ ਸੀ । (ਇਹ ਸ਼ਾਇਦ ਦੇਸ਼ ਦੀ ਇਕੋ-ਇਕ ਅਜਿਹੀ ਯੂਨੀਵਰਸਿਟੀ ਹੈ, ਜਿੱਥੋਂ ਦੇ ਉਪ-ਕੁਲਪਤੀ ਦਾ ਵਿਦਿਆਰਥੀਆਂ ਵੱਲੋਂ ਖੁੱਲ੍ਹੇਆਮ ਬਾਈਕਾਟ ਕੀਤਾ ਗਿਆ ਹੈ। ਜਦੋਂ ਵੀ ਯੂਨੀਵਰਸਿਟੀ ’ਚ ਹੋਣ ਵਾਲੇ ਕਿਸੇ ਸਮਾਗਮ ਦੌਰਾਨ ਉਹ ਭਾਸ਼ਣ ਲਈ ਉੱਠਦਾ ਹੈ ਤਾਂ ਵਿਦਿਆਰਥੀ ਸਮੂਹਿਕ ਤੌਰ ’ਤੇ ਉੱਠ ਕੇ ਹਾਲ ’ਚੋਂ ਬਾਹਰ ਚਲੇ ਜਾਂਦੇ ਹਨ, ਜਦੋਂ ਭਾਸ਼ਣ ਖ਼ਤਮ ਕਰ ਲੈਂਦਾ ਹੈ ਤਾਂ ਵਾਪਸ ਪਰਤ ਆਉਂਦੇ ਹਨ। ਪਿਛਲੇ ਮਹੀਨੇ ਬੀ.ਐਸ.ਸੀ. ਨਰਸਿੰਗ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵੱਲੋਂ ਐਮ.ਬੀ.ਬੀ.ਐਸ. ਦੀਆਂ ਡਿਗਰੀਆਂ ਦੇ ਦਿੱਤੀਆਂ ਗਈਆਂ । ਅਧਿਕਾਰੀਆਂ ਨੇ ਇਸ ਲਈ ਕੰਪਿਊਟਰ ਦੀ ਗ਼ਲਤੀ ਨੂੰ ਜ਼ਿੰਮੇਵਾਰ ਠਹਿਰਾਇਆ, ਪਰ ਹਰ ਕੋਈ ਜਾਣਦਾ ਹੈ ਕਿ ਅਜਿਹਾ ਉਪ ਕੁਲਪਤੀ ਵੱਲੋਂ ਲਾਗੂ ਕੀਤੇ ਗਏ ਇਕ ‘ਸੁਧਾਰ’ ਕਾਰਨ ਹੋਇਆ । ਉਪ-ਕੁਲਪਤੀ ਵੱਲੋਂ ਅਸਲ ਵਿੱਚ ਡਿਗਰੀਆਂ ਦੀ ਦੋ ਪੜਾਵਾਂ ’ਤੇ ਜਾਂਚ ਹੋਣ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਨਵੇਂ ਪ੍ਰਬੰਧ ਤਹਿਤ ਡਿਗਰੀ ’ਤੇ ਦਸਤਖ਼ਤ ਹੋਣ ਤੋਂ ਬਾਅਦ ਉਸ ਦੀ ਦੁਬਾਰਾ ਕੋਈ ਜਾਂਚ ਨਹੀਂ ਹੁੰਦੀ ।

ਕਾਲੀਕਟ ਯੂਨੀਵਰਸਿਟੀ ਦੇ ਉਕਤ ਮਾਮਲੇ ਤੋਂ ਕੁਝ ਦਿਨਾਂ ਬਾਅਦ ਹੀ ਕੇਰਲਾ ਵਿੱਚ ਦਸਵੀਂ ਜਮਾਤ ਨਾਲ ਜੁੜਿਆ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਜਿਸ ਨੇ ਸਾਬਤ ਕਰ ਦਿੱਤਾ ਕਿ ਕੋਈ ਸਰਕਾਰ ਕਿੰਨੀ

ਗ਼ੈਰ-ਜ਼ਿੰਮੇਵਾਰ ਹੋ ਸਕਦੀ ਹੈ । ਸਿੱਖਿਆ ਮੰਤਰੀ ਵੱਲੋਂ ਦਸਵੀਂ ਦੇ ਨਤੀਜੇ ਐਲਾਨੇ ਗਏ । ਫਿਰ ਛੇਤੀ ਬਾਅਦ ਇਹ ਮੰਨਦਿਆਂ ਉਨ੍ਹਾਂ ਨੂੰ ਵਾਪਸ ਲੈ ਲਿਆ ਗਿਆ ਕਿ ਨਤੀਜੇ ਤਿਆਰ ਕਰਨ 'ਚ ਗੰਭੀਰ ਗ਼ਲਤੀਆਂ ਹੋਈਆਂ ਹਨ। ਰਾਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਕਿ ਐਲਾਨੇ ਗਏ ਨਤੀਜੇ ਵਾਪਸ ਲੈ ਕੇ ਨਵੇਂ ਸਿਰਿਉਂ ਫਿਰ ਨਤੀਜੇ ਐਲਾਨੇ ਗਏ । ਇਸ ਸਾਰੇ ਅਮਲ ਦੌਰਾਨ ਅੱਧਾ ਲੱਖ ਤੋਂ ਵਧੇਰੇ ਵਿਦਿਆਰਥੀਆਂ ਦਾ ਕੈਰੀਅਰ ਸ਼ੁਰੂਆਤ ਵੇਲੇ ਹੀ ਸੰਕਟ ਦੇ ਬੱਦਲਾਂ 'ਚ ਘਿਰ ਗਿਆ । ਮੰਤਰੀ ਵੱਲੋਂ ਵੀ ਸੁਭਾਵਿਕ ਤੌਰ 'ਤੇ ਕੰਪਿਊਟਰ ਸਾਫਟਵੇਅਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਪਰ ਕਾਲੀਕਟ ਯੂਨੀਵਰਸਿਟੀ ਵਾਂਗ ਇੱਥੇ ਵੀ ਕੰਪਿਊਟਰ ਦੀ ਨਹੀਂ, ਸਗੋਂ ਅਧਿਕਾਰੀਆਂ ਦੀ ਮਾੜੀ ਕਾਰਗੁਜ਼ਾਰੀ ਨੇ ਹੀ ਗੜਬੜ ਕੀਤੀ ਸੀ । ਸਿੱਖਿਆ ਮੰਤਰੀ ਅਸਲ ਵਿੱਚ ਦੋ ਚੀਜ਼ਾਂ ਚਾਹੁੰਦੇ ਸਨ—ਇਕ ਨਤੀਜੇ ਛੇਤੀ ਤੋਂ ਛੇਤੀ ਐਲਾਨਣੇ ਅਤੇ ਦੂਜਾ ਪਾਸ ਪ੍ਰਤੀਸ਼ਤ ਨੂੰ ਜਿੰਨਾ ਹੋ ਸਕੇ ਵਧਾਉਣਾ । ਦਸਵੀਂ ਦਾ ਨਤੀਜਾ ਇਮਤਿਹਾਨਾਂ ਤੋਂ ਸਿਰਫ਼ 18 ਦਿਨ ਬਾਅਦ ਐਲਾਨ ਦਿੱਤਾ ਗਿਆ । ਇਸ ਦਾ ਭਾਵ ਸੀ ਕਿ ਅਧਿਆਪਕਾਂ ਨੇ ਕਾਹਲੀ ਨਾਲ ਲੱਖਾਂ ਪੇਪਰ ਚੈੱਕ ਕੀਤੇ । ਸਮੇਂ ਅਤੇ ਪੇਪਰਾਂ ਦੀ ਗਿਣਤੀ ਦੇ ਹਿਸਾਬ ਨਾਲ ਇਕ ਪੇਪਰ ਦੇ ਹਿੱਸੇ ਮਸਾਂ 5 ਮਿੰਟ ਆਏ । ਮੰਤਰੀ ਸਾਹਿਬ 97.99 ਫ਼ੀ ਸਦੀ ਪਾਸ ਪ੍ਰਤੀਸ਼ਤ ਹਾਸਲ ਕਰਨ ਵਿੱਚ ਵੀ ਸਫਲ ਰਹੇ । ਅਜਿਹਾ ਕਰਨ ਲਈ ਪੈਂਤੜੇ ਇਹ ਅਪਣਾਏ ਗਏ ਕਿ ਸਵਾਲਾਂ ਨੂੰ ਸਿਲੇਬਸ ਤੋਂ ਬਾਹਰ ਕਹਿ ਕੇ ਉਨ੍ਹਾਂ ਦੀ ਥਾਂ ਵੱਖਰੇ ਨੰਬਰ ਦੇਣ ਦੇ ਨਾਲ ਹੋਰ ਕੁਸ਼ਲਤਾਵਾਂ ਲਈ ਵੀ ਵੱਖਰੇ ਨੰਬਰ ਦਿੱਤੇ ਗਏ ।

ਆਖਰ ਉਹ ਅਜਿਹੀ ਜੁਗਾੜਬਾਜ਼ੀ ਨੂੰ ਉਤਸ਼ਾਹਿਤ ਕਿਉਂ ਕਰ ਰਹੇ ਸਨ ? ਛਪੀਆਂ ਹੋਈਆਂ ਰਿਪੋਰਟਾਂ ਦਾ ਕਹਿਣਾ ਹੈ ਕਿ ਅਜਿਹਾ ਭ੍ਰਿਸ਼ਟਾਚਾਰ ਕਾਰਨ ਹੈ । ਇਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਰਕਾਰ ਵੱਲੋਂ ਨਵੇਂ ਵਿੱਦਿਅਕ ਵਰ੍ਹੇ ਤੋਂ +2 ਦੇ 700 ਨਵੇਂ ਬੈਚ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ । ਸੋ, ਇਨ੍ਹਾਂ ਬੈਚਾਂ ਦੀਆਂ ਸੀਟਾਂ ਭਰਨ ਲਈ ਦਸਵੀਂ ਦੇ ਨਤੀਜਿਆਂ ਦੀ ਪਾਸ ਪ੍ਰਤੀਸ਼ਤ ਉੱਚੀ ਰਹਿਣੀ ਜ਼ਰੂਰੀ ਸੀ । ਸਵਾਲ ਪੁੱਛਿਆ ਜਾ ਸਕਦਾ ਹੈ ਕਿ ਇਸ ਵਿੱਚ ਭ੍ਰਿਸ਼ਟਾਚਾਰ ਕੀ ਹੋਇਆ ? ਪਰ ਰਿਪੋਰਟਾਂ ਦਾ ਕਹਿਣਾ ਹੈ ਕਿ ਸਕੂਲਾਂ ਵਿੱਚ ਦਾਖ਼ਲਿਆਂ ਵੇਲੇ ਵਿਦਿਆਰਥੀਆਂ ਕੋਲੋਂ



ਵੱਡੀਆਂ ਕੈਪੀਟੇਸ਼ਨ' ਫ਼ੀਸਾਂ ਵਸੂਲੀਆਂ ਜਾਣੀਆਂ ਹਨ। ਅਜਿਹਾ ਪ੍ਰਬੰਧ ਕੀਤਾ ਗਿਆ ਹੈ ਕਿ ਇਕੱਠੀ ਹੋਣ ਵਾਲੀ ਰਕਮ ਸਕੂਲ ਪ੍ਰਬੰਧਕਾਂ, ਮੰਤਰੀਆਂ ਅਤੇ ਪਾਰਟੀ ਆਗੂਆਂ ਵਿੱਚ ਬਰਾਬਰ ਵੰਡੀ ਜਾਵੇ ।

ਇਹ ਸਾਰਾ ਕੁਝ ਕੇਰਲਾ ਵਿੱਚ ਹੋ ਰਿਹਾ ਹੈ, ਜੋ ਦੇਸ਼ ਦੀਆਂ ਸਭ ਤੋਂ ਰਸ਼ਕਯੋਗ ਵਿੱਦਿਅਕ ਰਵਾਇਤਾਂ ਵਾਲਾ ਸੂਬਾ ਹੈ। ਵਿੱਦਿਅਕ ਪੱਖੋਂ ਇਕ ਹੋਰ ਉੱਨਤ ਸੂਬੇ ਕਰਨਾਟਕ ਵਿੱਚ ਪਿਛਲੇ ਹਫ਼ਤੇ ਵਿੱਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਕਰਕੇ ਸੜਕਾਂ 'ਤੇ ਪ੍ਰਦਰਸ਼ਨ ਕਰਨਾ ਪਿਆ ਕਿ ਪੇਪਰ ਜਾਂਚਣ ਦੀਆਂ ਗ਼ਲਤੀਆਂ ਕਰਕੇ ਪੀ.ਯੂ.ਸੀ. ਦੇ ਨਤੀਜੇ 'ਚ ਵਿਦਿਆਰਥੀਆਂ ਦੇ ਨੰਬਰ ਬੇਹੱਦ ਘੱਟ ਆਏ ਸਨ । ਇਸ ਤੋਂ ਇਲਾਵਾ ਥੋੜ੍ਹਾ ਸਮਾਂ ਪਹਿਲਾਂ ਬਿਹਾਰ 'ਚ ਖੁੱਲ੍ਹੇਆਮ ਹੁੰਦੀ ਨਕਲ ਦੇ ਸਾਹਮਣੇ ਆਏ ਮਾਮਲਿਆਂ ਦੀ ਗੱਲ ਵੀ ਕਿਸੇ ਨੂੰ ਭੁੱਲੀ ਹੋਈ ਨਹੀਂ । ਅਜਿਹੇ ਹਾਲਾਤ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵਿਸ਼ਵ ਦੀਆਂ ਸਰਬੋਤਮ 200 ਯੂਨੀਵਰਸਿਟੀਆਂ ਵਿੱਚ ਭਾਰਤ ਦੀ ਇਕ ਵੀ ਯੂਨੀਵਰਸਿਟੀ ਸ਼ਾਮਲ ਨਹੀਂ ਹੈ । ਨੇੜ-ਭਵਿੱਖ ਵਿੱਚ ਸੁਧਾਰ ਦੀ ਕੋਈ ਉਮੀਦ ਵੀ ਨਹੀਂ ਰੱਖਣੀ ਚਾਹੀਦੀ । ਸਿੱਖਿਆ ਦੇ ਸਮੁੱਚੇ ਬਜਟ ਵਿੱਚ ਤਕਰੀਬਨ 14,400 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਗਈ ਹੈ ਅਤੇ ਖ਼ੁਦਮੁਖ਼ਤਿਆਰੀ, ਜੋ ਕਿ ਮਿਆਰੀ ਸਿੱਖਿਆ ਦੀ ਜ਼ਰੂਰੀ ਸ਼ਰਤ ਹੁੰਦੀ ਹੈ, ਲਗਾਤਾਰ ਖੁਰਦੀ ਜਾ ਰਹੀ ਹੈ । ਵਿਕਾਸ ? ਮੇਕ ਇਨ ਇੰਡੀਆ ? ਜੇ ਸਿੱਖਿਆ ਦੇ ਮਿਆਰ ਇਸੇ ਤਰ੍ਹਾਂ ਡਿਗਦੇ ਰਹੇ ਤਾਂ ਇਨ੍ਹਾਂ ਸੰਬੰਧੀ ਕੋਈ ਆਸ ਨਹੀਂ ਰੱਖੀ ਜਾ ਸਕਦੀ ।

(ਰੋਜ਼ਾਨਾ ਅਜੀਤ 18-09-2015 'ਚੋਂ ਧੰਨਵਾਦ ਸਹਿਤ !)

# ਹਰ ਵਰਗ ਨੂੰ ਮਿਲੇ ਮਿਆਰੀ ਵਿੱਦਿਆ

**ਗੁਰਿੰਦਰ ਸਿੰਘ**

ਜ਼ਿੰਦਗੀ! ਹਾਲੇ ਤੂੰ ਹੋਰ ਵੀ ਬਹੁਤ ਕੁਝ ਕਰਨਾ ਏ । ਛੋਟੀ ਜਿਹੀ ਜ਼ਿੰਦਗੀ ਪਰ ਸੁਪਨੇ ਬਹੁਤੇ ! ਤਾਹੀਓਂ ਤਾਂ ਪੂਰਾ ਕਰਨ ਵਿੱਚ ਲੱਗੇ ਹੋਏ ਹਾਂ । ਸੁਪਨਿਆਂ ਨੂੰ ਪੂਰਾ ਕਰਦਿਆਂ-ਕਰਦਿਆਂ ਬਹੁਤ ਕੁਝ ਨਵਾਂ ਸਿੱਖਿਆ ਹੈ । ਅੱਜ ਵੀ ਸਿੱਖ ਰਿਹਾ ਹਾਂ । ਮੈਂ ਚਾਹੁੰਦਾ ਹਾਂ ਕਿ ਸਾਰੀ ਜ਼ਿੰਦਗੀ ਹੀ ਸਿੱਖਦਾ ਰਹਾਂ, ਕਿਉਂਕਿ ਜ਼ਿੰਦਗੀ ਸਿੱਖਣ ਦਾ ਹੀ ਤਾਂ ਨਾਂ ਹੈ । ਕਿੰਨੀ ਅਜੀਬ ਗੱਲ ਹੈ ਕਿ ਜਦੋਂ ਜੀਵ ਜਨਮ ਲੈਂਦਾ ਹੈ ਤਾਂ ਸਾਡੇ ਕੋਲ ਸਾਹ ਤਾਂ ਹੁੰਦੇ ਹਨ ਪਰ ਕੋਈ ਨਾਮ ਨਹੀਂ ਹੁੰਦਾ । ਜਦੋਂ ਮਰ ਜਾਂਦੇ ਹਾਂ ਤਾਂ ਨਾਮ ਹੁੰਦਾ ਹੈ ਪਰ ਸਾਹ ਨਹੀਂ । ਬਸ ਦੋਸਤੋ ! ਇਸ ਦੇ ਦੌਰਾਨ ਵਾਲੇ ਸਮੇਂ ਨੂੰ ਹੀ ਜ਼ਿੰਦਗੀ ਕਿਹਾ ਜਾਂਦਾ ਹੈ ।

ਜ਼ਿੰਦਗੀ ਵਿੱਦਿਆ ਤੋਂ ਬਿਨਾਂ ਅਧੂਰੀ ਹੈ । ਵਿੱਦਿਆ ਗ੍ਰਹਿਣ ਕਰਨਾ ਸਭ ਦਾ ਬਰਾਬਰ ਅਧਿਕਾਰ ਹੈ । ਸੋਚਣ ਵਾਲੀ ਗੱਲ ਇਹ ਵੀ ਹੈ ਕਿ ਕੀ ਵਿੱਦਿਆ ਪ੍ਰਾਪਤੀ ਵਿੱਚ ਕਿਸੇ ਨਾਲ ਕੋਈ ਵਿਤਕਰਾ ਤਾਂ ਨਹੀਂ ਹੋ ਰਿਹਾ? ਅੱਜ ਸਾਡੇ ਦੇਸ਼ ਵਿੱਚ ਵਿੱਦਿਆ ਦੋ ਭਾਗਾਂ ਵਿੱਚ ਵੰਡੀ ਜਾ ਚੁੱਕੀ ਹੈ । ਇਕ ਪਾਸੇ ਗ਼ਰੀਬਾਂ ਦੇ ਸਕੂਲ ਹਨ ਅਤੇ ਦੂਸਰੇ ਪਾਸੇ ਅਮੀਰਾਂ ਦੇ, ਜਿਨ੍ਹਾਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਹ ਫ਼ਰਕ ਕਿਉਂ ਹੈ? ਅਮੀਰਾਂ ਦੇ ਸਕੂਲ ਕਿਸੇ ਜੰਨਤ ਤੋਂ ਘੱਟ ਨਹੀਂ ਲੱਗਦੇ ਜਦੋਂਕਿ ਗ਼ਰੀਬਾਂ ਦੇ ਸਕੂਲਾਂ ਨੂੰ ਦੇਖਿਆ ਜਾਵੇ ਤਾਂ ਦੇਖ ਕੇ ਇੰਝ ਲੱਗਦਾ ਹੈ ਜਿਵੇਂ ਕੋਈ ਭੂਤ ਬੰਗਲੇ ਹੋਣ । ਆਓ, ਪਹਿਲਾਂ ਸਰਕਾਰੀ ਸਕੂਲਾਂ ਦੀ ਗੱਲ ਕਰੀਏ ਜਿੱਥੇ ਅੱਜ ਦੇਸ਼ ਦੇ ਗ਼ਰੀਬ ਅਤੇ ਅਤੀ ਗ਼ਰੀਬ ਪਰਿਵਾਰਾਂ ਦੇ ਬੱਚੇ ਪੜ੍ਹ ਰਹੇ ਹਨ । ਇਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਡਿੱਗਿਆ ਹੀ ਨਹੀਂ ਬਲਕਿ ਖ਼ਤਮ ਹੀ ਹੋ ਚੁੱਕਾ ਹੈ। ਇਨ੍ਹਾਂ ਸਕੂਲਾਂ ਵਿੱਚ ਨਾ ਤਾਂ ਬਿਜਲੀ ਦਾ ਕੋਈ ਖ਼ਾਸ ਪ੍ਰਬੰਧ ਹੈ ਨਾ ਪੀਣ ਵਾਲੇ ਸਾਫ਼ ਪਾਣੀ ਦਾ । ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੈ । ਜੇਕਰ ਹਨ ਤਾਂ ਉਨ੍ਹਾਂ ਤੋਂ ਗ਼ੈਰ-ਵਿੱਦਿਅਕ ਕੰਮ ਲਏ ਜਾ ਰਹੇ ਹਨ । ਸਕੂਲਾਂ ਵਿੱਚ ਬਿਨਾਂ ਕਿਤਾਬਾਂ ਤੋਂ ਬੱਚੇ ਕੀ ਪੜ੍ਹਨਗੇ । ਬਹੁਤੇ ਸਕੂਲਾਂ ਦੀਆਂ ਇਮਾਰਤਾਂ ਸਰਕਾਰ ਵੱਲੋਂ ਅਸੁਰੱਖਿਅਤ ਕਰਾਰ ਦਿੱਤੀਆਂ ਗਈਆਂ ਹਨ। ਇਕੱਲੇ ਮੁੱਖ ਮੰਤਰੀ ਦੇ ਜ਼ਿਲ੍ਹੇ ਵਿੱਚ ਹੀ 26 ਸਕੂਲ ਅਸੁਰੱਖਿਅਤ ਹਨ ਤੇ ਪੰਜਾਬ ਵਿੱਚ 1,070 ਸਕੂਲ ਇਕ ਅਧਿਆਪਕ ਵਾਲੇ ਹਨ। ਫਿਰ ਇਹ ਸਕੂਲ ਬੱਚਿਆਂ ਦੀ ਜ਼ਿੰਦਗੀ ਨੂੰ ਕਿਵੇਂ ਸਵਾਰਨਗੇ ਜੋ ਖ਼ੁਦ ਹੀ ਬਿਮਾਰ ਹਨ ।



ਕੀ ਇਸ ਵਿੱਚ ਬੱਚਿਆਂ ਦੇ ਮਾਤਾ-ਪਿਤਾ ਦਾ ਦੋਸ਼ ਹੈ ਜਾਂ ਇਨ੍ਹਾਂ ਬੱਚਿਆਂ ਦਾ ਜਾਂ ਸਰਕਾਰ ਦਾ ? ਦੋਸ਼ੀ ਕੌਣ ਹੈ ? ਇਹ ਸਭ ਦੇਖ ਕੇ ਲੱਗਦਾ ਹੈ ਕਿ ਇਹ ਇਕ ਸੋਚੀ-ਸਮਝੀ ਸਾਜ਼ਸ਼ ਹੈ ਕਿਉਂਕਿ ਪੜ੍ਹੇ-ਲਿਖੇ ਲੋਕ ਆਪਣੇ ਹੱਕ ਮੰਗਣ 'ਤੇ ਉਤਾਰੂ ਹੋਣ ਲੱਗਦੇ ਹਨ । ਜੋਸਿਫ ਸਟਾਲਿਨ ਨੇ ਠੀਕ ਕਿਹਾ ਸੀ, "**ਵਿੱਦਿਆ ਇਕ ਅਹਿਮ ਹਥਿਆਰ ਹੈ। ਇਸ ਦਾ ਅਸਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਹ ਕਿਨ੍ਹਾਂ ਹੱਥਾਂ ਵਿੱਚ ਫੜਿਆ ਹੋਇਆ ਹੈ ਤੇ ਕਿਨ੍ਹਾਂ 'ਤੇ ਤਣਿਆ ਹੋਇਆ ਹੈ ।**"

ਸਿੱਖਿਆ ਸ਼ਾਸਤਰੀ ਜਿੰਨਾ ਮਰਜ਼ੀ ਮਗਜ਼ ਖਪਾਈ ਕਰੀ ਜਾਣ, ਸਰਕਾਰ ਨੂੰ ਕੋਈ ਫ਼ਰਕ ਨਹੀਂ ਪੈਂਦਾ । ਉਸ ਨੇ ਤਾਂ ਆਪਣੀ ਨੀਤੀ ਬਣਾ ਰੱਖੀ ਹੈ ਕਿ ਕਿਸ ਨੂੰ ਕਿਹੋ ਜਿਹੀ ਸਿੱਖਿਆ ਦੇਣੀ ਹੈ । ਸਰਕਾਰ ਦਾ ਇਹੋ ਅੰਤਿਮ ਫ਼ੈਸਲਾ ਹੈ । ਦੂਜੇ ਪੱਖ ਦੀ ਗੱਲ ਕਰੀਏ ਤਾਂ ਅਮੀਰ ਪਰਿਵਾਰ ਜਾਂ ਹਰੇਕ ਉਹ ਵਿਅਕਤੀ ਜੋ ਥੋੜ੍ਹਾ-ਬਹੁਤਾ ਖ਼ਰਚਾ ਕਰ ਸਕਦਾ ਹੈ, ਉਹ ਆਪਣੇ ਬੱਚਿਆਂ ਨੂੰ ਮਹਿੰਗੇ ਸਕੂਲਾਂ 'ਚ ਪੜ੍ਹਾ ਰਿਹਾ ਹੈ ।

ਅੱਜ ਦੀ ਸਿੱਖਿਆ ਨੀਤੀ ਵਿੱਦਿਆ ਦੀ ਜੜ੍ਹ ਨੂੰ ਘੁਣ ਵਾਂਗ ਖਾ ਰਹੀ ਹੈ, ਜਿਸ ਕਾਰਨ ਸਾਡਾ ਦੇਸ਼ ਜੋ ਪਹਿਲਾਂ ਹੀ ਜਾਤੀਵਾਦ ਅਤੇ ਧਰਮ ਦੇ ਨਾਂ ਉੱਤੇ ਵੰਡਿਆ ਹੋਇਆ ਹੈ ਅੱਜ ਉਹ ਵਿੱਦਿਅਕ ਖੇਤਰ ਵਿੱਚ ਵੀ ਵੰਡਿਆ ਜਾ ਚੁੱਕਾ ਹੈ। ਧਰਮ ਦੇ ਨਾਂ 'ਤੇ ਸਰਕਾਰਾਂ ਬਣਾਉਣ ਵਾਲੇ ਇਨ੍ਹਾਂ ਲੀਡਰਾਂ ਨੇ ਆਪਣੀਆਂ ਕੁਰਸੀਆਂ ਨੂੰ ਬਚਾਉਣ ਲਈ ਸਕੂਲੀ ਸਿੱਖਿਆ ਦਾ ਘਾਣ ਕੀਤਾ ਹੈ ਤਾਂ ਜੋ ਗ਼ਰੀਬ ਗ਼ਰੀਬ ਹੀ ਰਹੇ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਾ ਹੋਵੇ। **ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਇਬਰਾਹੀਮ ਲਿੰਕਨ ਨੇ ਕਿਹਾ ਸੀ, 'ਤੁਸੀਂ ਕੁਝ ਲੋਕਾਂ ਨੂੰ ਲਗਾਤਾਰ ਮੂਰਖ ਬਣਾ ਸਕਦੇ ਹੋ, ਸਾਰੇ ਲੋਕਾਂ ਨੂੰ ਕੁਝ ਸਮੇਂ ਲਈ ਮੂਰਖ ਬਣਾ ਸਕਦਾ ਹੈ ਪਰ ਸਾਰੇ ਲੋਕਾਂ ਨੂੰ ਲਗਾਤਾਰ ਮੂਰਖ ਨਹੀਂ ਬਣਾ ਸਕਦੇ ।'** ਅੱਜ ਦੇਸ਼ ਦਾ ਨੌਜਵਾਨ ਜਾਤੀਵਾਦ ਅਤੇ ਧਰਮ ਦੇ ਨਾਂ ਉੱਤੇ ਹੋ ਰਹੇ ਭੇਦਭਾਵ ਤੋਂ ਕੋਹਾਂ ਦੂਰ ਜਾਣਾ ਚਾਹੁੰਦਾ ਹੈ ਪਰ ਸਮੇਂ ਦੀਆਂ ਸਰਕਾਰਾਂ ਉਸ ਨੂੰ ਵੋਟ ਬੈਂਕ ਦੇ ਚੱਕਰਵਿਊ 'ਚੋਂ ਨਿਕਲਣ ਨਹੀਂ ਦੇਣਾ ਚਾਹੁੰਦੀਆਂ, ਤਾਂ ਜੋ ਸਿਆਸੀ ਰੋਟੀਆਂ ਸੇਕੀਆਂ ਜਾਂਦੀਆਂ ਰਹਿਣ । ਗ਼ਰੀਬਾਂ ਨੂੰ ਵੋਟਾਂ ਲਈ ਕੱਚਾ ਮਾਲ ਸਮਝ ਕੇ ਇਨ੍ਹਾਂ ਨੂੰ ਜਿਊਂਦੇ ਰੱਖਣ ਲਈ ਜਿੱਥੇ ਆਟਾ-ਦਾਲ ਅਤੇ ਚੌਲ ਦਿੱਤੇ ਜਾਂਦੇ ਹਨ, ਉੱਥੇ ਹੀ ਦਾਲ ਨੂੰ ਤੜਕਾ ਲਾਉਣ ਲਈ ਤੇਲ ਵੀ ਮੁਹੱਈਆ ਕਰਨ ਬਾਰੇ ਐਲਾਨ ਕਰ ਦਿੱਤਾ ਹੈ ।

ਇਹ ਉਹ ਵੋਟਰ ਹਨ ਜਿਹੜੇ ਹਾਕਮ ਧਿਰ ਦੀ ਕੁਰਸੀ ਨੂੰ ਪੱਕਿਆਂ

ਕਰਨ 'ਚ ਮੁੱਖ ਭੂਮਿਕਾ ਨਿਭਾਉਂਦੇ ਹਨ। ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ। ਹਾਕਮਾਂ ਨੇ ਇਕ ਹੋਰ ਵੀ ਚਾਲ ਚੱਲੀ ਅਤੇ ਸਕੂਲਾਂ ਨੂੰ ਮਜ਼ਦੂਰ ਪੈਦਾ ਕਰਨ ਵਾਲੀ ਫੈਕਟਰੀ ਬਣਾ ਦਿੱਤਾ ਹੈ। ਹਾਕਮਾਂ ਦੀ ਸਭ ਤੋਂ ਮਾਰੂ ਨੀਤੀ ਅੱਠਵੀਂ ਤਕ ਦੀ ਸਿੱਖਿਆ ਨੀਤੀ ਹੈ। ਇਸ ਨੀਤੀ ਨੂੰ ਪ੍ਰਾਈਵੇਟ ਸਕੂਲਾਂ ਨੇ ਖ਼ਾਰਜ ਕਰ ਦਿੱਤਾ ਹੈ, ਤਾਂ ਫਿਰ ਇਹ ਵਿਤਕਰਾ ਗ਼ਰੀਬ ਵਿਦਿਆਰਥੀਆਂ ਨਾਲ ਕਿਉਂ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਸਖ਼ਤੀ ਨਾਲ ਕਿਉਂ ਨਹੀਂ ਪੜ੍ਹਾਇਆ ਜਾਂਦਾ। ਬੱਚੇ ਸਰਕਾਰ 'ਤੇ ਖ਼ੁਦ ਇਹ ਦੋਸ਼ ਲਗਾਉਂਦੇ ਹਨ ਕਿ ਸਿੱਖਿਆ ਦੀ ਮਾੜੀ ਨੀਤੀ ਨੇ ਉਨ੍ਹਾਂ ਦਾ ਭਵਿੱਖ ਖ਼ਤਮ ਕਰ ਦਿੱਤਾ ਹੈ। ਜਦੋਂ ਬਾਲ-ਵਰੇਸ ਵਿੱਚ ਹੀ ਬੱਚਿਆਂ ਦਾ ਭਵਿੱਖ ਖ਼ਤਮ ਹੋ ਗਿਆ ਤਾਂ ਦੇਸ਼ ਦੇ ਭਵਿੱਖ ਦਾ ਕੀ ਬਣੇਗਾ। ਜਦੋਂਕਿ ਨੇਤਾ ਲੋਕ ਹੁੱਬ-ਹੁੱਬ ਕੇ ਇਹ ਕਹਿੰਦੇ ਹਨ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਹਕੀਕਤ ਇਹ ਹੈ ਕਿ ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਹੈ। ਪ੍ਰਾਈਵੇਟ ਸਕੂਲਾਂ 'ਚੋਂ ਪੜ੍ਹ ਕੇ ਆਏ ਵਿਦਿਆਰਥੀ ਨਾਮੀ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਲੈਣ ਲਈ ਪ੍ਰਤੀਯੋਗੀ ਪ੍ਰੀਖਿਆ ਪਾਸ ਕਰ ਲੈਂਦੇ ਹਨ ਪਰ ਸਰਕਾਰੀ ਸਕੂਲਾਂ ਦੇ ਪੜ੍ਹੇ ਪ੍ਰਤੀਯੋਗੀ ਪ੍ਰੀਖਿਆ ਵਿੱਚ ਪੱਛੜ ਜਾਂਦੇ ਹਨ।

ਉਨ੍ਹਾਂ ਦੀ ਪੜ੍ਹਾਈ ਦੇ ਹਾਲਾਤ ਮੈਂ ਪਹਿਲਾਂ ਹੀ ਬਿਆਨ ਕਰ ਚੁੱਕਾ ਹਾਂ, ਖ਼ਾਸ ਕਰ ਕੇ ਪੇਂਡੂ ਵਿਦਿਆਰਥੀ ਜਿਨ੍ਹਾਂ ਦੀ ਯੂਨੀਵਰਸਿਟੀ ਪੱਧਰ ਤਕ ਗਿਣਤੀ ਮਸਾਂ ਹੀ 35 ਫ਼ੀਸਦੀ ਰਹਿ ਗਈ ਹੈ। ਲੋਕਾਂ ਕੋਲ ਹੁਣ ਇਕ ਹੀ ਰਸਤਾ ਹੈ ਕਿ ਉਹ ਆਪਣੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਮਾਜਿਕ ਵਿਕਾਸ ਖ਼ਾਸ ਕਰਕੇ ਮਨੁੱਖਤਾ ਦੇ ਵਿਕਾਸ ਲਈ ਜਵਾਬਦੇਹ ਬਣਾਉਣ। ਆਰਥਿਕ ਵਿਕਾਸ ਇਨ੍ਹਾਂ ਲੋਕਾਂ ਲਈ ਕੋਈ ਮਹਿਨੇ ਨਹੀਂ ਰੱਖਦਾ। ਇਨ੍ਹਾਂ 'ਤੇ ਸਮਾਜਿਕ ਸੁਰੱਖਿਆ ਦੀ ਛਤਰੀ ਤਾਣ ਕੇ ਇਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਜਾਵੇ ਕਿ ਜਾਗਰੂਕ ਲੋਕਾਂ ਦੀ ਤਰ੍ਹਾਂ ਇਨ੍ਹਾਂ ਦੇ ਵੀ ਸੰਵਿਧਾਨਿਕ ਹੱਕ ਬਰਾਬਰ ਦੇ ਹਨ। ਸਰਕਾਰ ਦੀਆਂ ਜਾਂ ਇਹ ਕਹਿ ਲਓ ਕਿ ਕੱਟੜਪੰਥੀ ਸੰਗਠਨਾਂ ਦੀਆਂ ਸਿੱਖਿਆ ਪ੍ਰਤੀ ਆਪਣੀਆਂ ਗ਼ਲਤ ਨੀਤੀਆਂ ਦਾ ਖ਼ਮਿਆਜ਼ਾ ਅਸੀਂ ਪਿਛਲੇ ਹਜ਼ਾਰਾਂ ਸਾਲਾਂ ਤੋਂ ਭੁਗਤਦੇ ਆ ਰਹੇ ਹਾਂ। ਇਨ੍ਹਾਂ ਨੀਤੀਆਂ ਸਦਕਾ ਹੀ ਅੱਜ ਵੀ ਸਾਡੀ ਸਿੱਖਿਆ ਪ੍ਰਣਾਲੀ ਜਾਤੀਵਾਦ ਤੇ ਛੂਤ-ਛਾਤ ਨੂੰ ਖ਼ਤਮ ਨਹੀਂ ਕਰ ਸਕੀ। ਇਸੇ ਕਾਰਨ ਦੇਸ਼ ਵਿੱਚ ਜਾਤੀ ਅਤੇ ਧਰਮ ਦੇ ਨਾਂ 'ਤੇ ਦੰਗੇ-ਫ਼ਸਾਦ ਹੋ ਰਹੇ ਹਨ। ਜੇ ਪੂਰੇ ਦੇਸ਼ ਵਿੱਚ ਸਿੱਖਿਆ ਪ੍ਰਤੀ ਨਿਰਪੱਖ ਅਤੇ ਬਿਨਾਂ ਕਿਸੇ ਭੇਦਭਾਵ ਵਾਲੀ ਨੀਤੀ ਅਪਣਾਈ ਜਾਵੇ ਤਾਂ ਅਸੀਂ ਫਿਰਕੂ



ਦੰਗਿਆਂ ਤੋਂ ਵੀ ਬਚ ਸਕਦੇ ਹਾਂ। ਇਸ ਲਈ ਆਰਥਿਕ ਵਿਕਾਸ ਨਾਲੋਂ ਸਮਾਜਿਕ ਵਿਕਾਸ ਨੂੰ ਤਰਜੀਹ ਦਿੱਤੀ ਜਾਵੇ ਤਾਂ ਹੀ ਮਨੁੱਖਤਾ ਦਾ ਵਿਕਾਸ ਹੋਵੇਗਾ। ਭਾਰਤੀ ਸੰਵਿਧਾਨ ਦੀ ਧਾਰਾ 15 ਵਿੱਚ ਪਾਬੰਦੀ ਲਾਈ ਗਈ ਹੈ ਕਿ ਕਿਸੇ ਨਾਲ ਵੀ ਧਰਮ, ਜਾਤੀ, ਲਿੰਗ, ਨਸਲ ਕਾਰਨ ਭੇਦਭਾਵ ਨਹੀਂ ਕੀਤਾ ਜਾ ਸਕੇਗਾ। ਫਿਰ ਵੀ ਅਸੀਂ ਹਰ ਰੋਜ਼ ਇਸ ਤਰ੍ਹਾਂ ਦੀਆਂ ਖ਼ਬਰਾਂ ਪੜ੍ਹਦੇ ਸੁਣਦੇ ਹਾਂ ਕਿ ਜਿਹੜੀ ਸਿੱਖਿਆ ਚੰਗੇ ਨਾਗਰਿਕ ਪੈਦਾ ਨਹੀਂ ਕਰ ਸਕਦੀ, ਸਮਾਜਿਕ ਸਮਾਨਤਾ ਨਹੀਂ ਦਿਵਾ ਸਕਦੀ, ਯੋਗਤਾ ਅਨੁਸਾਰ ਰੁਜ਼ਗਾਰ ਨਹੀਂ ਦਿਵਾ ਸਕਦੀ, ਜਿਸ ਸਿੱਖਿਆ 'ਚੋਂ ਆਮ ਲੋਕਾਂ ਦਾ ਵਿਸ਼ਵਾਸ ਉੱਠ ਰਿਹਾ ਹੈ, ਉਹ ਸਿੱਖਿਆ ਪ੍ਰਾਪਤ ਕਰਨਾ ਹੀ ਬੇਕਾਰ ਹੈ।

**ਫ਼ਰਾਂਸ ਦੇ ਕ੍ਰਾਂਤੀਕਾਰੀ ਨੇਤਾ ਡੈਂਟਨ ਨੇ ਕਿਹਾ ਸੀ, 'ਭੋਜਨ ਤੋਂ ਮਗਰੋਂ ਸਿੱਖਿਆ ਬੱਚੇ ਦੀ ਪਹਿਲੀ ਲੋੜ ਹੈ।'** ਜੰਮੂ-ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ 30 ਕਰੋੜ ਲੋਕ ਅਜਿਹੇ ਹਨ ਜਿਹੜੇ ਰਾਤ ਨੂੰ ਭੁੱਖੇ ਪੇਟ ਨੀਲੇ ਅਕਾਸ਼ ਹੇਠਾਂ ਜਿੱਥੇ ਕਿਤੇ ਜਗ੍ਹਾ ਮਿਲੇ, ਸੌਂ ਜਾਂਦੇ ਹਨ। ਉਹ ਭੁੱਖੇ ਲੋਕ ਕਿਵੇਂ ਪੜ੍ਹਨਗੇ। ਪਾਪੀ ਪੇਟ ਦਾ ਸਵਾਲ ਪਹਿਲਾਂ ਹੈ ਕਿਉਂਕਿ 'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ। ਕੀ ਸਰਕਾਰ ਇਸ ਪਾਸੇ ਸੁਹਿਰਦਤਾ ਨਾਲ ਕੰਮ ਕਰੇਗੀ। ਸਮਾਜਿਕ ਵਿਕਾਸ ਦੇ ਕੰਮਾਂ ਵਿੱਚ ਰੋੜਾ ਨਾ ਅਟਕਾਇਆ ਜਾਵੇ।

ਅਮੀਰਾਂ ਅਤੇ ਗ਼ਰੀਬਾਂ ਲਈ ਅਪਣਾਈ ਸਿੱਖਿਆ ਨੀਤੀ ਵਿੱਚ ਸਮਾਨਤਾ ਲਿਆਉਣ ਲਈ ਸਰਕਾਰ ਖ਼ੁਦ ਪਹਿਲਕਦਮੀ ਕਰੇ। ਅਮੀਰ-ਗ਼ਰੀਬ ਬੱਚੇ ਇੱਕੋ ਸਕੂਲ ਵਿੱਚ ਬਿਨਾਂ ਕਿਸੇ ਵਿਤਕਰੇ ਤੋਂ ਪੜ੍ਹਨ। ਇਸ ਨਾਲ ਜਿੱਥੇ ਉਹ ਵਧੀਆ ਅਤੇ ਇਕ ਸਮਾਨ ਸਿੱਖਿਆ ਹਾਸਲ ਕਰਨਗੇ, ਉੱਥੇ ਹੀ ਉਹ ਦੇਸ਼ ਦੇ ਵਧੀਆ ਨਾਗਰਿਕ ਵੀ ਬਣਨਗੇ। ਸਰਕਾਰੀ ਸਕੂਲਾਂ ਦੀ ਦਸ਼ਾ ਸੁਧਾਰਨ ਲਈ ਜ਼ਰੂਰੀ ਹੈ ਕਿ ਜੋ ਲੋਕ ਚੋਣਾਂ ਜਿੱਤ ਕੇ ਕੁਰਸੀਆਂ ਮੱਲਦੇ ਹਨ, ਸਭ ਤੋਂ ਪਹਿਲਾਂ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਨੇ ਪਾਉਣ। ਉੱਚ ਅਧਿਕਾਰੀਆਂ ਦੇ ਬੱਚੇ ਵੀ ਸਰਕਾਰੀ ਸਕੂਲਾਂ ਵਿੱਚ ਪੜ੍ਹਨ। ਸਰਕਾਰੀ ਸਕੂਲਾਂ ਦੀ ਦਸ਼ਾ ਆਪਣੇ ਆਪ ਸੁਧਰ ਜਾਵੇਗੀ।

ਮੋਬਾਈਲ ਨੰ: 98885-10797

(ਰੋਜ਼ਾਨਾ ਪੰ: ਜਾ: 16-01-2019 'ਚੋਂ ਧੰਨਵਾਦ ਸਹਿਤ !)

# ਕਿਉਂ ਖੋਹਿਆ ਜਾ ਰਿਹੈ ਸਿੱਖਿਆ ਦਾ ਅਧਿਕਾਰ

**ਕੰਵਲਜੀਤ ਖੰਨਾ**

ਨਵੀਂ ਸਿੱਖਿਆ ਨੀਤੀ 2016/18 ਰਾਹੀਂ ਕੇਂਦਰੀ ਹਕੂਮਤ ਨੇ ਸਿੱਖਿਆ ਪ੍ਰਣਾਲੀ ਉੱਤੇ ਚੁਪਾਸੀਂ ਹਮਲਾ ਵਿੱਢ ਦਿੱਤਾ ਹੈ । ਸਰਕਾਰੀ ਸਕੂਲਾਂ ਦਾ ਭੋਗ ਪਾਇਆ ਜਾ ਰਿਹਾ ਹੈ ਅਤੇ ਜੰਗੀ ਪੱਧਰ 'ਤੇ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਦਾ ਜੰਗਲ ਉਸਾਰਿਆ ਜਾ ਰਿਹਾ ਹੈ । ਉੱਚ ਸਿੱਖਿਆ ਕਮਿਸ਼ਨ ਬਿਲ ਅਤੇ ਕੌਮੀ ਮੈਡੀਕਲ ਕਮਿਸ਼ਨ ਬਿਲ ਰਾਹੀਂ ਉੱਚ ਅਤੇ ਮੈਡੀਕਲ ਸਿੱਖਿਆ ਨੂੰ ਥਾਲੀ ਵਿੱਚ ਪਾ ਕੇ ਵੱਡੇ ਦੇਸ਼ੀ ਵਿਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਕਰਨ ਵੱਲ ਕਦਮ ਵਧਾਏ ਜਾ ਰਹੇ ਹਨ । **ਇਉਂ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਨੂੰ ਹੁਣ 'ਵਿਦਿਆ ਹੋ ਗਈ ਦੁਕਾਨਦਾਰੀ' ਵਿੱਚ** ਬਦਲ ਦਿੱਤਾ ਗਿਆ ਹੈ । ਹੁਣ ਜਦੋਂ ਸਿੱਖਿਆ ਅਤੇ ਸਿਹਤ ਮਹਿਜ਼ ਮੁਨਾਫ਼ੇ ਦਾ ਧੰਦਾ ਬਣ ਚੁੱਕਾ ਹੈ ਤਾਂ ਸੰਵਿਧਾਨ ਵਿੱਚ ਦਰਜ ਇਹ ਸਤਰਾਂ ਕਿ ਦੇਸ਼ ਅੰਦਰ ਸਿਹਤ ਤੇ ਸਿੱਖਿਆ ਨੂੰ ਮੁਨਾਫ਼ੇ ਦਾ ਧੰਦਾ ਨਹੀਂ ਬਣਾਇਆ ਜਾਵੇਗਾ, ਦਾ ਕੋਈ ਮਤਲਬ ਨਹੀਂ ਰਹਿ ਗਿਆ ।

ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਨੇ ਸਿੱਖਿਆ ਪ੍ਰਣਾਲੀ ਨੂੰ ਦੇਸ਼ ਦੇ 85 ਫ਼ੀਸਦੀ ਬੱਚਿਆਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ । ਸੰਵਿਧਾਨ ਦੀ 86ਵੀਂ ਸੋਧ (2002) ਸੰਵਿਧਾਨ ਵਿੱਚ ਪਹਿਲਾ ਨਵਉਦਾਰਵਾਦੀ ਦਖ਼ਲ ਸੀ । ਇਸ ਸੋਧ ਦਾ ਮਤਲਬ ਸੀ, ਸਿੱਖਿਆ ਖ਼ਰਚਿਆਂ ਵਿੱਚ ਕਟੌਤੀ । ਇਸ ਸੋਧ ਨੇ ਹਕੂਮਤ ਦੀ ਜ਼ਿੰਮੇਵਾਰੀ ਨੂੰ ਸਿਰਫ਼ 6 ਤੋਂ 14 ਸਾਲ ਤਕ ਦੇ ਬੱਚਿਆਂ ਤਕ ਸੀਮਿਤ ਕਰ ਦਿੱਤਾ । ਵਿਸ਼ਵ ਬੈਂਕ ਦੀ ਢਾਂਚਾਗਤ ਅਡਜਸਟਮੈਂਟ ਤਹਿਤ ਸਰਵ ਸਿੱਖਿਆ ਅਭਿਆਨ (ਐੱਸ. ਐੱਸ. ਏ.) ਵਿੱਚ ਵੀ ਖ਼ਰਚ ਘਟਾਉਣ ਅਤੇ ਲੁੱਟ ਤੇ ਧੱਕਾ ਕਰਨ ਵਾਲੀਆਂ ਸਕੀਮਾਂ ਲਿਆਂਦੀਆਂ ਗਈਆਂ; ਜਿਵੇਂ ਠੇਕੇ ਉੱਤੇ ਕੱਚੀ ਨੌਕਰੀ, ਇਕ ਅਧਿਆਪਕ ਨੂੰ ਇਕ ਹੀ ਕਮਰੇ ਵਿੱਚ ਇਕ ਤੋਂ ਵੱਧ ਕਲਾਸਾਂ ਪੜ੍ਹਾਉਣ ਲਈ ਮਜਬੂਰ ਕਰਨਾ ਤੇ ਸਕੂਲਾਂ ਦਾ ਐੱਨਜੀਓ ਕਰਨ । ਸਿੱਟੇ ਵਜੋਂ ਮਹਿੰਗੇ ਅਤੇ ਘੱਟ ਬਜਟ ਵਾਲੇ, ਦੋਹਾਂ ਤਰ੍ਹਾਂ ਦੇ ਪ੍ਰਾਈਵੇਟ ਸਕੂਲਾਂ ਦਾ ਬਾਜ਼ਾਰ ਖੁੱਲ੍ਹ ਗਿਆ । ਨਵੀਂ ਸਿੱਖਿਆ ਨੀਤੀ ਨੇ ਸੈਕੰਡਰੀ ਪੱਧਰ 'ਤੇ ਸ਼ੁਰੂ ਵਿੱਚ ਹੀ ਦੋ ਸਮਾਨੰਤਰ ਕੋਰਸ ਸੁਝਾਏ ਹਨ । ਇਕ, ਹੁਸ਼ਿਆਰ ਵਿਦਿਆਰਥੀਆਂ ਲਈ



ਉੱਚ ਸਿੱਖਿਆ ਵਿੱਚ ਦਾਖ਼ਲੇ ਦਾ ਰਾਹ ਤਿਆਰ ਕਰਨ ਅਤੇ ਦੂਜਾ ਕਮਜ਼ੋਰ ਵਿਦਿਆਰਥੀਆਂ ਨੂੰ ਹੁਨਰਮੰਦ ਬਣਾਉਣ ਦੀਆਂ ਦੁਕਾਨਾਂ ਵਿੱਚ ਸੁੱਟ ਕੇ ਸੰਸਾਰ ਪੂੰਜੀ ਲਈ ਸਸਤੇ ਠੇਕੇ ਦੇ ਮਜ਼ਦੂਰ ਪੈਦਾ ਕਰਨ ਦਾ ਰਾਹ ।

ਇਸ ਲੜੀ ਵਿੱਚ ਸਿੱਖਿਆ ਅਧਿਕਾਰ ਕਾਨੂੰਨ (2009) ਨੂੰ 2010 ਵਿੱਚ ਸਕੂਲੀ ਸਿੱਖਿਆ ਦੀਆਂ ਬੁਰਾਈਆਂ ਨੂੰ ਵਰਤਦਿਆਂ ਲਾਗੂ ਕੀਤਾ ਗਿਆ । ਇਸ ਨੀਤੀ ਨੇ ਗ਼ੈਰ-ਬਰਾਬਰ, ਵਿਤਕਰਿਆਂ ਭਰਪੂਰ ਬਹੁਪਰਤੀ ਸਿੱਖਿਆ ਪ੍ਰਬੰਧ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਅਤੇ ਪ੍ਰਾਈਵੇਟ ਸਕੂਲਾਂ ਨੂੰ ਬੇਲਗਾਮ ਕਰ ਦਿੱਤਾ । ਕਿਹਾ ਇਹ ਗਿਆ ਕਿ ਇਸ ਨੇ ਪੀ.ਪੀ. ਪੀ. (ਪਬਲਿਕ ਪ੍ਰਾਈਵੇਟ ਸਾਂਝੇਦਾਰੀ) ਤਹਿਤ ਪ੍ਰਾਈਵੇਟ ਸਕੂਲਾਂ ਵਿੱਚ 25 ਪ੍ਰਤੀਸ਼ਤ ਬੱਚਿਆਂ ਨੂੰ ਸਰਕਾਰੀ ਖ਼ਜ਼ਾਨੇ ਵਿੱਚੋਂ ਫ਼ੀਸ ਤਾਰ ਕੇ ਦਾਖ਼ਲ ਕਰਕੇ ਪ੍ਰਾਈਵੇਟ ਸਕੂਲਾਂ ਤੋਂ ਕੰਟਰੋਲ ਖ਼ਤਮ ਕਰ ਦਿੱਤਾ ਹੈ । ਇਸ ਨੀਤੀ ਨੇ ਸਰਕਾਰੀ ਸਕੂਲਾਂ ਨੂੰ ਬਰਬਾਦ ਕਰਨ ਅਤੇ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਦਾ ਅਮਲ ਤੇਜ਼ ਕਰ ਦਿੱਤਾ ਹੈ । 2010 ਤੋਂ ਦੇਸ਼ ਭਰ ਵਿੱਚ ਡੇਢ ਲੱਖ ਸਰਕਾਰੀ ਅਤੇ ਏਡਿਡ ਸਕੂਲ ਬੰਦ ਹੋ ਚੁੱਕੇ ਹਨ, ਜਾਂ ਉਨ੍ਹਾਂ ਦਾ ਰਲੇਵਾਂ ਕਰ ਦਿੱਤਾ ਗਿਆ ਹੈ ।

ਤਕਰੀਬਨ ਤਿੰਨ ਸਾਲਾਂ ਤੋਂ ਬਣ ਰਹੀ ਨਵੀਂ ਸਿੱਖਿਆ ਨੀਤੀ ਨੂੰ ਨਾ ਤਾਂ ਅਜੇ ਤਕ ਕਿਸੇ ਪਬਲਿਕ ਦਸਤਾਵੇਜ਼ ਦੇ ਤੌਰ 'ਤੇ ਜਾਰੀ ਕੀਤਾ ਗਿਆ ਹੈ ਤੇ ਨਾ ਹੀ ਇਸ ਨੂੰ ਸੰਸਦ ਦੀ ਮਨਜ਼ੂਰੀ ਲਈ ਪੇਸ਼ ਕੀਤਾ ਗਿਆ ਹੈ । ਸਰਕਾਰ ਵੱਲੋਂ ਨਾਮਜ਼ਦ ਸੁਬਰਾਮਨੀਅਮ ਕਮੇਟੀ (ਅਪਰੈਲ 2016) ਨੂੰ ਨਾ ਤਾਂ ਅਜੇ ਤਕ ਖਾਰਜ ਕੀਤਾ ਹੈ, ਨਾ ਹੀ ਸਵੀਕਾਰਿਆ ਹੈ । ਮਨੁੱਖੀ ਸਰੋਤ ਵਿਕਾਸ ਮੰਤਰਾਲੇ (ਐੱਸ.ਐੱਚ.ਆਰ.ਡੀ.) ਦੀ ਵੈਬਸਾਈਟ 'ਤੇ ਇਨਪੁਟਸ ਵਾਲਾ ਦਸਤਾਵੇਜ਼ ਜੂਨ 2016 (ਜਿਸ ਵਿੱਚ ਲੋਕਾਂ ਦੀ ਰਾਇ ਮੰਗੀ ਗਈ ਸੀ) ਬਾਰੇ ਸਰਕਾਰ ਚੁੱਪ ਹੈ । ਸਰਕਾਰ ਵੱਲੋਂ ਹੀ ਨਾਮਜ਼ਦ ਕਸਤੂਰੀਰੰਗਨ ਕਮੇਟੀ ਵੀ ਡੂੰਘੀ ਨੀਂਦਰ ਸੁੱਤੀ ਪਈ ਹੈ, ਯੋਜਨਾ ਕਮਿਸ਼ਨ ਭੰਗ ਕਰਕੇ ਬਣਾਏ ਨੀਤੀ ਆਯੋਗ ਨੇ ਤਾਲੀਮ ਅਤੇ ਹੁਨਰ ਵਿਕਾਸ ਦਾ ਤਿੰਨ ਸਾਲ ਦਾ ਏਜੰਡਾ ਜਾਰੀ ਕਰ ਦਿੱਤਾ ਹੈ । ਹਾਕਮਾਂ ਨੇ ਸਰਕਾਰੀ ਖ਼ਰਚ ਨਾਲ ਚੱਲ ਰਹੇ ਸਿੱਖਿਆ ਪ੍ਰਬੰਧ ਨੂੰ ਬਦਨਾਮ ਕਰਕੇ ਸਕੂਲੀ ਸਿੱਖਿਆ ਦੇ ਮਹਿਨੇ ਬਦਲ ਕੇ ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਹੀ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਕਰ

ਦਿੱਤਾ ਹੈ । ਜਮਹੂਰੀ ਢੰਗਾਂ ਨਾਲ ਮਸੌਦੇ ਦੀ ਮਨਜ਼ੂਰੀ ਲਈ ਲੋਕਾਂ ਸਾਹਮਣੇ ਪੇਸ਼ ਹੋਣ ਤੋਂ ਡਰਦੀ ਯੂਪੀਏ-2 ਸਰਕਾਰ ਨੇ ਦਰੁਸਤ ਨੀਤੀ ਦੀ ਥਾਂ ਆਪਣੀ ਮਨਮਰਜ਼ੀ ਨਾਲ ਸਮੇਂ-ਸਮੇਂ ਤੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਤੇ ਇਸ ਨਾਲ ਜੁੜੇ ਯੂਜੀਸੀ, ਏਆਈਸੀਟੀਈ, ਐੱਨਸੀਟੀਈ, ਭਾਰਤੀ ਮੈਡੀਕਲ ਕੌਂਸਲ, ਭਾਰਤੀ ਆਯੁਰ-ਵਿਗਿਆਨ ਕੌਂਸਲ, ਸੀਬੀਐੱਸਈ ਅਤੇ ਰਾਜਾਂ ਵਿੱਚ ਇਨ੍ਹਾਂ ਦੇ ਨਾਲ ਜੁੜੇ ਵਿਭਾਗਾਂ ਤੋਂ ਹੁਕਮ, ਨਿਰਦੇਸ਼, ਸੂਚਨਾਵਾਂ ਜਾਰੀ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ।

ਇਨ੍ਹਾਂ ਨਿਰਦੇਸ਼ਾਂ ਤਹਿਤ ਪੂਰੇ ਦੇਸ਼ ਅੰਦਰ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘੱਟ ਹੋਣ 'ਤੇ ਨੇੜਲੇ ਸਕੂਲ ਵਿੱਚ ਮਿਲਾਉਣ, ਇਕੋ ਹੀ ਛੱਤ ਹੇਠ ਕੇ. ਜੀ. ਤੋਂ 12ਵੀਂ ਤਕ ਸਕੂਲ ਚਲਾਉਣ ਦੇ ਨਾਂ ਹੇਠ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲਾਂ ਦਾ ਖ਼ਾਤਮਾ, ਪੱਕੇ ਅਧਿਆਪਕਾਂ ਦੀ ਥਾਂ ਕੱਚੇ, ਠੇਕੇ 'ਤੇ ਕੁਝ ਸਮੇਂ ਲਈ ਅਧਿਆਪਕਾਂ ਦੀ ਭਰਤੀ, ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੇ ਠੋਸੇ ਲੋਹੜਿਆਂ ਦੇ ਗ਼ੈਰ-ਵਿੱਦਿਅਕ ਕੰਮ, ਦੇਸ਼ ਦੇ ਸਰਕਾਰੀ ਸਕੂਲਾਂ ਵਿੱਚ ਖ਼ਾਲੀ ਪਈਆਂ ਅਧਿਆਪਕਾਂ ਦੀਆਂ ਅਸਾਮੀਆਂ, ਸਕੂਲਾਂ ਲਈ ਮਿਡ-ਡੇ ਮੀਲ, ਬਿਜਲੀ ਬਿਲ ਤੇ ਹੋਰ ਅਨੇਕਾਂ ਖ਼ਰਚਿਆਂ ਲਈ ਫੰਡਾਂ ਦੀ ਕਮੀ, ਬਿਲਡਿੰਗਾਂ, ਰੋਸ਼ਨੀ, ਲਾਇਬ੍ਰੇਰੀ, ਲੈਬੋਰਟਰੀ, ਟਾਇਲਟਾਂ ਦੀ ਘਾਟ, ਬੁਰਾ ਪ੍ਰਬੰਧ, ਕਿੰਨਾ ਕੁਝ ਹੈ ਜੋ ਸਰਕਾਰੀ ਨੀਤੀਆਂ ਦਾ ਜਮ੍ਹਾਂ ਜੋੜ ਹੈ । ਕੋਠਾਰੀ ਕਮਿਸ਼ਨ ਦੀ ਸਿਫ਼ਾਰਸ਼ ਸੀ ਕਿ ਸਰਕਾਰ ਕੁੱਲ ਬਜਟ ਦਾ ਘੱਟੋ-ਘੱਟ 6 ਫ਼ੀ ਸਦੀ ਵਿੱਦਿਆ ਦੇ ਖੇਤਰ 'ਤੇ ਖ਼ਰਚ ਕਰੇ, ਪਰ ਮੌਜੂਦਾ ਹਾਲਾਤ ਦਾ ਸਾਰ-ਤੱਤ ਇਹ ਹੈ ਕਿ ਹਕੂਮਤੀ ਨੀਤੀ ਵਿਦਿਆ ਦਾ ਪਸਾਰ, ਵਿਕਾਸ ਤੇ ਆਮ ਬੰਦੇ ਤਕ ਪਹੁੰਚ ਬਣਾਉਣ ਦੀ ਥਾਂ ਸਗੋਂ ਗਿਆਨ 'ਤੇ ਹਮਲਾ ਕਰ ਰਹੀ ਹੈ ।

ਵਿਸ਼ਵ ਪੂੰਜੀ ਦਾ ਮੌਜੂਦਾ ਨਵਉਦਾਰਵਾਦੀ ਰੂਪ ਇਹ ਦਰਸਾਉਂਦਾ ਹੈ ਕਿ ਸਿੱਖਿਆ ਦੇ ਮਸਲੇ ਇਸ ਉੱਚੇ ਆਦਰਸ਼ ਨਾਲ ਤੈਅ ਨਹੀਂ ਹੁੰਦੇ ਕਿ ਸਮਾਜਿਕ ਵਿਕਾਸ ਤੇ ਗਿਆਨ ਪੈਦਾ ਕਰਨਾ, ਸਿਰਜਣਾ ਹਰ ਇਨਸਾਨ ਦਾ ਬੁਨਿਆਦੀ ਹੱਕ ਹੈ, ਸਗੋਂ ਹੁਣ ਤਾਂ ਸਿਰਫ਼ ਮੁਨਾਫ਼ਾ ਹੀ ਇਹ ਸਭ ਤੈਅ ਕਰਦਾ ਹੈ । ਮੁਨਾਫ਼ੇ ਨੇ ਗਿਆਨ ਨੂੰ ਜਿਣਸ ਦਾ ਰੂਪ ਦੇ ਦਿੱਤਾ ਹੈ ਜੋ ਸਿਰਫ਼ ਖਪਤ ਕੀਤੀ ਜਾ ਸਕਦੀ ਹੈ। ਮੁਨਾਫ਼ੇ ਲਈ ਕਿਰਤ ਦੀ ਸਮਾਜਿਕ ਵਰਤੋਂ ਨਾਲ ਗਿਆਨ ਪੈਦਾ ਹੁੰਦਾ ਹੈ ਅਤੇ ਕਾਰਪੋਰੇਟ ਨੇ ਗਿਆਨ ਨੂੰ ਸਿਰਫ਼ ਹੁਨਰ



(ਸਕਿੱਲ) ਤਕ ਸੁੰਗੇੜ ਦਿੱਤਾ ਹੈ । ਮੋਦੀ ਦੇ ਸਕਿੱਲ ਇੰਡੀਆ ਮਿਸ਼ਨ ਤੋਂ ਇਹੀ ਜ਼ਾਹਰ ਹੁੰਦਾ ਹੈ । ਕੌਮੀ ਸਿੱਖਿਆ ਨੀਤੀ 2016/18 ਦੀ ਸਮੁੱਚੀ ਸ਼ਬਦਾਵਲੀ ਹੁਨਰ ਹਾਸਲ ਕਰਨ ਦੇ ਮਕਸਦ ਨਾਲ ਬਣਾਈ ਜਾ ਰਹੀ ਹੈ ।

ਸਿੱਖਿਆ ਦੇ ਇਸ ਬੁਨਿਆਦੀ ਅਧਿਕਾਰ ਨੂੰ ਬਚਾਉਣ ਦੀ ਲੜਾਈ ਵਿੱਚ ਦੇਸ਼ ਪੱਧਰ 'ਤੇ ਵੱਖ-ਵੱਖ ਰਾਜਾਂ ਵਿੱਚ ਵਿਦਿਆਰਥੀ, ਅਧਿਆਪਕ, ਬੁੱਧੀਜੀਵੀ, ਜਮਹੂਰੀਅਤ ਪਸੰਦ ਲੋਕ, ਸੰਸਥਾਵਾਂ ਸਰਗਰਮ ਹਨ। ਇਸੇ ਲੜੀ ਤਹਿਤ ਜੂਨ 2009 ਵਿੱਚ ਆਂਧਰਾ ਪ੍ਰਦੇਸ਼ ਸੇਵ ਐਜੂਕੇਸ਼ਨ ਕਮੇਟੀ ਵੱਲੋਂ ਹੈਦਰਾਬਾਦ ਦੀ ਉਸਮਾਨੀਆ ਯੂਨੀਵਰਸਿਟੀ ਵਿੱਚ ਕਰਵਾਏ 'ਸਿੱਖਿਆ ਦਾ ਅਧਿਕਾਰ ਅਤੇ ਸਮਾਨ ਸਕੂਲ ਵਿਵਸਥਾ' ਵਿਸ਼ੇ ਤੇ ਕੌਮੀ ਸੈਮੀਨਾਰ ਦੌਰਾਨ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਬਣਾਇਆ ਗਿਆ । ਅੱਜ ਇਹ ਮੰਚ 22 ਸੂਬਿਆਂ ਵਿੱਚ ਕਾਰਜਸ਼ੀਲ ਹੈ ।

ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਨੇ ਮੰਗ ਕੀਤੀ ਹੈ ਕਿ ਕੇਜੀ ਤੋਂ ਪੀਜੀ ਤਕ ਇਕਸਾਰ ਸਮਾਨਤਾ 'ਤੇ ਅਧਾਰਤ ਸਿੱਖਿਆ-ਪ੍ਰਣਾਲੀ ਬਣਾਈ ਜਾਵੇ । ਕੇਜੀ ਤੋਂ 12ਵੀਂ ਤਕ ਗਵਾਂਢੀ (ਨੇਬਰਹੁੱਡ) ਸਕੂਲ ਦੇ ਸਿਧਾਂਤ ਅਨੁਸਾਰ ਪੂਰੀ ਤਰ੍ਹਾਂ ਰਾਜ ਕੋਲੋਂ ਫੰਡਾਂ 'ਤੇ ਅਧਾਰਤ ਮੁਫ਼ਤ ਸਕੂਲੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ । ਇਸ ਉਦੇਸ਼ ਦੀ ਪ੍ਰਾਪਤੀ ਲਈ ਦੇਸ਼ ਪੱਧਰੀ ਅੰਦੋਲਨ ਵਿੱਢਦਿਆਂ ਪਹਿਲੇ ਕਦਮ ਵਜੋਂ ਅਗਸਤ 2015 ਵਿੱਚ ਅਲਾਹਾਬਾਦ ਹਾਈਕੋਰਟ ਦਾ ਇਤਿਹਾਸਿਕ ਫ਼ੈਸਲਾ ਲਾਗੂ ਕਰਾਉਣਾ ਹੈ । **ਇਸ ਫ਼ੈਸਲੇ ਵਿੱਚ ਦਰਜ ਹੈ ਕਿ ਉਹ ਸਾਰੇ ਲੋਕ ਜੋ ਕਿਸੇ ਨਾ ਕਿਸੇ ਰੂਪ 'ਚ ਸਰਕਾਰੀ ਖ਼ਜ਼ਾਨੇ 'ਚੋਂ ਤਨਖ਼ਾਹ ਲੈਂਦੇ ਹਨ, ਭਾਵ ਮੁੱਖ ਮੰਤਰੀ, ਮੰਤਰੀ, ਵਿਧਾਇਕ, ਆਈ.ਏ.ਐੱਸ. ਤੇ ਆਈ.ਪੀ.ਐੱਸ. ਅਫ਼ਸਰਾਂ ਤੋਂ ਲੈ ਕੇ ਚਪੜਾਸੀ ਤਕ ਆਪਣੇ ਬੱਚਿਆਂ ਨੂੰ ਨੇੜਲੇ ਸਰਕਾਰੀ ਸਕੂਲ 'ਚ ਭੇਜਣ ਲਈ ਪਾਬੰਦ ਹੋਵੇਗਾ । ਨਾਲ ਹੀ ਇਨ੍ਹਾਂ ਬੱਚਿਆਂ ਨੂੰ ਉੱਚ ਸਿੱਖਿਆ ਸੰਸਥਾਵਾਂ 'ਚ ਦਾਖ਼ਲੇ ਅਤੇ ਪੜ੍ਹਾਈ ਪੂਰੀ ਕਰਨ ਮਗਰੋਂ ਉਨ੍ਹਾਂ ਦੀ ਯੋਗਤਾ ਮੁਤਾਬਕ ਪਬਲਿਕ ਸੈਕਟਰ ਵਿੱਚ ਨੌਕਰੀਆਂ ਵਿੱਚ ਪਹਿਲ ਦਿੱਤੀ ਜਾਵੇਗੀ । ਸਰਕਾਰ ਵੱਲੋਂ ਨਾਮਜ਼ਦ ਤਪਸ ਮਜੂਮਦਾਰ ਕਮੇਟੀ (2006) ਦੀਆਂ ਸਿਫ਼ਾਰਸ਼ਾਂ ਦੇ ਮੱਦੇਨਜ਼ਰ 2018 ਵਿੱਚ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦਾ ਘੱਟੋ-ਘੱਟ 10 ਫ਼ੀ ਸਦੀ ਕੇ.ਜੀ. ਤੋਂ ਪੀ.ਜੀ. ਤਕ ਖ਼ਰਚ ਕੀਤਾ ਜਾਵੇ ।**

ਇਸ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਭਾਸ਼ਾਵਾਂ ਵਾਲੇ ਇਸ ਦੇਸ਼ ਵਿੱਚ ਮਾਂ ਬੋਲੀ ਵਿੱਚ ਹੀ ਸਿੱਖਿਆ ਨੂੰ ਯਕੀਨੀ ਬਣਾਇਆ ਜਾਵੇ । ਨਿੱਜੀਕਰਨ ਅਤੇ ਵਪਾਰੀਕਰਨ ਦੀ ਨੀਤੀ ਰੱਦ ਕੀਤੀ ਜਾਵੇ ਅਤੇ ਪਬਲਿਕ ਪ੍ਰਾਈਵੇਟ ਸਾਂਝੇਦਾਰੀ (ਪੀ.ਪੀ.ਪੀ.) ਦੀ ਨੀਤੀ ਦਾ ਖ਼ਾਤਮਾ ਕੀਤਾ ਜਾਵੇ । ਸਰਕਾਰ ਵੱਲੋਂ ਦਿੱਤੇ ਫੰਡਾਂ ਰਾਹੀਂ ਚਲਦੀਆਂ ਉੱਚ ਸਿੱਖਿਆ ਦੀਆਂ ਸੰਸਥਾਵਾਂ ਅਤੇ ਯੂਨੀਵਰਸਿਟੀਆਂ 'ਚ ਉਨ੍ਹਾਂ ਦੀ ਅਕਾਦਮਿਕ ਆਜ਼ਾਦੀ ਬਹਾਲ ਹੋਵੇ । ਗ਼ੈਰ-ਜਮਹੂਰੀ ਢੰਗ ਨਾਲ ਠੋਸੇ ਕਾਰਪੋਰੇਟ ਪੱਖੀ ਸਾਰੇ ਸੁਧਾਰ, ਜਿਵੇਂ ਸਮੈਸਟਰ ਪ੍ਰਣਾਲੀ, ਕਰੈਡਿਟ ਅਧਾਰਤ ਚੋਣ ਪ੍ਰਬੰਧ (ਸੀ.ਬੀ.ਸੀ.ਐੱਸ.), ਬਜਟ ਕਟੌਤੀ ਅਤੇ ਫ਼ੀਸਾਂ 'ਚ ਕਈ ਗੁਣਾਂ ਵਾਧਾ, 30.70 ਫੰਡਿੰਗ ਫਾਰਮੂਲਾ, ਵਜ਼ੀਫਿਆਂ, ਫੈਲੋਸ਼ਿਪ, ਹੋਸਟਲਾਂ ਦੀ ਸਹੂਲਤ 'ਚ ਕਟੌਤੀ ਵਰਗੇ ਕਦਮ ਰੱਦ ਕੀਤੇ ਜਾਣ । ਅਨੁਸੂਚਿਤ ਜਾਤੀਆਂ ਅਤੇ ਘੱਟ ਗਿਣਤੀਆਂ ਲਈ ਯੂ.ਜੀ.ਸੀ. ਦੀ ਫੈਲੋਸ਼ਿਪ ਲਈ ਜ਼ਰੂਰੀ ਕੀਤੀ ਨੈੱਟ ਪ੍ਰੀਖਿਆ ਵਾਪਸ ਲਈ ਜਾਵੇ, ਕਿਉਂਕਿ ਇਹ ਅਸਲ 'ਚ ਦੱਬੇ ਕੁਚਲੇ ਵਰਗਾਂ ਤੋਂ ਉੱਚ ਸਿੱਖਿਆ ਦਾ ਹੱਕ ਖੋਹਣਾ ਹੈ। ਸਿੱਖਿਆ ਸੰਸਥਾਵਾਂ 'ਚ ਹਰ ਪੱਧਰ 'ਤੇ ਨਿਯੁਕਤੀਆਂ 'ਚ ਠੇਕੇਦਾਰੀ ਪ੍ਰਬੰਧ ਦਾ ਖ਼ਾਤਮਾ ਹੋਵੇ ਅਤੇ ਸੁਪਰੀਮ ਕੋਰਟ ਦੇ '**ਬਰਾਬਰ ਕੰਮ-ਬਰਾਬਰ ਤਨਖ਼ਾਹ**' ਦਾ ਫ਼ੈਸਲਾ ਲਾਗੂ ਕੀਤਾ ਜਾਵੇ । ਸਰਕਾਰੀ ਸਕੂਲਾਂ ਦੇ ਰਲੇਵੇਂ ਦੀ ਨੀਤੀ ਰੱਦ ਕੀਤੀ ਜਾਵੇ । ਵਿਦਿਆਰਥੀ ਅਧਿਆਪਕ ਅਨੁਪਾਤ ਤਰਕਸੰਗਤ ਬਣਾਇਆ ਜਾਵੇ । ਉੱਚ ਸਿੱਖਿਆ ਕਮਿਸ਼ਨ ਬਿਲ ਅਤੇ ਕੌਮੀ ਮੈਡੀਕਲ ਕਮਿਸ਼ਨ ਬਿਲ ਵਾਪਸ ਲਏ ਜਾਣ । ਸਿੱਖਿਆ ਦੇ ਭਗਵਾਕਰਨ, ਸਿਲੇਬਸ ਨੂੰ ਮੰਨੂਵਾਦ ਮੁਤਾਬਕ ਢਾਲਣ, ਸਿੱਖਿਆ ਅਦਾਰਿਆਂ 'ਚ ਕੱਟੜਪੰਥੀ ਤਾਕਤਾਂ ਦੀ ਤਾਇਨਾਤੀ ਰੱਦ ਕੀਤੀ ਜਾਵੇ ।

ਸੰਪਰਕ : 94170-67344



# ਕੱਚੇ ਪ੍ਰੋਫ਼ੈਸਰਾਂ ਦੀ ਦਾਸਤਾਨ

**ਵਿਨੋਦ ਮਿੱਤਲ (ਡਾ.)**

ਕੋਈ ਸਮਾਂ ਹੁੰਦਾ ਸੀ ਜਦੋਂ ਪ੍ਰੋਫ਼ੈਸਰ ਸ਼ਬਦ ਸੁਣਦਿਆਂ ਹੀ ਧੁਰ ਅੰਦਰ ਸਤਿਕਾਰ ਨਾਲ ਝੁਕ ਜਾਂਦਾ ਸੀ। ਜਾਪਦਾ ਸੀ ਕਿ ਪ੍ਰੋਫ਼ੈਸਰ ਹੋਣ ਨਾਲੋਂ ਵੱਡੀ ਕੋਈ ਵੀ ਮਾਣ ਵਾਲੀ ਗੱਲ ਨਹੀਂ ਹੋ ਸਕਦੀ। ਪ੍ਰੋਫ਼ੈਸਰ ਦੀ ਲਿਆਕਤ, ਉਸਦਾ ਸਮਾਜਿਕ ਤੇ ਆਰਥਿਕ ਰੁਤਬਾ ਇੰਨਾ ਪ੍ਰਭਾਵਿਤ ਕਰਦਾ ਸੀ ਕਿ ਸੋਚਦੇ ਸੀ ਕਿ ਜੇ ਕਿਸੇ ਵਿਦਿਆਰਥੀ ਨੂੰ ਚੰਗਾ ਸੁਫਨਾ ਲੈਣਾ ਆਉਂਦਾ ਹੈ ਤਾਂ ਉਹ ਪ੍ਰੋਫ਼ੈਸਰ ਬਣਨਾ ਹੀ ਲੋਚੇਗਾ। ਅੱਜਕੱਲ੍ਹ ਦੱਬ ਕੇ ਪੜ੍ਹਨ ਅਤੇ ਉੱਚ ਡਿਗਰੀਆਂ ਲੈਣ ਵਾਲਿਆਂ ਦੀ ਹਾਲਤ ਦਰਜਾ ਚਾਰ ਕਰਮਚਾਰੀਆਂ ਨਾਲੋਂ ਵੀ ਪਤਲੀ ਹੈ।

ਅਸੀਂ ਗ਼ਰੀਬ ਅਤੇ ਹੇਠਲੇ ਮੱਧਵਰਗੀ ਪਰਿਵਾਰਾਂ ਵਿੱਚੋਂ ਹੋਣ ਦੇ ਬਾਵਜੂਦ ਯੂਨੀਵਰਸਿਟੀ ਪੜ੍ਹਨ ਦਾ ਬੀੜਾ ਚੁੱਕਿਆ। ਬਹੁਤੇ ਪਰਿਵਾਰ ਸੋਚਦੇ ਹਨ ਕਿ ਅਸੀਂ ਬਾਗ਼ੀ ਹੋ ਗਏ ਹਾਂ। ਪੜ੍ਹਨ ਲਿਖਣ ਦਾ ਜਨੂੰਨ ਹੁੰਦਾ ਸੀ। ਪੈਸੇ ਦੀ ਤੰਗੀ ਕਾਰਨ ਕਿਸੇ ਨੇ ਟਿਊਸ਼ਨ ਪੜ੍ਹਾਉਣੀ, ਟਾਈਪਿੰਗ ਦਾ ਕੰਮ ਕਰਨਾ ਜਾਂ ਹੋਰ ਕੋਈ ਵੀ ਕੰਮ ਮਿਲ ਜਾਵੇ ਕਰਨਾ। ਉਸ ਸਮੇਂ ਸਾਡੇ ਨਾਲ ਪੜ੍ਹਦੇ ਬਹੁਤ ਸਾਰੇ ਮੁੰਡੇ ਕੁੜੀਆਂ ਵਿਦੇਸ਼ਾਂ ਵੱਲ ਜਾ ਰਹੇ ਸੀ। ਅਸੀਂ ਗੱਲਾਂ ਕਰਦੇ ਸਾਂ ਕਿ ਵਿਦੇਸ਼ ਜਾਣਾ ਜ਼ਿੰਮੇਵਾਰੀ ਤੋਂ ਭੱਜਣਾ ਹੈ।

ਰਸਮੀ ਡਿਗਰੀਆਂ ਤੋਂ ਬਾਅਦ ਦੌਰ ਚੱਲਦਾ ਹੈ ਨੌਕਰੀ ਹਾਸਲ ਕਰਨ ਦਾ। ਅਸੀਂ ਸਾਰੇ ਦੋਸਤਾਂ ਨੇ ਰੋਜ਼ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਸਾਰੇ ਅਖ਼ਬਾਰ ਫਰੋਲ ਸੁੱਟਣੇ ਕਿ ਕਿੱਥੇ-ਕਿੱਥੇ ਅਸਿਸਟੈਂਟ ਪ੍ਰੋਫ਼ੈਸਰ ਦੀ ਆਸਾਮੀ ਨਿਕਲੀ ਹੈ। ਸਭ ਨੇ ਡਿਗਰੀਆਂ ਅਤੇ ਹੋਰ ਯੋਗਤਾਵਾਂ ਦੇ ਸਬੂਤਾਂ ਨਾਲ ਭਰਿਆ ਬੈਗ ਚੁੱਕਣਾ ਤੇ ਕਾਲਜਾਂ ਵਿੱਚ ਪੁੱਜ ਜਾਣਾ। ਸ਼ਾਮੀ ਇਕੱਠੇ ਤਜਰਬੇ ਸਾਂਝੇ ਕਰਨੇ ਤਾਂ ਲੱਗਣਾ ਕਿ ਕਿਸੇ ਦਾ ਵੀ ਕੰਮ ਨਹੀਂ ਬਣਿਆ, ਕਿਉਂਕਿ ਕਿਸੇ ਕੋਲ ਕੋਈ ਸਿਫ਼ਾਰਸ਼ ਨਹੀਂ ਸੀ। ਇੱਕ ਸਾਲ ਤਾਂ ਇਸ ਗੱਲ ਨੂੰ ਸਮਝਣ ਵਿੱਚ ਚਲਾ ਗਿਆ ਕਿ ਅਸਿਸਟੈਂਟ ਪ੍ਰੋਫ਼ੈਸਰ ਭਾਵੇਂ ਅਕਾਦਮਿਕ ਸੈਸ਼ਨ ਲਈ ਹੀ ਕਿਉਂ ਨਾ ਲੱਗਣਾ ਹੋਵੇ, ਤੁਹਾਡੇ ਉੱਪਰ ਕਾਲਜ ਦੀ ਮੈਨੇਜਮੈਂਟ, ਪ੍ਰਿੰਸੀਪਲ, ਯੂਨੀਵਰਸਿਟੀ ਅਧਿਕਾਰੀ ਜਾਂ ਕਿਸੇ ਰਾਜਨੀਤਕ ਬੰਦੇ ਦਾ ਹੱਥ ਹੋਣਾ ਲਾਜ਼ਮੀ ਹੈ। ਕਈ ਵਾਰ ਤਾਂ ਆਸਾਮੀ ਦਾ ਇਸ਼ਤਿਹਾਰ

ਕਿਸੇ ਵਿਸ਼ੇਸ਼ ਬੰਦੇ ਲਈ ਦਿੱਤਾ ਹੁੰਦਾ ਹੈ।

ਸਰਕਾਰੀ ਕਾਲਜਾਂ ਦਾ ਰੁਖ਼ ਕੀਤਾ ਤਾਂ ਪਤਾ ਲੱਗਿਆ ਕਿ ਇੱਥੇ ਤਾਂ ਪਿਛਲੇ ਦੋ ਦਹਾਕਿਆਂ ਤੋਂ ਕੋਈ ਪੱਕੀ ਭਰਤੀ ਨਹੀਂ ਹੋਈ। ਜੇ ਕਿਤੇ ਕੋਈ ਆਸਾਮੀ ਭਰੀ ਜਾਂਦੀ ਹੈ ਤਾਂ ਉਸਨੂੰ 'ਗੈਸਟ ਫੈਕਲਟੀ' ਦਾ ਨਾਂ ਦਿੱਤਾ ਜਾਂਦਾ ਹੈ ਜਿਸ ਵਿੱਚ ਅਸਿਸਟੈਂਟ ਪ੍ਰੋਫ਼ੈਸਰ ਪੀਟੀਏ ਫੰਡ ਵਿੱਚੋਂ ਮਹੀਨੇ ਦਾ ਉੱਕਾ ਪੁੱਕਾ ਪਹਿਲਾਂ ਸੱਤ ਹਜ਼ਾਰ ਤੇ ਅੱਜਕੱਲ੍ਹ ਦਸ ਹਜ਼ਾਰ ਦਿੱਤਾ ਜਾਂਦਾ ਹੈ ਜੋ ਰੈਗੂਲਰ ਦਰਜਾ ਚਾਰ ਕਰਮਚਾਰੀ ਦੀ ਤਨਖ਼ਾਹ ਦਾ ਤਕਰੀਬਨ ਇੱਕ ਤਿਹਾਈ ਬਣਦਾ ਹੈ।

ਇਉਂ ਆਦਰਸ਼ ਤਸਵੀਰ ਟੁੱਟਣ ਲੱਗਦੀ ਹੈ। ਹੌਲੀ-ਹੌਲੀ ਕੁਝ ਦੋਸਤ ਹੋਰ ਨੌਜੁਆਨਾਂ ਵਾਂਗ ਇਨ੍ਹਾਂ ਕੱਚੀਆਂ ਨੌਕਰੀਆਂ ਉੱਪਰ ਜੁਆਇਨ ਕਰ ਗਏ ਕਿ ਸ਼ਇਦ ਸਾਲ ਦੋ ਸਾਲ ਬਾਅਦ ਪੱਕੇ ਹੋ ਜਾਵਾਂਗੇ ਪਰ ਲੰਮੀਆਂ ਉਡੀਕਾਂ ਤੋਂ ਬਾਅਦ ਵੀ ਕੁਝ ਚੰਗਾ ਨਾ ਵਾਪਰਿਆ। ਕੁਝ ਥੱਕ ਹਾਰ ਕੇ ਵਿਦੇਸ਼ ਨਿਕਲ ਗਏ ਅਤੇ ਕੁਝ ਹਾਲਾਤ ਨਾਲ ਜੂਝਦੇ ਹੋਏ ਇੱਥੇ ਟਿਕੇ ਰਹੇ। ਇਸ ਸਮੇਂ ਦੌਰਾਨ ਇੰਜੀਨੀਅਰਿੰਗ ਕੋਰਸਾਂ ਦਾ ਰੁਝਾਨ ਸਿਖਰ ਉੱਤੇ ਪਹੁੰਚਿਆ ਤਾਂ ਸਾਡੇ ਇੱਕ ਦੋਸਤ ਨੂੰ ਕਿਸੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਦਾ ਕੋਈ ਬੰਦਾ ਮਿਲ ਗਿਆ ਤੇ ਉਸ ਨੇ ਉਸ ਦੋਸਤ ਨੂੰ ਥੋੜ੍ਹੀ ਜਿਹੀ ਤਨਖ਼ਾਹ ਉੱਪਰ ਸੈਸ਼ਨ ਲਈ ਕਾਲਜ ਵਿੱਚ ਲਗਵਾ ਦਿੱਤਾ। ਕਾਲਜ ਵਿੱਚ ਰਹਿੰਦਿਆਂ ਉਸ ਨੇ ਸਾਡੇ ਨਾਲ ਉੱਥੋਂ ਦੇ ਬਹੁਤ ਸਾਰੇ ਤਜਰਬੇ ਸਾਂਝੇ ਕੀਤੇ ਕਿ ਪੰਜਾਬ ਦੇ ਤਕਨੀਕੀ ਸਿੱਖਿਆ ਵਿਭਾਗ ਵਿੱਚ ਕਿੰਨੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੈ। ਪ੍ਰੋਫ਼ੈਸਰਾਂ ਨੂੰ ਪ੍ਰਿੰਸੀਪਲ ਵੱਲੋਂ ਪਹਿਲਾਂ ਪੈਸੇ ਲੈ ਕੇ ਇੱਕ ਸੈਸ਼ਨ ਲਈ ਰੱਖਿਆ ਜਾਂਦਾ ਸੀ। ਜੇ ਤਿੰਨ ਸਾਲ ਦੇ ਕੰਟਰੈਕਟ ਉੱਪਰ ਨਿਯੁਕਤ ਹੋਣਾ ਹੈ ਤਾਂ ਇਕ ਸਾਲ ਦੀ ਤਨਖ਼ਾਹ ਰਿਸ਼ਵਤ ਵਜੋਂ ਦੇਣੀ ਪੈਂਦੀ ਸੀ। ਹਰ ਵਾਰ ਕੰਟਰੈਕਟ ਨਵਿਆਉਣ ਲਈ ਇਹ ਪ੍ਰਕਿਰਿਆ ਦੁਹਰਾਈ ਜਾਂਦੀ ਸੀ।

ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰਦੇ ਦੋਸਤਾਂ ਨੂੰ ਅਕਸਰ ਮੈਨੇਜਮੈਂਟ ਕਮੇਟੀ ਅਤੇ ਪ੍ਰਿੰਸੀਪਲ ਦੀ ਜੀ ਹਜ਼ੂਰੀ ਕਰਨੀ ਪੈਂਦੀ ਹੈ। ਲੋਹੜੀ ਦੀਵਾਲੀ ਵਰਗੇ ਤਿਉਹਾਰਾਂ ਉੱਪਰ ਤੋਹਫ਼ੇ ਭੇਂਟ ਕਰਨੇ ਪੈਂਦੇ ਹਨ। ਜੋ ਅਜਿਹਾ ਨਹੀਂ ਕਰਦਾ ਤਾਂ ਸਮਝੋ ਅਗਲੇ ਸੈਸ਼ਨ ਵਿੱਚ ਉਸ ਲਈ



ਕਾਲਜ ਵਿੱਚ ਕੋਈ ਥਾਂ ਨਹੀਂ। ਕੱਚੇ ਪ੍ਰੋਫ਼ੈਸਰਾਂ ਕੋਲੋਂ ਦਫ਼ਤਰੀ ਕੰਮ ਵੀ ਲਏ ਜਾਂਦੇ ਹਨ। ਬਹੁਤ ਸਾਰੇ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਨਾਨ ਟੀਚਿੰਗ ਸਟਾਫ਼ ਦੀ ਭਰਤੀ ਨਹੀਂ ਕੀਤੀ ਜਾ ਰਹੀ ਕਿਉਂਕਿ ਇਹ ਕੰਮ ਹੁਣ ਕੱਚੇ ਪ੍ਰੋਫ਼ੈਸਰ ਸੰਭਾਲਦੇ ਹਨ।

ਸਿੱਖਿਆ ਦਾ ਨਿੱਜੀਕਰਨ ਹੋਣ ਨਾਲ ਸਿੱਖਿਆ ਸੰਸਥਾਵਾਂ ਦਰ ਦਰ 'ਤੇ ਖੁੱਲ੍ਹ ਗਈਆਂ ਹਨ, ਜਿੱਥੇ ਸਿੱਖਿਆ ਦਾ ਨਿਰੋਲ ਵਪਾਰ ਹੈ ਅਤੇ ਡਿਗਰੀ ਕੇਵਲ ਮੁੱਲ ਦਾ ਕਾਗ਼ਜ਼। ਇਨ੍ਹਾਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਵਿੱਚ ਪ੍ਰੋਫ਼ੈਸਰ ਅਤੇ ਸਿੱਖਿਆ ਨਾਂ ਦੀ ਕੋਈ ਸ਼ੈਅ ਨਹੀਂ। ਪ੍ਰੋਫ਼ੈਸਰ ਇਸ ਸ਼ਰਤ ਉੱਪਰ ਭਰਤੀ ਕੀਤੇ ਜਾਂਦੇ ਹਨ ਕਿਉਂਕਿ ਉਹ ਸੰਸਥਾ ਵਿੱਚ ਕਿੰਨੇ ਵਿਦਿਆਰਥੀ ਦਾਖ਼ਲ ਕਰਵਾਏਗਾ। ਉਨ੍ਹਾਂ ਨੂੰ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਕਮਿਸ਼ਨ ਦਿੱਤਾ ਜਾਂਦਾ ਹੈ।

ਉੱਚ ਸਿੱਖਿਆ ਸੰਸਥਾਵਾਂ ਵਿੱਚ ਲੰਮੇ ਸਮੇਂ ਤੋਂ ਭਰਤੀ ਨਾ ਹੋਣ ਕਰਕੇ ਪੁਰਾਣੇ ਸਟਾਫ਼ ਤੇ ਨਵੇਂ ਪ੍ਰੋਫ਼ੈਸਰਾਂ ਵਿਚਕਾਰ ਅਣਦਿਸਦੀ ਦੀਵਾਰ ਖੜ੍ਹੀ ਹੋ ਗਈ ਹੈ। ਪੁਰਾਣੇ ਪ੍ਰੋਫ਼ੈਸਰ ਨਵਿਆਂ ਨੂੰ ਕੱਚੇ ਪ੍ਰੋਫ਼ੈਸਰ ਆਖਦੇ ਹਨ। ਉਨ੍ਹਾਂ ਨੂੰ ਸੰਸਥਾ ਦੇ ਅਹਿਮ ਫ਼ੈਸਲਿਆਂ ਤੋਂ ਦੂਰ ਰੱਖਿਆ ਜਾਂਦਾ ਹੈ ਅਤੇ ਅਕਸਰ ਬੇਲੋੜੇ ਕੰਮ ਉਨ੍ਹਾਂ ਉੱਪਰ ਥੋਪੇ ਜਾਂਦੇ ਹਨ। ਇਨ੍ਹਾਂ ਪ੍ਰੋਫ਼ੈਸਰਾਂ ਕੋਲੋਂ ਵੱਖ-ਵੱਖ ਸਮਾਗਮਾਂ ਦੀ ਤਿਆਰੀ ਕਰਵਾਉਣੀ, ਪੇਪਰ ਕਰਵਾਉਣੇ ਤੇ ਚੈੱਕ ਕਰਨੇ, ਬਿਲਡਿੰਗ ਦੀ ਸਾਂਭ-ਸੰਭਾਲ ਜਾਂ ਸਫ਼ਾਈ ਕਰਵਾਉਣੀ, ਬਿਨਾਂ ਕਿਸੇ ਅਦਾਇਗੀ ਦੇ ਓਵਰਟਾਈਮ ਕਰਵਾਉਣਾ, ਦਫ਼ਤਰੀ ਕੰਮ ਕਰਵਾਉਣਾ, ਛੁੱਟੀ ਵਾਲੇ ਦਿਨ ਕੰਮ ਲੈਣਾ, ਹੋਰ ਨਿੱਜੀ ਕੰਮ ਲੈਣੇ ਆਮ ਜਿਹੇ ਵਰਤਾਰੇ ਹੋ ਚੁੱਕੇ ਹਨ। ਕਈ ਵਾਰ ਸੰਸਥਾ ਦੇ ਦਰਜਾ ਚਾਰ ਕਰਮਚਾਰੀ ਦਾ ਹੱਥ ਕੱਚੇ ਪ੍ਰੋਫ਼ੈਸਰ ਨਾਲੋਂ ਉੱਚਾ ਹੁੰਦਾ ਹੈ। ਕੱਚੇ ਤੋਂ ਪੱਕੇ ਪ੍ਰੋਫ਼ੈਸਰਾਂ ਵਿਚਕਾਰ ਤਨਖ਼ਾਹਾਂ ਦੇ ਫ਼ਰਕ ਦੀ ਗੱਲ ਕਰੀਏ ਤਾਂ ਕਈ ਥਾਂ ਇਹ ਫ਼ਰਕ ਦਸ ਗੁਣਾਂ ਤਕ ਦੇਖਿਆ ਜਾ ਸਕਦਾ ਹੈ।

ਪੰਜਾਬ ਵਿੱਚ ਬਹੁਤ ਸਾਰੇ ਸਰਕਾਰੀ ਕਾਲਜ ਅਜਿਹੇ ਹਨ ਜਿੱਥੇ ਕੋਈ ਪੱਕਾ ਪ੍ਰੋਫ਼ੈਸਰ ਨਹੀਂ, ਜੇ ਹੈ ਤਾਂ ਇੱਕਾ ਦੁੱਕਾ। ਇਹ ਕਾਲਜ ਕੱਚੇ ਪ੍ਰੋਫ਼ੈਸਰਾਂ ਦੀ ਬਦੌਲਤ ਚੱਲ ਰਹੇ ਹਨ। ਪੰਜਾਬ ਦੀ ਉਚੇਰੀ ਸਿੱਖਿਆ ਬਚਾਉਣ ਦੇ ਕੁਝ ਹਿਤੈਸ਼ੀਆਂ ਨੇ ਕਾਨੂੰਨ ਦਾ ਆਸਰਾ ਲਿਆ, ਨਤੀਜੇ ਵਜੋਂ 2015 ਵਿੱਚ

ਅਦਾਲਤ ਵੱਲੋਂ ਹਦਾਇਤ ਆਈ ਹੈ ਕਿ ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਅਸਿਸਟੈਂਟ ਪ੍ਰੋਫ਼ੈਸਰਾਂ ਦੀਆਂ ਖ਼ਾਲੀ ਪਈਆਂ 1925 ਆਸਾਮੀਆਂ ਭਰੀਆਂ ਜਾਣ। ਆਸ ਦੀ ਕਿਰਨ ਜਾਗਦੀ ਹੈ। ਇਸੇ ਦੌਰਾਨ ਇਹ ਨਿਰਦੇਸ਼ ਸਰਕਾਰੀ ਹੇਰਾਫੇਰੀਆਂ ਦੀ ਭੇਂਟ ਚੜ੍ਹ ਜਾਂਦੇ ਹਨ। ਕਾਲਜਾਂ ਵਿੱਚ ਅਸਿਸਟੈਂਟ ਪ੍ਰੋਫ਼ੈਸਰਾਂ ਦੀ ਪੱਕੀ ਭਰਤੀ ਦੀ ਬਜਾਏ ਤਿੰਨ ਸਾਲ ਲਈ ਕਿਸ਼ਤਾਂ ਵਿੱਚ ਮੁੱਢਲੀ ਤਨਖ਼ਾਹ ਉੱਪਰ ਕੰਟਰੈਕਟ ’ਤੇ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਹੁੰਦਾ ਹੈ। ਅੱਜ ਤਿੰਨ ਸਾਲ ਗੁਜ਼ਰਨ ਤੋਂ ਬਾਅਦ ਵੀ ਨਾ ਤਾਂ ਪੂਰੀਆਂ 1925 ਆਸਾਮੀਆਂ ਭਰੀਆਂ ਗਈਆਂ ਹਨ ਤੇ ਨਾ ਹੀ ਰੈਗੂਲਰ ਹੋਈਆਂ ਹਨ ਅਤੇ ਨਾ ਹੀ ਕਿਸੇ ਨੂੰ ਪੂਰੀ ਤਨਖ਼ਾਹ ਨਸੀਬ ਹੋਈ ਹੈ। ਇਨ੍ਹਾਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਪੁਰਾਣੇ ਅੰਕੜਿਆਂ ’ਤੇ ਅਧਾਰਤ ਹੈ।

ਇਸ ਸਮੇਂ ਦੌਰਾਨ ਇਕ ਹੋਰ ਸਰਕਾਰੀ ਬੰਬ 15 ਜਨਵਰੀ 2015 ਨੂੰ ਫਟਦਾ ਹੈ ਕਿ ਪੰਜਾਬ ਸਰਕਾਰ ਦੇ ਕਿਸੇ ਵੀ ਵਿਭਾਗ ਵਿੱਚ ਸਰਕਾਰੀ ਨੌਕਰੀ ’ਤੇ ਜੁਆਇਨ ਕਰਨ ਵਾਲੇ ਕਰਮਚਾਰੀ ਨੂੰ ਇਸ ਸਮੇਂ ਤੋਂ ਬਾਅਦ ਪਰਖ ਕਾਲ ਦੌਰਾਨ ਕੇਵਲ ਮੁੱਢਲੀ ਤਨਖ਼ਾਹ ਹੀ ਮਿਲੇਗੀ। ਸਮੇਂ ਨਾਲ ਪਰਖ ਕਾਲ ਵੀ ਸਾਲ ਤੋਂ ਦੋ ਸਾਲ ਅਤੇ ਫਿਰ ਤਿੰਨ ਸਾਲ ਹੋ ਗਿਆ ਹੈ। ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਮਾਲੀ ਮਦਦ ਦਿਨ-ਪ੍ਰਤੀ-ਦਿਨ ਘਟ ਰਹੀ ਹੈ ਤੇ ਇਹ ਰਾਸ਼ੀ ਵੀ ਲੰਮਾ ਸਮਾਂ ਨਹੀਂ ਮਿਲਦੀ। ਨਤੀਜੇ ਵਜੋਂ ਫ਼ੀਸਾਂ ਵਿੱਚ ਵਾਧਾ ਹੁੰਦਾ ਹੈ ਤੇ ਸਿੱਖਿਆ ਗ਼ਰੀਬ ਦੇ ਹੱਥੋਂ ਖਿਸਕ ਰਹੀ ਹੈ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵੀ ਬਹੁਤੇ ਪ੍ਰੋਫ਼ੈਸਰ ਕੱਚੇ ਹੀ ਹਨ। ਕਿਸੇ ਨੂੰ ਐਡਹਾਕ ਕਿਹਾ ਜਾਂਦਾ ਹੈ, ਕਿਸੇ ਨੂੰ ਕੰਟਰੈਕਟ ’ਤੇ, ਕਿਸੇ ਨੂੰ ਗੈਸਟ ਫੈਕਲਟੀ। ਸੰਸਥਾਵਾਂ ਦੀ ਬਹੁਤੀ ਟੇਕ ਹੁਣ ਗੈਸਟ ਫੈਕਲਟੀ ਉੱਪਰ ਹੀ ਹੈ, ਤਾਂ ਕਿ ਫੈਕਲਟੀ ਨੂੰ ਆਪਣੇ ਕਰਮਚਾਰੀਆਂ ਵਿੱਚ ਗਿਣਨਾ ਹੀ ਨਾ ਪਵੇ ਤੇ ਕੰਮ ਉਸ ਕੋਲੋਂ ਸਾਰੇ ਲਵੋ। ਵੱਡੀ ਸਮੱਸਿਆ ਇਹ ਵੀ ਹੈ ਕਿ ਜੋ ਸਿਸਟਮ ਵਿੱਚ ਉੱਚ ਅਹੁਦਿਆਂ ਉੱਪਰ ਬੈਠੇ ਹਨ ਉਹ ਸੁਧਾਰ ਚਾਹੁੰਦੇ ਹੀ ਨਹੀਂ।

ਅੱਜ ਲੰਮਾ ਸਮਾਂ ਬੀਤਣ ਬਾਅਦ ਮੇਰੇ ਹਮ ਉਮਰ ਸਾਥੀ ਆਪਣੇ ਮਾਪਿਆਂ ਦਾ ਸਹਾਰਾ ਬਣਨ ਯੋਗ ਨਹੀਂ ਹੋ ਸਕੇ। ਬਹੁਤਿਆਂ ਦੇ ਵਿਆਹ ਨਹੀਂ ਹੋਏ। ਜਿਨ੍ਹਾਂ ਦੇ ਹੋਏ ਹਨ, ਉਹ ਪਰਿਵਾਰ ਵਧਾਉਣ ਤੋਂ ਡਰਦੇ ਹਨ ਕਿਉਂਕਿ ਨਿਗੂਣੀਆਂ ਤਨਖ਼ਾਹਾਂ ਨਾਲ ਗੁਜ਼ਾਰਾ ਨਹੀਂ ਹੋ ਰਿਹਾ। ਉੱਚੀਆਂ ਡਿਗਰੀਆਂ, ਦਸ-ਦਸ ਸਾਲਾਂ ਦਾ ਤਜਰਬਾ ਉਨ੍ਹਾਂ ਦੀਆਂ ਖ਼ੁਦ ਦੀਆਂ ਲੋੜਾਂ ਨਹੀਂ ਪੂਰੀਆਂ ਕਰ ਸਕਦਾ। ਅਜਿਹੇ ਕੱਚੇ ਪ੍ਰੋਫ਼ੈਸਰ ਆਪਣੇ ਵਿਦਿਆਰਥੀਆਂ ਲਈ ਕੀ ਆਦਰਸ਼ ਸਿਰਜਣਗੇ? ਉੱਚ ਸਿੱਖਿਆ ਸੰਸਥਾਵਾਂ ਵਿੱਚ ਦਾਖ਼ਲ ਹੋਣ ਲਈ ਆਉਂਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਦੇ ਭੋਲੇਪਣ ਉੱਪਰ ਤਰਸ ਆਉਂਦਾ ਹੈ। ਸਮਝ ਨਹੀਂ ਆਉਂਦੀ, ਅਧਿਆਪਕ ਹੋਣ ਦੇ ਨਾਤੇ ਅਸੀਂ ਉਨ੍ਹਾਂ ਦਾ ਜੀਵਨ ਬਣਾ ਰਹੇ ਹਾਂ ਜਾਂ ਉਨ੍ਹਾਂ ਨੂੰ ਗੁਮਰਾਹ ਕਰ ਰਹੇ ਹਾਂ।

ਸਿੱਖਿਆ ਖੇਤਰ ਦੇ ਇਸ ਮਾੜੇ ਯੁੱਗ ਦਾ ਆਰੰਭ ਵੀਹਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿੱਚ ਬੰਨ੍ਹਿਆਂ ਗਿਆ ਜਦੋਂ ਸਰਕਾਰਾਂ ਨੇ ਸਿੱਖਿਆ ਸੁਧਾਰਾਂ ਦੇ ਨਾਂ ਉੱਪਰ ਸਿੱਖਿਆ ਤੰਤਰ ਨੂੰ ਨਿਰੋਲ ਵਪਾਰੀਆਂ ਦੇ ਹੱਥਾਂ ਵਿੱਚ ਦੇ ਦਿੱਤਾ। ਪਿਛਲੇ ਸਮਿਆਂ ਦੌਰਾਨ ਅਧਿਆਪਕ ਯੂਨੀਅਨ ਕੋਝੀਆਂ ਰਾਜਨੀਤਕ ਚਾਲਾਂ ਹੇਠ ਵੱਖ-ਵੱਖ ਵਰਗਾਂ ਵਿੱਚ ਵੰਡੀ ਗਈ। ਮਿਲਿਆ ਕੀ? ਸਿਰਫ਼ ਲਾਰੇ ਅਤੇ ਕੋਝਾ ਸਿੱਖਿਆ-ਤੰਤਰ। ਅੱਜ ਅਸੀਂ ਖ਼ਤਰਨਾਕ ਸਮਿਆਂ ਵਿੱਚੋਂ ਲੰਘ ਰਹੇ ਹਾਂ। ਕੇਵਲ ਅਧਿਆਪਕ ਹੀ ਨਹੀਂ, ਇਹ ਵਿਦਿਆਰਥੀਆਂ ਅਤੇ ਪੂਰੇ ਸਮਾਜ ਲਈ ਜਾਗਣ ਦਾ ਵੇਲਾ ਹੈ, ਨਹੀਂ ਤਾਂ ਸਾਡੇ ਕੋਲ ਸਿੱਖਿਆ ਦੇ ਨਾਂ ਉੱਪਰ ਇਸ ਦੀ ਮਿੱਥ ਰਹਿ ਜਾਵੇਗੀ।

ਸੰਪਰਕ : 94631-53296

# ਵਿੱਦਿਆ ਤੀਜਾ ਨੇਤਰ

ਲਗਨ ਜਿਨ੍ਹਾਂ ਨੂੰ ਲੱਗੀ ਹੁੰਦੀ,
ਵਿੱਦਿਆ ਹਾਸਲ ਕਰਕੇ ਰਹਿੰਦੇ ।
ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।

ਦੌਲਤ ਵਾਲੀ ਪੂੰਜੀ ਤਾਈਂ,
ਲੋਕੀਂ ਲੁੱਟ-ਲੁੱਟ ਕੇ ਨਹੀਂ ਅੱਕਦੇ ।
ਵਿੱਦਿਆ ਐਸੀ ਦੌਲਤ ਹੈ ਇੱਕ,
ਜਿਸ ਨੂੰ ਚੋਰ ਚੁਰਾ ਨਹੀਂ ਸਕਦੇ ।
ਇਹ ਦੌਲਤ ਵਿੱਦਿਆ ਦੀ ਐਸੀ,
ਵਧ ਜਾਏ ਤਾਂ ਵੀ ਛਾਪੇ ਨਹੀਂ ਪੈਂਦੇ ।
ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।

ਜੋ ਵਿਦਿਆ ਨੂੰ ਪੜ੍ਹ ਲੈਂਦੇ ਨੇ,
ਕਰਦੇ ਉਹ ਸਮਾਜ ਦੀ ਸੇਵਾ ।
ਲੋਕਾਂ ਦਾ ਉਹ ਪੁੰਨ ਖੱਟਦੇ ਨੇ,
ਨਾਲੇ ਆਪੂੰ ਖਾਂਦੇ ਮੇਵਾ ।
ਪੂੰਜੀ ਘਾਟੇ ਖਾ ਜਾਂਦੀ ਏ,
ਵਿੱਦਿਆ ਵਿੱਚ ਨਾ ਘਾਟੇ ਪੈਂਦੇ।
ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।

ਧਨ ਦੌਲਤ ਦੇ ਨਾਲ ਇਹ ਬੰਦਾ,
ਕੇਵਲ ਆਪਣਾ ਭਲਾ ਹੀ ਚਾਹੁੰਦਾ ।
ਵਿੱਦਿਆ ਵਾਲੀ ਦੌਲਤ ਦੇ ਨਾਲ,
ਬੇੜੇ ਪਾਰ ਕਈਆਂ ਦੇ ਲਾਉਂਦਾ ।
ਤਾਹੀਉਂ ਤਾਂ ਇਹ ਜੱਗ ਵਾਲੇ ਵੀ,
ਇਸ ਨੂੰ ਪਰਉਪਕਾਰੀ ਕਹਿੰਦੇ ।
ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।



ਜੇਕਰ ਅੱਜ ਅਸੀਂ ਹਾਂ ਚਾਹੁੰਦੇ,
ਬੱਚੇ ਸਭ ਦੇ ਹੀ ਪੜ੍ਹ ਜਾਵਣ ।
ਐਨੀ ਕਰਦੋ ਵਿੱਦਿਆ ਸਸਤੀ,
ਨੇਤਰ ਸਭ ਦੇ ਇਹ ਖੁੱਲ੍ਹ ਜਾਵਣ ।
ਸਾਰੇ ਹੀ ਜਦ ਪੜ੍ਹ ਜਾਵਣਗੇ,
ਫਿਰ ਨਾ ਮਾੜੀ ਸੰਗਤ ਬਹਿੰਦੇ ।
ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।

'ਜੱਸਿਆ' ਇਸ ਦੌਲਤ ਦਾ ਮੰਤਰ
ਪਹਿਲਾਂ ਆਪ ਖ਼ੂਬ ਪੜ੍ਹ ਜਾਉ ।
ਇਸ ਅਨਮੋਲ ਭੰਡਾਰੇ 'ਚੋਂ ਫਿਰ,
ਵੰਡ-ਵੰਡ ਵਿੱਦਿਆ ਪੁੰਨ ਕਮਾਉ ।
ਵੰਡਣ ਨਾਲ ਇਹ ਵਧ ਜਾਂਦੀ ਏ,
ਬਖ਼ਸ਼ੀ ਦੌਲਤ ਜੋ ਬਖਸ਼ਿੰਦੇ ।
ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।

ਵਿੱਦਿਆ ਵੀ ਇੱਕ ਨੇਤਰ ਹੈ,
ਤੀਜਾ ਨੇਤਰ ਜਿਸ ਨੂੰ ਕਹਿੰਦੇ ।

**ਜੈ ਸਿੰਘ 'ਜੱਸਾ'**
ਪ੍ਰਸ਼ਾਸਕ
ਮਾਨਾਂਵਾਲਾ ਕੰਪਲੈਕਸ (ਪਿੰਗਲਵਾੜਾ) ਅੰਮ੍ਰਿਤਸਰ।
ਸੰਪਰਕ 97814-01142, 99150-38294

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

**ਨਿਵਾਸ ਅਤੇ ਸੰਭਾਲ :**

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **30 ਜੂਨ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।

**ਬ੍ਰਾਂਚਾਂ ਦਾ ਵੇਰਵਾ :**

| ਬ੍ਰਾਂਚ | ਮਰੀਜ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਨਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਨਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਨਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿੱਥੇ ਬਨਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।



**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੁੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ

ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**3. ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-** ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ :-** ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ:-**ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ:-** ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।



**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**4. ਵਾਤਾਵਰਣ ਜਾਗਰੂਕਤਾ :-**

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**5. ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ । ਇਸ ਛਾਪੇਖ਼ਾਨੇ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲਿਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**6. ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ



ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara—A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜ਼ੀ ਫ਼ਿਲਮ 'ਸ਼ੁਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ **"ਏਹੁ ਜਨਮ ਤੁਮ੍ਾਰੇ ਲੇਖੇ"** ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regional Department) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖ਼ਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ**
ਪ੍ਰਧਾਨ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | Oriental Bank of Commerce, Sangrur. | 05392191038081 | ORBC0100539 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK**<br>**(UK Charity No. 1178004)**<br>**756 Bath Road, Cranford, Hounslow, Middlesex**<br>**TW5 9TY UK**<br>**Ph. (+44) 203 439 4440 Email: info@pingalwara.org.uk**<br>**S. GURBAKHSH SINGH**<br>**63 PEACOCK STREET, GRAVESEND, KENT,**<br>**DA12 1EG**<br>**U.K. (PH. 01474-568574)** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI,**<br>**Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ